ਕੌਮਾਂਤਰੀ www.amritsartimes.com

ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 24 | Issue 253| 11 to 17 Nov. 2026 | Ph.: (+91) 175-291-2461 | Email: asrtimes@gmail.com



“ਬਦਲਦੇ ਮੌਸਮ ਦੇ ਨਾਲ ਹੀ ਬਦਲ ਰਹੇ ਨੇ ਸਿਆਸਤ ਦੇ ਰੰਗ”

ਪੰਜ ਸੂਬਿਆਂ ਵਿੱਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਰਾਜਸੀ ਆਗੂਆਂ ਦੀਆਂ ਬਦਲ ਰਹੀਆਂ ਨੇ ਵ.ਫ਼ਾਦਾਰੀਆਂ

ਕੀ ਅਕਾਲੀ ਦਲ ਬਾਦਲ ਨੂੰ ਮਜ਼ਬੂਤ ਕਰੇਗੀ ਬਾਗੀ ਆਗੂਆਂ ਦੀ ‘ਘਰ ਵਾਪਸੀ’ ?

ਜਗਮੋਹਨ ਸਿੰਘ ਲੱਕੀ

ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਜਿੱਥੇ ਮੌਸਮ ਬਦਲ ਰਿਹਾ ਹੈ,ਉੱਥੇ ਸਿਆਸਤ ਦੇ ਰੰਗ ਵੀ ਲਗਾਤਾਰ ਬਦਲ ਰਹੇ ਹਨ। ਇਸ ਦੇ ਨਾਲ ਹੀ ਸਿਆਸੀ ਆਗੂਆਂ ਦੀਆਂ ਵਫ਼ਾਦਾਰੀਆਂ ਵੀ ਬਦਲ ਰਹੀਆਂ ਹਨ, ਜਿਸ ਕਾਰਨ ‘ਹਲਕੀ ਠੰਡ’ ਦੇ ਮੌਸਮ ਦੌਰਾਨ ਪੰਜਾਬ ਦੀ ਰਾਜਨੀਤੀ ਵਿੱਚ ‘ਤੇਜ਼ ਗਰਮੀ’ ਆ ਗਈ ਹੈ।

ਲੰਘੇ ਦਿਨੀਂ ਪੰਜਾਬ ਦੀ ਸਿਆਸਤ ਵਿੱਚ ਉਸ ਸਮੇਂ ਵੱਡੀ ਹਲਚਲ ਵੇਖਣ ਨੂੰ ਮਿਲੀ, ਜਦੋਂ ਸਾਬਕਾ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਅਕਾਲੀ ਦਲ ਪੁਨਰ ਸੁਰਜੀਤ ਨੂੰ ਅਲਵਿਦਾ ਕਹਿ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਉਹ ਆਪਣੀ ਪੁਰਾਣੀ ਪਾਰਟੀ ਅਕਾਲੀ ਦਲ ਬਾਦਲ ਵਿੱਚ ਸ਼ਾਮਲ ਹੋ ਗਏ। ਪ੍ਰੋ. ਚੰਦੂਮਾਜਰਾ ਪਹਿਲਾਂ ਵੀ ਅਕਾਲੀ ਦਲ ਬਾਦਲ ਦੇ ਸੀਨੀਅਰ ਆਗੂ ਸਨ ਪਰ ਹੋਰਨਾਂ ਬਾਗੀ ਅਕਾਲੀ ਆਗੂਆਂ ਸਮੇਤ ਉਹ ਵੀ ਬਾਦਲ ਦਲ ਤੋਂ ਬਾਗੀ ਹੋ ਕੇ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਸ਼ਾਮਲ ਹੋ ਗਏ ਸਨ, ਪਰ ਹੁਣ ਉਹ ਮੁੜ ਬਾਦਲ ਦਲ ਵਿੱਚ ਸ਼ਾਮਲ ਹੋ ਕੇ ਪੰਥਕ ਏਕਤਾ ਦਾ ਹੋਕਾ ਦੇ ਰਹੇ ਹਨ। ਪ੍ਰੋ. ਚੰਦੂਮਾਜਰਾ ਦੇ ਦਲ ਬਦਲੀ ਕਰਨ ਦੀਆਂ ਖ਼ਬਰਾਂ ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਅਕਾਲੀ ਦਲ ਪੁਨਰ ਸੁਰਜੀਤ ਦੀ ਮਹਿਲਾ ਆਗੂ ਬੀਬੀ ਜਗੀਰ ਕੌਰ ਵੱਲੋਂ ਵੀ ਅਕਾਲੀ ਦਲ ਪੁਨਰ ਸੁਰਜੀਤ ਨੂੰ ਅਲਵਿਦਾ ਕਹਿ ਕੇ ਅਗਲੇ ਦਿਨਾਂ ਦੌਰਾਨ ਬਾਦਲ ਦਲ ਵਿੱਚ ਸ਼ਾਮਲ ਹੋਣ ਦੀ ਚਰਚਾ ਹੋਣ ਲੱਗੀ ਹੈ। ਬੀਬੀ ਜਗੀਰ ਕੌਰ ਕਹਿ ਰਹੇ ਹਨ ਕਿ ਪੰਜਾਬ ਵਿੱਚ ‘ਪੰਥਕ ਸਰਕਾਰ’ ਬਣਾਉਣ ਲਈ ਅਕਾਲੀ ਦਲ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ।

ਇਸ ਤੋਂ ਪਹਿਲਾਂ ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ, ਸਮਾਣਾ ਤੋਂ ਵਿਧਾਇਕ ਚੇਤਨ ਸਿੰਘ ਜੋੜਾਮਾਜਰਾ ਅਤੇ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਜਿਸ ਕਾਰਨ ਪੰਜਾਬ ਦੀ ਸਿਆਸਤ ਦਾ ਮਾਹੌਲ ਕਾਫ਼ੀ ਭਖਿਆ ਹੋਇਆ ਹੈ। ਇਹ ਤਿੰਨੇ ਵਿਧਾਇਕ ਪਹਿਲਾਂ ਆਮ ਆਦਮੀ ਪਾਰਟੀ ਦੀਆਂ ਟਿਕਟਾਂ ’ਤੇ ਵਿਧਾਨ ਸਭਾ ਚੋਣਾਂ ਜਿੱਤੇ ਸਨ। ਇਸ ਤੋਂ ਕੁਝ ਸਮਾਂ ਪਹਿਲਾਂ ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰ ਭਾਜਪਾ ਵਿੱਚ ਜਾ ਰਲੇ ਸਨ। ਹਕੀਕਤ ਤਾਂ ਇਹ ਹੈ ਕਿ ਪੰਜਾਬ ਦੇ ਸਿਆਸੀ ਆਗੂਆਂ ਦੀ ਆਪਣੀਆਂ ਪਾਰਟੀਆਂ ਪ੍ਰਤੀ ਕਦੇ ਵੀ ਵਫ਼ਾਦਾਰੀ ਪੱਕੀ ਨਹੀਂ ਰਹੀ। ਪੰਜਾਬ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਹਮੇਸ਼ਾ ਦਲ ਬਦਲ ਕੇ ਸਿਆਸੀ ਮੌਜਾਂ ਮਾਣਦੇ ਰਹੇ ਹਨ। 1996 ਵਿੱਚ ਕੈਪਟਨ ਅਮਰਿੰਦਰ ਸਿੰਘ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ ਅਤੇ ਉਹ 10 ਸਾਲ ਪੰਜਾਬ ਦੇ ਮੁੱਖ ਮੰਤਰੀ ਰਹੇ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਤੋਂ ਤੋੜ ਵਿਛੋੜਾ ਕਰਨ ਵਾਲੇ ਮਨਪ੍ਰੀਤ ਸਿੰਘ ਬਾਦਲ ਵੀ ਕਾਂਗਰਸ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਪੰਜ ਸਾਲ ਤੱਕ ਖ਼ਜ਼ਾਨਾ ਮੰਤਰੀ ਦੀ ਕੁਰਸੀ ਸਾਂਭਣ ਦਾ ਮੌਕਾ ਮਿਲਿਆ। ਇਸ ਸਮੇਂ ਮਨਪ੍ਰੀਤ ਸਿੰਘ ਬਾਦਲ ਭਾਜਪਾ ਦੇ ਆਗੂ ਹਨ। ਸਾਬਕਾ ਮੰਤਰੀ ਬਲਵੰਤ ਸਿੰਘ ਰਾਮੂੰਵਾਲੀਆ ਵੀ ਦੋ ਵਾਰ ਦਲ ਬਦਲੀ ਕਰ ਕੇ ਪੰਜਾਬ ਅਤੇ ਯੂ.ਪੀ. ਵਿੱਚ ਮੰਤਰੀ ਦੀ ਕੁਰਸੀ ਹਾਸਲ ਕਰਨ ਵਿੱਚ ਸਫ਼ਲ ਰਹੇ। ਭਾਜਪਾ ਆਗੂ ਹੰਸ ਰਾਜ ਹੰਸ ਨੇ ਪਹਿਲਾਂ ਅਕਾਲੀ ਦਲ ਅਤੇ ਫ਼ਿਰ ਕਾਂਗਰਸ ਨੂੰ ਅਲਵਿਦਾ ਕਹਿ ਕੇ ਭਾਜਪਾ ਦੀ ਬਾਂਹ ਫ਼ੜੀ ਅਤੇ ਸਿੱਧਾ ਲੋਕ ਸਭਾ ਵਿੱਚ ਪਹੁੰਚ ਗਏ ਸਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਕਾਂਗਰਸ ਦੇ ਵੱਡੇ ਆਗੂ ਸਨ ਪਰ ਉਨ੍ਹਾਂ ਨੇ 2014 ਵਿੱਚ ਆਮ ਆਦਮੀ ਪਾਰਟੀ ਵਿੱਚ ਜਾਣ ਦਾ ਫ਼ੈਸਲਾ ਕਰ ਲਿਆ। ਉਹ ਦੋ ਵਾਰ ਵਿਧਾਇਕ ਚੁਣੇ ਗਏ ਅਤੇ ਇਸ ਵੇਲੇ ਉਹ ਪੰਜਾਬ ਵਿਧਾਨ ਸਭਾ ਦੇ ਸਪੀਕਰ ਹਨ।

ਸੁਖਪਾਲ ਸਿੰਘ ਖਹਿਰਾ ਨੂੰ ਵੀ ਕਾਂਗਰਸ ਛੱਡਣੀ ਕਾਫ਼ੀ ਰਾਸ ਆਈ ਸੀ ਅਤੇ ਉਹ ਪਹਿਲੀ ਵਾਰ ਪੰਜਾਬ ਵਿੱਚ ਵਿਰੋਧੀ ਧਿਰ ਦੇ ਨੇਤਾ ਬਣੇ ਸਨ। ਇਸ ਸਮੇਂ ਖਹਿਰਾ ਮੁੜ ਕਾਂਗਰਸ ਆਗੂ ਵਜੋਂ ਵਿਚਰ ਰਹੇ ਹਨ। ਗੁਰਪ੍ਰੀਤ ਸਿੰਘ ਕਾਂਗੜ ਨੇ ਅਕਾਲੀ ਦਲ ਨੂੰ ਛੱਡ ਕੇ ਕਾਂਗਰਸ ਦਾ ਪੱਲਾ ਫ਼ੜਿਆ ਸੀ ਅਤੇ ਉਹ ਪੰਜਾਬ ਵਿੱਚ ਬਿਜਲੀ ਮੰਤਰੀ ਬਣਨ ਵਿੱਚ ਸਫ਼ਲ ਹੋ ਗਏ ਸਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪਹਿਲੀ ਚੋਣ ਕਾਂਗਰਸ ਦੀ ਟਿਕਟ ਤੋਂ ਲੜੀ ਸੀ ਪਰ ਬਾਅਦ ਵਿੱਚ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਅਤੇ ਲਗਾਤਾਰ ਪੰਜ ਵਾਰ ਮੁੱਖ ਮੰਤਰੀ ਬਣਨ ਦਾ ਮਾਣ ਹਾਸਲ ਕੀਤਾ। ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਵੀ ਦਲ ਬਦਲ ਕੇ ਉਮੀਦਵਾਰ ਵੱਡੀ ਗਿਣਤੀ ਵਿੱਚ ਚੋਣ ਮੈਦਾਨ ਵਿੱਚ ਸਨ ਜਿਨ੍ਹਾਂ ਵਿੱਚ ਰਵਨੀਤ ਬਿੱਟੂ, ਸੁਸ਼ੀਲ ਕੁਮਾਰ ਰਿੰਕੂ, ਮਹਾਰਾਣੀ ਪ੍ਰਨੀਤ ਕੌਰ ਆਦਿ ਪ੍ਰਮੁੱਖ ਤੌਰ ’ਤੇ ਸ਼ਾਮਿਲ ਸਨ।

ਵੱਖ-ਵੱਖ ਸਿਆਸੀ ਆਗੂਆਂ ਦੀ ਦਲ ਬਦਲੀ ਨੇ ਸਿਆਸਤ ਗੰਧਲੀ ਕੀਤੀ ਹੈ ਅਤੇ ਇਸ ਵਾਰ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਨਤੀਜੇ ਦਲ ਬਦਲੂਆਂ ਦੇ ਖ਼ਿਲਾਫ਼ ਵੀ ਆ ਸਕਦੇ ਹਨ।ਸਿਆਸੀ ਮਾਹਿਰ ਕਹਿ ਰਹੇ ਹਨ ਕਿ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਦਲ ਬਦਲੀ ਕਰਨ ਦਾ ਰੁਝਾਨ ਨਵਾਂ ਨਹੀਂ ਹੈ ਸਗੋਂ ਕਾਫ਼ੀ ਸਮੇਂ ਤੋਂ ਦਲ ਬਦਲੀਆਂ ਦਾ ਰੁਝਾਨ ਜਾਰੀ ਹੈ। ਪੰਜ ਰਾਜਾਂ ’ਚ ਵਿਧਾਨ ਸਭਾ ਚੋਣਾਂ ਦਾ ਬਿਗਲ ਵੱਜਣ ਤੋਂ ਪਹਿਲਾਂ ਹੀ ਸਿਆਸੀ ਆਗੂਆਂ ਦੇ ਦਲ-ਬਦਲਣ ਦਾ ਜੋ ਸਿਲਸਿਲਾ ਸ਼ੁਰੂ ਹੋ ਗਿਆ ਹੈ। ਉਹ ਆਉਣ ਵਾਲੇ ਦਿਨਾਂ ’ਚ ਇਹ ਹੋਰ ਤੇਜ਼ ਹੋਵੇਗਾ। ਇਹ ਅੰਕੜਾ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਸ਼ਰਮਨਾਕ ਹੋਣਾ ਚਾਹੀਦਾ ਹੈ ਕਿ 2022 ਤੋਂ ਹੁਣ ਤੱਕ 111 ਤੋਂ ਵਧੇਰੇ ਸੰਸਦ ਮੈਂਬਰ ਅਤੇ ਵਿਧਾਇਕ ਦਲ-ਬਦਲੀ ਕਰ ਚੁੱਕੇ ਹਨ ਪਰ ਸਿਆਸੀ ਗਲਿਆਰਿਆਂ ’ਚ ਇਸ ਨੂੰ ਲੈ ਕੇ ਕਿਸੇ ਦੇ ਮੱਥੇ ’ਤੇ ਸ਼ਿਕਨ ਤੱਕ ਨਜ਼ਰ ਨਹੀਂ ਆਉਂਦੀ। ਐਸੋਸੀਏਸ਼ਨ ਫ਼ਾਰ ਡੈਮੋਕ੍ਰੈਟਿਕ ਰਿਫ਼ਾਰਮਜ਼ (ਏ.ਡੀ.ਆਰ.) ਦੇ ਉਪਰੋਕਤ ਅੰਕੜੇ ਦੱਸਦੇ ਹਨ ਕਿ ਸਿਆਸੀ ਪਾਰਟੀਆਂ ਤੇ ਆਗੂਆਂ ਦੀ ਸੱਤਾ ਦੀ ਲਾਲਸਾ ਹੁਣ ਇੱਕ ਘਾਤਕ ਬਿਮਾਰੀ ਬਣ ਕੇ ਲੋਕਤੰਤਰ ਨੂੰ ਖੋਖਲਾ ਕਰ ਰਹੀ ਹੈ। ਦਲ-ਬਦਲੀ ਦੀ ਵਧਦੀ ਬਿਮਾਰੀ ਲਈ ਕਿਸੇ ਇੱਕ ਪਾਰਟੀ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਪਰ ਇਸ ਤੋਂ ਸਿਆਸੀ ਲਾਹਾ ਲੈਣ ਤੋਂ ਵੀ ਕਿਸੇ ਨੇ ਗੁਰੇਜ਼ ਨਹੀਂ ਕੀਤਾ। ਕੇਂਦਰ ਵਿੱਚ ਸਰਕਾਰ ਚਲਾ ਰਹੀ ਭਾਜਪਾ ਅਤੇ ਪੰਜਾਬ ’ਚ ਸੱਤਾਧਾਰੀ ਆਮ ਆਦਮੀ ਪਾਰਟੀ ਵੀ ਅਨੇਕਾਂ ਆਗੂਆਂ ਨੂੰ ਦਲ ਬਦਲੀ ਕਰਵਾ ਕੇ ਆਪਣੇ ਆਗੂ ਬਣਾ ਚੁੱਕੀਆਂ ਹਨ, ਜਿਸ ਕਾਰਨ ਕਿਹਾ ਜਾ ਸਕਦਾ ਹੈ ਕਿ ਕੇਂਦਰ ਅਤੇ ਸੂਬਿਆਂ ਵਿੱਚ ਰਾਜ ਕਰ ਰਹੀਆਂ ਸਿਆਸੀ ਪਾਰਟੀਆਂ ਵੀ ਹੋਰਨਾਂ ਪਾਰਟੀਆਂ ਵਿੱਚ ਸੰਨ ਲਗਾਉਣ ਨੂੰ ਹਮੇਸ਼ਾ ਤਿਆਰ ਰਹਿੰਦੀਆਂ ਹਨ ਅਤੇ ਹੋਰਨਾਂ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਦਾਣਾ ਪਾ ਕੇ ਉਹਨਾਂ ਨੂੰ ਦਲ ਬਦਲੀ ਲਈ ਉਤਸ਼ਾਹਿਤ ਕਰਦੀਆਂ ਹਨ। ਸਿਆਸਤ ’ਚ ਸੱਤਾ ਦੀ ਲਾਲਸਾ ਇੱਕ ਹਕੀਕਤ ਬਣ ਗਈ ਹੈ। ਬਹੁਤੇ ਆਗੂ ਸਿਰਫ਼ ਸੱਤਾ ’ਚ ਸਿੱਧੀ ਜਾਂ ਅਸਿੱਧੀ ਹਿੱਸੇਦਾਰੀ ਦਾ ਭਰੋਸਾ ਮਿਲਣ ਜਾਂ ਇਸ ਦੀ ਸੰਭਾਵਨਾ ਦਿਖਾਈ ਦੇਣ ’ਤੇ ਹੀ ਦਲ-ਬਦਲੀ ਜਾਂ ਪਾਲਾ ਬਦਲਦੇ ਹਨ। ਉਂਝ, ਵੱਡੇ ਆਗੂਆਂ ਦੀ ਦਲ-ਬਦਲੀ ਦੀ ਚਰਚਾ ਤਾਂ ਅਕਸਰ ਹੁੰਦੀ ਰਹਿੰਦੀ ਹੈ ਪਰ ਹੁਣ ਇਹ ਬਿਮਾਰੀ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਤੋਂ ਲੈ ਕੇ ਯੂਨੀਵਰਸਿਟੀਆਂ ’ਚ ਵਿਦਿਆਰਥੀ ਸੰਘ ਦੀਆਂ ਚੋਣਾਂ ਤੱਕ ਫ਼ੈਲ ਗਈ ਹੈ। ਸਪੱਸ਼ਟ ਹੈ ਕਿ ਜਦੋਂ ਤੱਕ ਸਿਆਸੀ ਪਾਰਟੀਆਂ ਤਤਕਾਲੀ ਲਾਭ ਲਈ ਦਲ-ਬਦਲੂਆਂ ’ਤੇ ਦਾਅ ਖੇਡਦੀਆਂ ਰਹਿਣਗੀਆਂ, ਉਦੋਂ ਤੱਕ ਦਲ-ਬਦਲੀ ਦੀ ਇਹ ਬਿਮਾਰੀ ਸਿਆਸੀ ਵਿਵਸਥਾ ਤੇ ਲੋਕਤੰਤਰ ਨੂੰ ਅੰਦਰੋਂ ਖੋਖਲਾ ਕਰਦੀ ਰਹੇਗੀ। ਸਿਆਸੀ ਮਾਹਿਰ ਕਹਿ ਰਹੇ ਹਨ ਕਿ ਭਾਰਤ ਦੇ ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਉਹ ਦਲ ਬਦਲੀ ਕਰਨ ਵਾਲੇ ਆਗੂਆਂ ਦੇ ਚੋਣ ਲੜਨ ’ਤੇ ਹੀ ਪਾਬੰਦੀ ਲਗਾ ਦੇਵੇ। ਆਉਂਦੇ ਦਿਨਾਂ ਦੌਰਾਨ ਇਹ ਵੀ ਵੇਖਣ ਵਾਲੀ ਗੱਲ ਹੋਵੇਗੀ ਕਿ ਦਲ ਬਦਲੀ ਕਰ ਚੁੱਕੇ ਸਿਆਸੀ ਨੇਤਾਵਾਂ ਨੂੰ ਆਮ ਲੋਕ ਕਿੰਨਾ ਕੁ ਹੁੰਗਾਰਾ ਭਰਦੇ ਹਨ ?





ਪੰਜਾਬ ਵਿੱਚ ਇਸ ਸਮੇਂ ਚੋਣ ਸਰਗਰਮੀਆਂ ਸਿਖਰਾਂ ’ਤੇ ਹਨ। ਦੂਜੇ ਪਾਸੇ ਇਹ ਵੀ ਹਕੀਕਤ ਹੈ ਕਿ ਪੰਜਾਬ ਵਿੱਚ ਅਜੇ ਅਗਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਚੋਣ ਕਮਿਸ਼ਨ ਵੱਲੋਂ ਕੋਈ ਐਲਾਨ ਨਹੀਂ ਕੀਤਾ ਗਿਆ। ਹਾਂ ! ਏਨਾ ਜ਼ਰੂਰ ਹੈ ਕਿ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਅਗਲੇ ਦਿਨਾਂ ਦੌਰਾਨ ਪੰਜਾਬ ਦਾ ਦੌਰਾ ਜ਼ਰੂਰ ਕਰਨਗੇ। ਇਸ ਤੋਂ ਇਲਾਵਾ ਆਉਂਦੇ ਦਿਨਾਂ ਦੌਰਾਨ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵੀ ਪੰਜਾਬ ਦਾ ਦੌਰਾ ਕਰਨ ਦੀ ਸੰਭਾਵਨਾ ਹੈ। ਜਿਸ ਕਾਰਨ ਪੰਜਾਬ ਵਿੱਚ ਭਾਜਪਾ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਚੋਣ ਮੁਹਿੰਮਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।



WHOLE HOME SOLAR & BATTERY
STARTING AT $25,000

For a standard 5kW Solar & 14kWh Battery system

Roof or main panel upgrades not included



Clear & Up-Front Pricing

High-Efficiency Components

Permits and Utility Approvals Included

Protect Existing NEM 2.0
(Via Non-Export Configuration)

CALL HARRY FOR A QUOTE | (925) 537-2732

Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.



ਸੋਨੀਆ ਦੀ ਜੀਵਨੀ ਨੇ ਮੁੜ ਛੇੜੀਆਂ ਪੰਜਾਬ ਦੇ ਦਰਦਨਾਕ ਦੌਰ ਦੀਆਂ ਯਾਦਾਂ

ਰਾਜੀਵ ਗਾਂਧੀ ਦੀ ਭੂਮਿਕਾ ਦਾ ਕੀਤਾ ਜ਼ਿਕਰ; ਫੂਲਕਾ ਨੇ ਸੋਨੀਆ 'ਤੇ ਲੋਕਾਂ ਨੂੰ ਗੁਮਰਾਹ ਕਰਨ ਦੇ ਲਾਏ ਦੋਸ਼

ਲੌਂਗੋਵਾਲ ਦਾ ਕਤਲ ਤੇ ਬਲੈਕ ਥੰਡਰ ਦੇ ਖ਼ੁਲਾਸੇ; 1984 ਦੇ ਦੰਗਿਆਂ 'ਤੇ ਵੀ ਤੋੜੀ ਚੁੱਪ

ਅੰਮ੍ਰਿਤਸਰ ਟਾਈਮਜ਼ ਬਿਊਰੋ

ਨਵੀਂ ਦਿੱਲੀ/ਏ.ਟੀ.ਨਿਊਜ਼ : ਕਾਂਗਰਸ ਸੰਸਦੀ ਪਾਰਟੀ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ 1980 ਦੇ ਦਹਾਕੇ ਦੇ ਅਖੀਰ ਵਿੱਚ ਖ਼ਾਲਿਸਤਾਨ ਲਹਿਰ ਅਤੇ ਪੰਜਾਬ ਵਿੱਚ ਅਸ਼ਾਂਤ ਸਾਲਾਂ ਨੂੰ ਮੁੜ ਯਾਦ ਕੀਤਾ ਹੈ।

ਜਿਸ ਵਿੱਚ ਰਾਜੀਵ ਗਾਂਧੀ ਦੇ ਜਨਮਦਿਨ 'ਤੇ ਅਕਾਲੀ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਤੋਂ ਲੈ ਕੇ ਏਅਰ ਇੰਡੀਆ ਦੇ ਜਹਾਜ਼ ਏ.ਆਈ.181 ਵਿੱਚ ਹੋਏ ਬੰਬ ਧਮਾਕੇ (ਜਿਸ ਵਿੱਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ) ਸ਼ਾਮਲ ਹੈ।

ਆਪਣੀ ਜੀਵਨੀ, 'ਬਿਲੌਂਗਿੰਗ: ਏ ਜਰਨੀ ਆਫ਼ ਲਵ' ਜੋ ਲੰਘੇ ਦਿਨੀਂ ਰਿਲੀਜ਼ ਹੋਈ, ਵਿੱਚ ਸੋਨੀਆ ਨੇ 1984 ਵਿੱਚ ਅਪਰੇਸ਼ਨ ਬਲੂ ਸਟਾਰ ਅਤੇ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪੰਜਾਬ ਸੰਕਟ ਨੂੰ ਹੱਲ ਕਰਨ ਲਈ ਰਾਜੀਵ ਦੇ ਦ੍ਰਿੜ੍ਹ ਸੰਕਲਪ, ਸ਼੍ਰੋਮਣੀ ਅਕਾਲੀ ਦਲ ਨਾਲ ਉਨ੍ਹਾਂ ਦੀ ਗੱਲਬਾਤ ਅਤੇ 1986 ਤੇ 1988 ਵਿੱਚ ਅਪਰੇਸ਼ਨ ਬਲੈਕ ਥੰਡਰ 1 ਅਤੇ 2 ਦੌਰਾਨ ਸੁਰੱਖਿਆ ਬਲਾਂ ਲਈ ਉਨ੍ਹਾਂ ਦੇ ਹੁਕਮਾਂ ਨੂੰ ਯਾਦ ਕੀਤਾ ਹੈ।

ਉਹ ਲਿਖਦੇ ਹਨ ਕਿ ਅਹੁਦਾ ਸੰਭਾਲਣ ਤੋਂ ਤੁਰੰਤ ਬਾਅਦ ਰਾਜੀਵ ਗਾਂਧੀ ਨੂੰ ਪੰਜਾਬ, ਅਸਾਮ, ਮਿਜ਼ੋਰਮ, ਤ੍ਰਿਪੁਰਾ ਅਤੇ ਦਾਰਜੀਲਿੰਗ ਦੀਆਂ ਪਹਾੜੀਆਂ ਵਿੱਚ ਗੰਭੀਰ ਅਸ਼ਾਂਤੀ ਦਾ ਸਾਹਮਣਾ ਕਰਨਾ ਪਿਆ। ਉਹ ਅਮਨ-ਚੈਨ ਕਾਇਮ ਕਰਨ ਲਈ ਕਾਂਗਰਸ ਦੇ ਸਿਆਸੀ ਹਿੱਤਾਂ ਦੀ ਕੁਰਬਾਨੀ ਦੇਣ ਲਈ ਵੀ ਤਿਆਰ ਸਨ, ਇੱਥੋਂ ਤੱਕ ਕਿ ਉਨ੍ਹਾਂ ਨੇ ਕੁਝ ਰਾਜਾਂ ਵਿੱਚ ਚੁਣੀਆਂ ਗਈਆਂ ਕਾਂਗਰਸ ਸਰਕਾਰਾਂ ਨੂੰ ਆਪਣੇ ਵਿਰੋਧੀਆਂ ਦੇ ਹੱਕ ਵਿੱਚ ਪਿੱਛੇ ਹਟਣ ਲਈ ਮਨਾ ਲਿਆ ਸੀ।ਜੀਵਨੀ ਅਨੁਸਾਰ ਰਾਜੀਵ ਨੇ ਸੰਸਦ ਵਿੱਚ ਕਿਹਾ ਸੀ, 'ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੌਣ ਜਿੱਤਦਾ ਹੈ ਅਤੇ ਕੌਣ ਹਾਰਦਾ ਹੈ। ਜੋ ਗੱਲ ਮਾਇਨੇ ਰੱਖਦੀ ਹੈ ਉਹ ਇਹ ਹੈ ਕਿ ਲੋਕਤੰਤਰ ਦਾ ਦੀਵਾ ਨਾ ਬੁਝੇ: ਜੋ ਮਾਇਨੇ ਰੱਖਦਾ ਹੈ ਉਹ ਇਹ ਹੈ ਕਿ ਭਾਰਤ ਜਿੱਤੇ।'ਸੋਨੀਆ ਲਿਖਦੇ ਹਨ ਕਿ ਅਪਰੇਸ਼ਨ ਬਲੂ ਸਟਾਰ ਅਤੇ ਆਪਣੀ ਮਾਂ ਦੇ ਕਤਲ ਦੇ ਆਲੇ-ਦੁਆਲੇ ਹੋਈ ਹਿੰਸਾ ਤੋਂ ਬਾਅਦ ਰਾਜੀਵ ਪੰਜਾਬ ਸੰਕਟ ਦਾ ਸਿਆਸੀ ਹੱਲ ਲੱਭਣ ਲਈ ਵਿਸ਼ੇਸ਼ ਤੌਰ 'ਤੇ ਦ੍ਰਿੜ੍ਹ ਸਨ।

ਪੰਜਾਬ ਦੀ ਸਿਆਸੀ ਲੀਡਰਸ਼ਿਪ ਨਾਲ ਡੂੰਘੀ ਗੱਲਬਾਤ ਤੋਂ ਬਾਅਦ, ਉਨ੍ਹਾਂ ਨੇ 24 ਜੁਲਾਈ, 1985 ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ 'ਪੰਜਾਬ ਸਮਝੌਤੇ' 'ਤੇ ਦਸਤਖਤ ਕੀਤੇ।

ਇਹ ਸਮਝੌਤਾ ਲੰਮੇ ਸਮੇਂ ਤੋਂ ਚੱਲੀ ਆ ਰਹੀ ਅਸ਼ਾਂਤੀ ਤੋਂ ਬਾਹਰ ਨਿਕਲਣ ਦਾ ਰਸਤਾ ਪੇਸ਼ ਕਰਦਾ ਜਾਪਦਾ ਸੀ। ਪਰ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਬਾਅਦ ਲੌਂਗੋਵਾਲ ਦਾ ਕਤਲ ਕਰ ਦਿੱਤਾ ਗਿਆ। ਸੋਨੀਆ ਗਾਂਧੀ ਨੇ ਯਾਦ ਕੀਤਾ ਕਿ 20 ਅਗਸਤ, ਰਾਜੀਵ ਦਾ 41ਵਾਂ ਜਨਮਦਿਨ, ਰਵਾਇਤੀ ਤੌਰ 'ਤੇ ਇੱਕ ਪਰਿਵਾਰਕ ਮੌਕਾ ਹੁੰਦਾ ਸੀ। ਉਹ ਉਨ੍ਹਾਂ ਦਾ ਮਨਪਸੰਦ ਖਾਣਾ ਬਣਾਉਂਦੇ ਸਨ, ਜਦੋਂ ਕਿ ਰਾਹੁਲ ਅਤੇ ਪ੍ਰਿਯੰਕਾ ਤਿਆਰੀਆਂ ਵਿੱਚ ਮਦਦ ਕਰਦੇ ਸਨ। ਜਨਮਦਿਨ ਦਾ ਕੇਕ ਅਤੇ ਕਸ਼ਮੀਰੀ ਮਿੱਠੇ ਚੌਲ ਜਸ਼ਨਾਂ ਦਾ ਹਿੱਸਾ ਹੁੰਦੇ ਸਨ।ਉਸ ਸ਼ਾਮ, ਪਰਿਵਾਰ ਅਜੇ ਰਾਤ ਦੇ ਖਾਣੇ ਲਈ ਬੈਠਾ ਹੀ ਸੀ ਕਿ ਸਟਾਫ ਦੇ ਇੱਕ ਮੈਂਬਰ ਨੇ ਅੰਦਰ ਆ ਕੇ ਰਾਜੀਵ ਨੂੰ ਇੱਕ ਨੋਟ ਫੜਾਇਆ। ਰਾਜੀਵ ਨੇ ਦੱਸਿਆ, 'ਸੰਤ ਲੌਂਗੋਵਾਲ ਮਾਰੇ ਗਏ ਹਨ,' ਅਤੇ ਆਪਣੇ ਦਫ਼ਤਰ ਲਈ ਤੁਰੰਤ ਨਿਕਲ ਗਏ।

ਸੋਨੀਆ ਯਾਦ ਕਰਦੇ ਹਨ ਕਿ ਪਰਿਵਾਰ ਆਪਣੀਆਂ ਪਲੇਟਾਂ ਵੱਲ ਵੇਖਦਾ ਰਹਿ ਗਿਆ, ਅੱਗੇ ਖਾਣ ਵਿੱਚ ਅਸਮਰੱਥ ਸੀ। ਰਾਹੁਲ ਅਤੇ ਪ੍ਰਿਯੰਕਾ ਵਾਰ-ਵਾਰ ਪੁੱਛ ਰਹੇ ਸਨ ਕਿ ਕੀ ਹੋਇਆ ਹੈ ਅਤੇ ਅੱਗੇ ਕੀ ਹੋਵੇਗਾ? ਸੋਨੀਆ ਨੇ ਉਨ੍ਹਾਂ ਨੂੰ ਕਿਹਾ, 'ਸਾਨੂੰ ਪਾਪਾ ਦੇ ਵਾਪਸ ਆਉਣ ਅਤੇ ਸਮਝਾਉਣ ਤੱਕ ਇੰਤਜ਼ਾਰ ਕਰਨਾ ਚਾਹੀਦਾ ਹੈ।'

ਉਹ ਲਿਖਦੇ ਹਨ ਕਿ ਉਨ੍ਹਾਂ ਨੂੰ ਡਰ ਸੀ ਕਿ ਇਹ ਕਤਲ ਸਿਰਫ਼ ਇੱਕ ਦੁਖਾਂਤ ਹੀ ਨਹੀਂ ਸੀ ਸਗੋਂ ਰਾਜੀਵ ਲਈ ਇੱਕ ਚਿਤਾਵਨੀ ਵੀ ਸੀ।ਰਾਜੀਵ ਨੇ ਬਾਅਦ ਵਿੱਚ ਉਨ੍ਹਾਂ ਨੂੰ ਦੱਸਿਆ ਕਿ ਲੌਂਗੋਵਾਲ ਨੂੰ ਸਿੱਖ ਖਾੜਕੂਆਂ ਨੇ ਬਿਲਕੁਲ ਨੇੜਿਓਂ ਗੋਲੀ ਮਾਰੀ ਸੀ ਅਤੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਉਨ੍ਹਾਂ ਦੀ ਮੌਤ ਹੋ ਗਈ ਸੀ।

ਸੋਨੀਆ ਗਾਂਧੀ ਨੇ ਲਿਖਿਆ ਕਿ ਰਾਜੀਵ ਇਸ ਕਤਲ ਤੋਂ ਕਾਫ਼ੀ ਦੁਖੀ ਸਨ, ਜਿਸ ਬਾਰੇ ਉਨ੍ਹਾਂ ਦਾ ਮੰਨਣਾ ਸੀ ਕਿ ਇਹ ਉਸ ਸਮਝੌਤੇ ਨੂੰ ਨਾਕਾਮ ਕਰਨ ਦੇ ਮਕਸਦ ਨਾਲ ਕੀਤਾ ਗਿਆ ਸੀ ਜਿਸ ਨੂੰ ਹਾਸਲ ਕਰਨ ਲਈ ਉਨ੍ਹਾਂ ਨੇ ਐਨੀ ਮਿਹਨਤ ਕੀਤੀ ਸੀ। (ਬਾਕੀ ਸ.ਫ਼ਾ 26 'ਤੇ)

ਸੋਨੀਆ ਗਾਂਧੀ ਨੇ ਦੇਸ਼ ਦੇ ਲੋਕਾਂ ਨੂੰ 'ਗੁਮਰਾਹ' ਕੀਤਾ : ਫੂਲਕਾ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਜਪਾ ਆਗੂ ਐੱਚ ਐੱਸ ਫੂਲਕਾ ਨੇ ਸੋਨੀਆ ਗਾਂਧੀ 'ਤੇ ਦੇਸ਼ ਦੇ ਲੋਕਾਂ ਨੂੰ 'ਗੁਮਰਾਹ' ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿੱਚ ਫ਼ੌਜ ਦੀ ਤਾਇਨਾਤੀ ਵਿੱਚ ਹੋਈ ਦੇਰ ਲਈ ਤਤਕਾਲੀ ਫ਼ੌਜ ਮੁਖੀ ਏ ਐੱਸ ਵੈਦਿਆ ਸਿਰ ਭਾਂਡਾ ਭੰਨ ਕੇ ਕਾਂਗਰਸੀ ਆਗੂ ਨੇ ਆਪਣੇ ਪਤੀ ਰਾਜੀਵ ਗਾਂਧੀ ਨੂੰ 'ਕਲੀਨ ਚਿੱਟ' ਦਿੱਤੀ ਹੈ।



ਇਥੇ ਭਾਜਪਾ ਹੈੱਡ ਕੁਆਰਟਰ ਉੱਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫੂਲਕਾ, ਜੋ ਸੁਪਰੀਮ ਕੋਰਟ ਵਿੱਚ ਪੀੜਤਾਂ ਦੇ ਕੇਸ ਲੜ ਰਹੇ ਹਨ, ਨੇ ਦਾਅਵਾ ਕੀਤਾ ਕਿ ਗਾਂਧੀ ਵੱਲੋਂ ਆਪਣੀ ਕਿਤਾਬ ਵਿੱਚ ਕੀਤਾ ਗਿਆ ਖ਼ੁਲਾਸਾ ਕਿ 'ਵੈਦਿਆ ਨੂੰ ਕਤਲ ਵਾਲੀ ਰਾਤ ਹੀ ਹੁਕਮ ਮਿਲ ਗਏ ਸਨ' ਅਤੇ ਉਨ੍ਹਾਂ ਨੇ ਨੇੜਲੀਆਂ ਟੁਕੜੀਆਂ ਨੂੰ ਤਾਇਨਾਤ ਨਾ ਕਰਨ ਦਾ ਫ਼ੈਸਲਾ ਕੀਤਾ ਕਿਉਂਕਿ ਉਨ੍ਹਾਂ ਵਿੱਚ ਸਿੱਖ ਫ਼ੌਜੀ ਸਨ, ਤੇ ਫ਼ੌਜੀ ਰਿਕਾਰਡ ਦੇ ਉਲਟ ਦੇਹਰਾਦੂਨ ਤੋਂ ਟੁਕੜੀਆਂ ਮੰਗਵਾਈਆਂ।


ਭਾਜਪਾ ਆਗੂ ਨੇ ਦਾਅਵਾ ਕੀਤਾ, "ਜਨਰਲ ਵੈਦਿਆ ਨੇ ਇਹ ਕਦੇ ਨਹੀਂ ਕਿਹਾ ਕਿ ਉਨ੍ਹਾਂ ਨੂੰ ਰਾਜੀਵ ਗਾਂਧੀ ਜਾਂ ਪ੍ਰਧਾਨ ਮੰਤਰੀ ਵੱਲੋਂ ਕੋਈ ਹਦਾਇਤਾਂ ਮਿਲੀਆਂ ਸਨ। ਜਨਰਲ ਵੈਦਿਆ ਨੇ ਕਿਹਾ ਸੀ ਕਿ ਉਨ੍ਹਾਂ ਨੇ ਦਿੱਲੀ ਵਿੱਚ (ਫ਼ੌਜੀ ਟੁਕੜੀਆਂ ਦੀ ਉਪਲਬਧਤਾ ਬਾਰੇ) ਖ਼ੁਦ ਪਤਾ ਕੀਤਾ ਸੀ। ਉਨ੍ਹਾਂ ਨੇ ਇਸ ਬਾਰੇ ਦਿੱਲੀ ਦੇ ਜੀ ਓ ਸੀ ਤੋਂ ਪੁੱਛਿਆ ਸੀ, ਜਿਨ੍ਹਾਂ ਨੇ ਉਨ੍ਹਾਂ ਨੂੰ ਦੱਸਿਆ ਕਿ ਸੀ ਫ਼ੌਜ ਦੇ 6000 ਜਵਾਨ ਉਪਲਬਧ ਸਨ। ਇਸ ਤੋਂ ਇਲਾਵਾ, ਜਨਰਲ ਵੈਦਿਆ ਨੇ ਮੇਰਠ ਤੋਂ ਵੀ ਫ਼ੌਜੀ ਟੁਕੜੀਆਂ ਮੰਗਵਾਈਆਂ ਸਨ, ਜੋ 31 ਅਕਤੂਬਰ, 1984 ਦੀ ਰਾਤ ਨੂੰ ਦਿੱਲੀ ਪਹੁੰਚ ਗਈਆਂ ਸਨ।"

1984 ਦਾ ਸਿੱਖ ਕਤਲੇਆਮ ਇਤਿਹਾਸ ਦਾ ਦੁਖਦਾਈ ਤੇ ਸ਼ਰਮਨਾਕ ਅਧਿਆਇ: ਸੋਨੀਆ

ਭਾਜਪਾ 'ਤੇ ਜਮਹੂਰੀ ਸੰਸਥਾਵਾਂ ਨੂੰ 'ਯੋਜਨਾਬੱਧ ਢੰਗ ਨਾਲ ਤਬਾਹ' ਕਰਨ ਦਾ ਲਾਇਆ ਦੋਸ਼

ਨਵੀਂ ਦਿੱਲੀ/ਏ.ਟੀ.ਨਿਊਜ਼ : ਕਾਂਗਰਸ ਆਗੂ ਸੋਨੀਆ ਗਾਂਧੀ ਨੇ 1984 ਦੇ ਸਿੱਖ ਕਤਲੇਆਮ (ਕਿਤਾਬ ਮੁਤਾਬਕ ਸਿੱਖ ਵਿਰੋਧੀ ਦੰਗੇ) ਨੂੰ ਦੇਸ਼ ਦੇ ਇਤਿਹਾਸ ਦਾ ਦੁਖਦਾਈ ਅਤੇ ਸ਼ਰਮਨਾਕ ਅਧਿਆਇ ਦੱਸਿਆ ਹੈ। ਗਾਂਧੀ ਨੇ ਕਿਹਾ ਕਿ ਉਨ੍ਹਾਂ ਦੇ ਪਤੀ (ਮਰਹੂਮ) ਰਾਜੀਵ ਗਾਂਧੀ ਦੇ ਦਿਲ ਵਿੱਚ ਕੱਟੜਤਾ ਜਾਂ ਨਫ਼ਰਤ ਨਹੀਂ ਸੀ, ਪਰ ਉਹ ਇਤਿਹਾਸ ਦੇ ਅਜਿਹੇ ਦੌਰ ਵਿੱਚ ਆ ਗਏ ਜਦੋਂ ਪ੍ਰਭਾਵਸ਼ਾਲੀ ਸ਼ਾਸਨ ਪ੍ਰਣਾਲੀ ਨਾਕਾਮ ਹੋ ਗਈ ਅਤੇ ਇਸ ਮਗਰੋਂ ਬੇਰਹਿਮ ਘਟਨਾਵਾਂ ਵਾਪਰੀਆਂ। ਗਾਂਧੀ ਨੇ ਇਹ ਗੱਲਾਂ ਆਪਣੀ ਲੰਘੇ ਦਿਨੀਂ ਰਿਲੀਜ਼ ਹੋਈ 526 ਸਫ਼ਿਆਂ ਦੀ ਆਤਮ-ਕਥਾ 'ਬਿਲੌਂਗਿੰਗ: ਏ ਜਰਨੀ ਆਫ ਲਵ' ਵਿੱਚ ਕੀਤੀਆਂ ਹਨ। ਇਹ ਕਿਤਾਬ ਹਾਰਪਰ ਕੌਲਿਨਜ਼ ਇੰਡੀਆ ਨੇ ਪ੍ਰਕਾਸ਼ਿਤ ਕੀਤੀ ਹੈ।ਸੋਨੀਆ ਗਾਂਧੀ ਨੇ ਕਿਤਾਬ ਵਿੱਚ ਮੋਦੀ ਸਰਕਾਰ ਅਧੀਨ ਦੇਸ਼ ਦੀ ਭਿਆਨਕ ਤਸਵੀਰ ਪੇਸ਼ ਕਰਦਿਆਂ ਕਿਹਾ ਕਿ ਪਿਛਲੇ ਇੱਕ ਦਹਾਕੇ ਦੌਰਾਨ ਭਾਰਤ ਉਨ੍ਹਾਂ ਮੁਲਕਾਂ ਦੀ ਸੂਚੀ ਵਿੱਚ ਬਹੁਤ ਹੇਠਾਂ ਆ ਗਿਆ ਹੈ ਜਿਨ੍ਹਾਂ ਨੂੰ ਉਦਾਰਵਾਦੀ ਜਮਹੂਰੀਅਤ ਮੰਨਿਆ ਜਾਂਦਾ ਹੈ। ਉਨ੍ਹਾਂ ਭਾਜਪਾ ਉੱਤੇ ਜਮਹੂਰੀ ਸੰਸਥਾਵਾਂ ਨੂੰ 'ਯੋਜਨਾਬੱਧ ਢੰਗ ਨਾਲ ਤਬਾਹ' ਕਰਨ ਦਾ ਦੋਸ਼ ਲਾਇਆ। ਉਨ੍ਹਾਂ ਖ਼ੁਲਾਸਾ ਕੀਤਾ ਕਿ ਜਦੋਂ ਉਹ ਤੇ ਮੋਦੀ ਆਹਮੋ-ਸਾਹਮਣੇ ਆਉਂਦੇ ਹਨ, ਤਾਂ ਮੋਦੀ ਅਕਸਰ ਨਜ਼ਰਾਂ ਮਿਲਾਉਣ ਤੋਂ ਬਚਦੇ ਹੋਏ ਆਪਣਾ ਮੂੰਹ ਦੂਜੇ ਪਾਸੇ ਕਰ ਲੈਂਦੇ ਹਨ।

ਗਾਂਧੀ ਨੇ ਕਿਹਾ ਕਿ ਜਿਸ ਦਿਨ ਇੰਦਰਾ ਗਾਂਧੀ ਦੀ ਹੱਤਿਆ ਹੋਈ, ਰਾਜੀਵ ਗਾਂਧੀ ਨੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਮਗਰੋਂ ਉਸੇ ਰਾਤ ਕੌਮੀ ਟੈਲੀਵਿਜ਼ਨ 'ਤੇ ਸ਼ਾਂਤੀ ਬਣਾ ਕੇ ਰੱਖਣ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਵਜੋਂ ਇਹ ਉਨ੍ਹਾਂ ਦਾ ਪਹਿਲਾ ਜਨਤਕ ਕੰਮ ਸੀ। ਗਾਂਧੀ ਨੇ ਕਿਤਾਬ 'ਚ ਲਿਖਿਆ ਕਿ ਰਾਜੀਵ ਨੇ ਮਗਰੋਂ ਪਾਰਲੀਮੈਂਟ ਵਿੱਚ ਕਿਹਾ, "ਨਵੰਬਰ 1984 ਦਾ ਭਿਆਨਕ ਖ਼ੂਨ-ਖ਼ਰਾਬਾ ਅਜਿਹਾ



ਕਤਲੇਆਮ ਸੀ ਜੋ ਸਾਰੇ ਨੇਕ ਭਾਰਤੀਆਂ ਦੀ ਜ਼ਮੀਰ 'ਤੇ ਹਮੇਸ਼ਾ ਲਈ ਬੋਝ ਬਣਿਆ ਰਹੇਗਾ। ਇਹ ਬਹੁਤ ਹੀ ਦੁਖਦਾਈ ਅਤੇ ਤਕਲੀਫ਼ਦੇਹ (ਸੱਤਾ) ਤਬਦੀਲੀ ਦੌਰਾਨ ਵਾਪਰਿਆ ਸੀ। ਇਹ ਕੋਈ ਅਜਿਹੀ ਗੱਲ ਨਹੀਂ ਹੈ ਜੋ ਇਸ ਘਟਨਾ ਦੀ ਗੰਭੀਰਤਾ ਨੂੰ ਘਟਾ ਸਕੇ। ਅਸੀਂ ਖ਼ੁਦ ਨੂੰ ਮੁਆਫ਼ ਨਹੀਂ ਕਰ ਸਕਦੇ। ਅਜਿਹਾ ਕਦੇ ਨਹੀਂ ਵਾਪਰਨਾ ਚਾਹੀਦਾ ਸੀ।"

ਸੋਨੀਆ ਨੇ ਦਾਅਵਾ ਕੀਤਾ ਕਿ 1984 ਵਿੱਚ ਅਪਰੇਸ਼ਨ ਨੀਲਾ ਤਾਰਾ ਦੌਰਾਨ ਖ਼ੌਫ਼ਨਾਕ ਤਸਵੀਰਾਂ ਦੇਖ ਕੇ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਅੱਖਾਂ ਵਿੱਚ ਦਰਦ, ਪਛਤਾਵੇ ਤੇ ਦੁੱਖ ਦੇ ਹੰਝੂ ਸਨ।

ਉਨ੍ਹਾਂ ਆਪਣੇ ਦਿਓਰ ਸੰਜੈ ਗਾਂਧੀ ਨੂੰ 'ਕਾਹਲੀ ਵਿੱਚ ਰਹਿਣ ਵਾਲੇ ਵਿਅਕਤੀ' ਵਜੋਂ ਦਰਸਾਉਂਦੇ ਹੋਏ ਕਿਹਾ ਕਿ ਐਮਰਜੈਂਸੀ ਦੌਰਾਨ ਫ਼ੈਸਲੇ ਲੈਣ ਦੇ ਅਮਲ ਵਿੱਚ ਉਸ ਦੀ 'ਅਹਿਮ ਭੂਮਿਕਾ' ਸੀ। ਹਾਲਾਂਕਿ ਸਿਆਸੀ ਦਖ਼ਲਅੰਦਾਜ਼ੀ ਦੇ ਕੁਝ ਮਾਮਲਿਆਂ ਵਿੱਚ ਉਨ੍ਹਾਂ ਕੋਲ ਕੋਈ ਸੰਵਿਧਾਨਕ ਅਧਿਕਾਰ ਜਾਂ ਆਧਾਰ ਨਹੀਂ ਸੀ। ਸੋਨੀਆ ਨੇ ਕਿਤਾਬ ਵਿੱਚ ਆਪਣੀ ਦਰਾਣੀ ਮੇਨਕਾ ਗਾਂਧੀ ਨਾਲ ਅਣਬਣ ਤੇ ਪਾਰਟੀ ਵਿਰੋਧੀ ਸਰਗਰਮੀਆਂ ਉੱਤੇ ਵੀ ਰੌਸ਼ਨੀ ਪਾਈ। ਉਨ੍ਹਾਂ ਰਾਹੁਲ ਗਾਂਧੀ ਤੋਂ ਪਹਿਲਾਂ ਪੈਦਾ ਹੋਏ ਆਪਣੇ ਪਲੇਠੇ ਪੁੱਤ ਦੀ ਗੱਲ ਵੀ ਕੀਤੀ, ਜੋ ਮਸਾਂ ਇੱਕ ਦਿਨ ਦਾ ਮਹਿਮਾਨ ਸੀ। ਰਾਜੀਵ ਤੇ ਸੰਜੈ ਨੇ ਮਗਰੋਂ ਉਸ ਨੂੰ ਆਪਣੇ ਪਿਤਾ ਦੇ ਮਹਿਰੌਲੀ ਸਥਿਤ ਫਾਰਮਹਾਊਸ 'ਚ ਦਫ਼ਨਾਇਆ।

ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੁਣਿਆ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਦੇਸ਼ ਉਨ੍ਹਾਂ (ਮਨਮੋਹਨ ਸਿੰਘ) ਦੇ ਹੱਥਾਂ ਵਿੱਚ ਸੁਰੱਖਿਅਤ ਹੈ। ਗਾਂਧੀ ਨੇ ਆਪਣੀ ਆਤਮ-ਕਥਾ ਵਿੱਚ ਤਤਕਾਲੀ ਪ੍ਰਧਾਨ ਮੰਤਰੀ (ਮਰਹੂਮ) ਅਟਲ ਬਿਹਾਰੀ ਵਾਜਪਾਈ ਨੂੰ ਵੀ ਯਾਦ ਕੀਤਾ। ਉਨ੍ਹਾਂ ਕਿਹਾ ਕਿ ਜਦੋਂ 13 ਦਸੰਬਰ 2001 ਨੂੰ ਸੰਸਦ 'ਤੇ ਦਹਿਸ਼ਤੀ ਹਮਲਾ ਹੋਇਆ ਤਾਂ ਡਰੀ ਹੋਈ ਸੋਨੀਆ ਗਾਂਧੀ ਨੇ ਵਾਜਪਾਈ ਨੂੰ ਫੋਨ ਕਰ ਕੇ ਉਨ੍ਹਾਂ ਦੀ ਸੁਰੱਖਿਆ ਬਾਰੇ ਪੁੱਛਿਆ। ਗਾਂਧੀ ਨੇ ਕਿਤਾਬ ਵਿੱਚ ਗੁਜਰਾਤ ਦੰਗਿਆਂ ਦੀ ਤ੍ਰਾਸਦੀ ਅਤੇ ਆਪਣੇ ਤੋਂ ਪਹਿਲੇ ਕਾਂਗਰਸ ਪ੍ਰਧਾਨ ਸੀਤਾਰਾਮ ਕੇਸਰੀ ਨੂੰ ਵੀ ਯਾਦ ਕੀਤਾ ਹੈ।

ਟਰੰਪ ਪ੍ਰਸ਼ਾਸਨ ਤੋਂ ਬਾਹਰ ਆਉਂਦਿਆਂ ਹੀ ਹਰਮੀਤ ਕੌਰ ਢਿੱਲੋਂ ਦੇ ਸਖ਼ਤ ਬੋਲ

ਸਿੱਖ ਧਰਮ ਖ਼ਿਲਾਫ਼ ਨਫ਼ਰਤ 'ਤੇ ਹੁਣ ਨਹੀਂ ਰਹਾਂਗੀ ਚੁੱਪ

ਆਰ.ਐੱਨ.ਸੀ. 'ਚ ਸਿੱਖ ਅਰਦਾਸ 'ਤੇ ਹੋਏ ਵਿਰੋਧ ਖ਼ਿਲਾਫ਼ ਬੀਬੀ ਢਿੱਲੋਂ ਵੱਲੋਂ ਆਲੋਚਕਾਂ ਨੂੰ ਦਿੱਤਾ ਠੋਕਵਾਂ ਜਵਾਬ

ਅਮਰੀਕਾ ਦੇ ਸਾਬਕਾ ਸਹਾਇਕ ਅਟਾਰਨੀ ਜਨਰਲ ਅਤੇ ਉੱਘੀ ਸਿੱਖ-ਅਮਰੀਕੀ ਵਕੀਲ ਹਰਮੀਤ ਕੌਰ ਢਿੱਲੋਂ ਨੇ ਆਪਣੇ ਧਰਮ ਅਤੇ ਅਰਦਾਸ ਨੂੰ ਲੈ ਕੇ ਹੋ ਰਹੇ ਹਮਲਿਆਂ ਖ਼ਿਲਾਫ਼ ਖੁੱਲ੍ਹ ਕੇ ਅਵਾਜ਼ ਚੁੱਕੀ ਹੈ। ਡੋਨਾਲਡ ਟਰੰਪ ਪ੍ਰਸ਼ਾਸਨ ਦਾ ਹਿੱਸਾ ਰਹਿ ਚੁੱਕੀ ਹਰਮੀਤ ਢਿੱਲੋਂ ਨੇ ਸੋਸ਼ਲ ਮੀਡੀਆ ਮੰਚ 'ਐਕਸ' (ਪਹਿਲਾਂ ਟਵਿੱਟਰ) 'ਤੇ ਇੱਕ ਲੰਮੀ ਪੋਸਟ ਸਾਂਝੀ ਕਰਦਿਆਂ ਸਪੱਸ਼ਟ ਕਿਹਾ ਸੀ ਕਿ ਸਰਕਾਰ ਵਿੱਚ ਰਹਿੰਦਿਆਂ ਉਨ੍ਹਾਂ ਦੇ ਹੱਥ ਬੱਝੇ ਹੋਏ ਸਨ, ਪਰ ਹੁਣ ਉਹ ਆਪਣੇ ਧਰਮ ਅਤੇ ਪਛਾਣ ਖ਼ਿਲਾਫ਼ ਹੋ ਰਹੀ ਨਫ਼ਰਤ 'ਤੇ ਬਿਲਕੁਲ ਚੁੱਪ ਨਹੀਂ ਬੈਠਣਗੇ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੇ ਮਰਹੂਮ ਪਤੀ ਨਾਲ ਹੋਈ ਆਖ਼ਰੀ ਗੱਲਬਾਤ ਦਾ ਭਾਵੁਕ ਵੇਰਵਾ ਵੀ ਸਾਂਝਾ ਕੀਤਾ।

ਸਰਕਾਰ ਵਿੱਚ ਹੋਣ ਕਾਰਨ ਬੱਝੇ ਸਨ ਹੱਥ

ਹਰਮੀਤ ਕੌਰ ਢਿੱਲੋਂ ਨੇ ਦੱਸਿਆ ਕਿ ਪਿਛਲੇ ਦੋ ਸਾਲਾਂ ਦੌਰਾਨ ਜਨਤਕ ਤੌਰ 'ਤੇ ਆਪਣੇ ਸਿੱਖ ਧਰਮ ਦਾ ਪ੍ਰਗਟਾਵਾ ਕਰਨ ਕਰਕੇ ਉਨ੍ਹਾਂ ਨੂੰ ਕਾਫ਼ੀ ਨਫ਼ਰਤ ਅਤੇ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਲੋਕਾਂ ਨੇ ਉਨ੍ਹਾਂ ਦੀ ਅਰਦਾਸ ਦਾ ਮਜ਼ਾਕ ਉਡਾਇਆ ਅਤੇ ਸਿੱਖੀ ਬਾਰੇ ਬੁਰਾ-ਭਲਾ ਕਿਹਾ, ਤਾਂ ਉਨ੍ਹਾਂ ਨੂੰ ਡੂੰਘੀ ਸੱਟ ਵੱਜੀ ਸੀ। ਉਸ ਸਮੇਂ ਉਹ ਸਿਆਸੀ ਮੁਹਿੰਮਾਂ ਅਤੇ ਬਾਅਦ ਵਿੱਚ ਸਰਕਾਰੀ ਪ੍ਰਸ਼ਾਸਨ ਦੀਆਂ ਪੁਸ਼ਟੀ ਪ੍ਰਕਿਰਿਆਵਾਂ ਨਾਲ ਜੁੜੀ ਹੋਈ ਸੀ, ਜਿਸ ਕਾਰਨ ਨਿਯਮਾਂ ਵਿੱਚ ਬੱਝੇ ਹੋਣ ਕਰਕੇ ਉਹ ਜਵਾਬ ਨਹੀਂ ਦੇ ਸਕੀ। ਹੁਣ ਪ੍ਰਸ਼ਾਸਨ ਤੋਂ ਬਾਹਰ ਆਉਣ ਤੋਂ ਬਾਅਦ ਉਨ੍ਹਾਂ ਐਲਾਨ ਕੀਤਾ, "ਸਭ ਖ਼ਤਮ ਹੋ ਗਿਆ ਹੈ। ਹੁਣ ਮੈਂ ਹੋਰ ਚੁੱਪ ਨਹੀਂ ਰਹਾਂਗੀ।

ਪਤੀ ਨਾਲ ਹੋਈ ਆਖ਼ਰੀ ਭਾਵੁਕ ਗੱਲਬਾਤ ਦਾ ਖ਼ੁਲਾਸਾ

ਆਪਣੀ ਪੋਸਟ ਵਿੱਚ ਹਰਮੀਤ ਢਿੱਲੋਂ ਨੇ ਆਪਣੇ ਸਵਰਗਵਾਸੀ ਪਤੀ ਸਰਵਜੀਤ ਸਿੰਘ ਰੰਧਾਵਾ (ਸਰਵ ਰੰਧਾਵਾ) ਨੂੰ ਯਾਦ ਕਰਦਿਆਂ ਇੱਕ ਭਾਵੁਕ ਪਲ ਸਾਂਝਾ ਕੀਤਾ। ਉਨ੍ਹਾਂ ਦੱਸਿਆ ਕਿ 2024 ਦੇ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਦੌਰਾਨ ਉਨ੍ਹਾਂ ਦੇ ਪਤੀ ਨੇ ਵੀ ਸ਼ਾਮਲ ਹੋਣਾ ਸੀ, ਪਰ ਉਹ ਕੈਂਸਰ ਅਤੇ ਪਾਰਕਿੰਸਨ ਵਰਗੀਆਂ ਦੋ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਸਨ। ਆਖ਼ਰੀ ਸਮੇਂ ਸਿਹਤ ਖ਼ਰਾਬ ਹੋਣ ਕਾਰਨ ਉਹ ਕਨਵੈਨਸ਼ਨ ਵਿੱਚ ਨਹੀਂ ਪਹੁੰਚ ਸਕੇ।

ਹਰਮੀਤ ਨੇ ਲਿਖਿਆ, "ਘਰ ਦੇ ਮੈਡੀਕਲ ਸਟਾਫ਼ ਨੇ ਉਨ੍ਹਾਂ ਦੀ ਦੇਖਭਾਲ ਕੀਤੀ, ਜਦਕਿ



ਉਨ੍ਹਾਂ ਨੇ ਟੀਵੀ 'ਤੇ ਮੈਨੂੰ ਸਾਡੀ ਸਿੱਖ ਪਰੰਪਰਾ ਅਨੁਸਾਰ ਅਰਦਾਸ ਕਰਦੇ ਵੇਖਿਆ।" ਉਨ੍ਹਾਂ ਦੱਸਿਆ ਕਿ ਘਰ ਵਿੱਚ ਵੀ ਹਰ ਵੇਲੇ ਖਾਣਾ ਖਾਣ ਤੋਂ ਪਹਿਲਾਂ ਉਹ ਦੋਵੇਂ ਰਲ ਕੇ ਅਰਦਾਸ ਕਰਦੇ ਸਨ। ਪਤੀ ਨੇ ਟੀਵੀ 'ਤੇ ਅਰਦਾਸ ਦੇਖਣ ਤੋਂ ਬਾਅਦ ਹਰਮੀਤ ਨੂੰ ਮੈਸੇਜ ਭੇਜਿਆ ਕਿ ਉਨ੍ਹਾਂ ਨੂੰ ਆਪਣੀ ਪਤਨੀ 'ਤੇ ਬਹੁਤ ਮਾਣ ਹੈ। ਇਹ ਸੁਨੇਹਾ ਉਨ੍ਹਾਂ ਦੋਵਾਂ ਵਿਚਾਲੇ ਹੋਈਆਂ ਆਖ਼ਰੀ ਗੱਲਾਂ ਵਿੱਚੋਂ ਇੱਕ ਸੀ, ਕਿਉਂਕਿ ਇਸ ਘਟਨਾ ਤੋਂ ਕਰੀਬ ਦੋ ਹਫ਼ਤੇ ਬਾਅਦ 2 ਅਗਸਤ 2024 ਨੂੰ ਸਰਵਜੀਤ ਸਿੰਘ ਰੰਧਾਵਾ ਦਾ ਦੇਹਾਂਤ ਹੋ ਗਿਆ।

ਆਰ.ਐਨ.ਸੀ. ਅਰਦਾਸ ਦਾ ਕੀ ਸੀ ਵਿਵਾਦ ?

15 ਜੁਲਾਈ 2024 ਨੂੰ ਮਿਲਵਾਕੀ ਵਿਖੇ ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਦੀ ਪਹਿਲੀ ਰਾਤ ਹਰਮੀਤ ਕੌਰ ਢਿੱਲੋਂ ਨੇ ਸਟੇਜ ਤੋਂ ਸਿੱਖ ਮਰਿਆਦਾ ਅਨੁਸਾਰ ਅਰਦਾਸ ਕੀਤੀ ਸੀ। ਉਨ੍ਹਾਂ ਨੇ ਸਿਰ ਢਕ ਕੇ ਸਰਬੱਤ ਦੇ ਭਲੇ, ਲੋਕਾਂ ਦੀ ਏਕਤਾ ਅਤੇ ਅਮਰੀਕਾ ਦੀ ਖ਼ੁਸ਼ਹਾਲੀ ਲਈ ਪ੍ਰਾਰਥਨਾ ਕੀਤੀ ਸੀ। ਨਾਲ ਹੀ, ਉਨ੍ਹਾਂ ਨੇ ਡੋਨਾਲਡ ਟਰੰਪ 'ਤੇ ਪੈਨਸਿਲਵੇਨੀਆ ਵਿੱਚ ਹੋਏ ਜਾਨਲੇਵਾ ਹਮਲੇ ਦੌਰਾਨ ਉਨ੍ਹਾਂ ਦੀ ਜਾਨ ਬਚਣ ਲਈ ਵਾਹਿਗੁਰੂ ਦਾ ਧੰਨਵਾਦ ਵੀ ਕੀਤਾ ਸੀ।

ਹਾਲਾਂਕਿ, ਇਸ ਤੋਂ ਬਾਅਦ ਅਮਰੀਕਾ ਦੇ ਕੁਝ ਕੱਟੜਪੰਥੀ ਇਸਾਈ ਅਤੇ ਕੰਜ਼ਰਵੇਟਿਵ ਵਰਗ ਵੱਲੋਂ ਇਸ ਦਾ ਤਿੱਖਾ ਵਿਰੋਧ ਸ਼ੁਰੂ ਹੋ ਗਿਆ। ਉਨ੍ਹਾਂ ਸਵਾਲ ਚੁੱਕੇ ਕਿ ਇੱਕ ਰਿਪਬਲਿਕਨ ਸਿਆਸੀ ਮੰਚ 'ਤੇ ਗ਼ੈਰ-ਇਸਾਈ ਅਰਦਾਸ ਕਿਉਂ ਸ਼ਾਮਲ ਕੀਤੀ ਗਈ। ਹਾਲ ਹੀ ਵਿੱਚ ਮਿਡਟਰਮ ਚੋਣਾਂ ਵਿੱਚ ਪਾਰਟੀ ਦੀ ਹਾਰ ਤੋਂ ਬਾਅਦ ਜਿਵੇਂ ਹੀ ਹਰਮੀਤ ਪ੍ਰਸ਼ਾਸਨ ਵਿੱਚੋਂ ਬਾਹਰ ਹੋਈ, ਤਾਂ ਕੱਟੜਪੰਥੀ 'ਮਾਗਾ' ਸਮਰਥਕਾਂ ਨੇ ਉਸ ਦੀ ਅਰਦਾਸ ਦੀ ਵੀਡੀਓ ਮੁੜ ਵਾਇਰਲ ਕਰਕੇ ਖ਼ੁਸ਼ੀ ਮਨਾਈ ਕਿ ਉਹ ਇਸਾਈ ਨਹੀਂ ਸੀ, ਇਸ ਲਈ ਚੰਗਾ ਹੋਇਆ ਉਹ ਬਾਹਰ ਹੋ ਗਈ। ਦੂਜੇ ਪਾਸੇ, ਵੱਡੀ ਗਿਣਤੀ ਲੋਕਾਂ ਨੇ ਹਰਮੀਤ ਦਾ ਸਮਰਥਨ ਕਰਦਿਆਂ ਕਿਹਾ ਕਿ ਅਮਰੀਕਾ ਵਿੱਚ ਹਰ ਧਰਮ ਨੂੰ ਬਰਾਬਰ ਆਜ਼ਾਦੀ ਹੈ।

ਅਮਰੀਕੀ ਸੰਵਿਧਾਨ ਅਤੇ ਧਾਰਮਿਕ ਆਜ਼ਾਦੀ ਦਾ ਹਵਾਲਾ

ਵਿਰੋਧ ਕਰਨ ਵਾਲਿਆਂ ਨੂੰ ਠੋਕਵਾਂ ਜਵਾਬ ਦਿੰਦਿਆਂ ਹਰਮੀਤ ਢਿੱਲੋਂ ਨੇ ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ ਦਾ ਹਵਾਲਾ ਦਿੱਤਾ, ਜੋ ਧਾਰਮਿਕ ਆਜ਼ਾਦੀ ਦੀ ਗਾਰੰਟੀ ਦਿੰਦੀ ਹੈ। ਉਨ੍ਹਾਂ ਕਿਹਾ, "ਮੇਰੇ ਵਿਰੋਧੀ ਜਾ ਕੇ ਪਹਿਲੀ ਸੋਧ ਪੜ੍ਹਨ ਅਤੇ ਪਿਛਲੇ 34 ਸਾਲਾਂ ਦਾ ਮੇਰਾ ਰਿਕਾਰਡ ਦੇਖਣ, ਜਿਸ ਦੌਰਾਨ ਮੈਂ ਹਰ ਧਰਮ ਦੇ ਲੋਕਾਂ ਦੇ ਹੱਕਾਂ ਦੀ ਰਾਖੀ ਕੀਤੀ ਹੈ।

ਹਰਮੀਤ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਹ ਸਾਰੀ ਉਮਰ ਸਾਰੇ ਧਰਮਾਂ ਦੀ ਆਜ਼ਾਦੀ ਲਈ ਲੜਦੀ ਰਹੇਗੀ, ਪਰ ਉਹ ਇੱਕ ਸਕਿੰਟ ਲਈ ਵੀ ਆਪਣੀ ਸਿੱਖ ਪਛਾਣ ਨੂੰ ਨਹੀਂ ਲੁਕਾਏਗੀ, ਕਿਉਂਕਿ ਅਮਰੀਕੀ ਸੰਵਿਧਾਨ ਉਨ੍ਹਾਂ ਨੂੰ ਆਪਣੇ ਧਰਮ 'ਤੇ ਚੱਲਣ ਦਾ ਪੂਰਾ ਹੱਕ ਦਿੰਦਾ ਹੈ।

(ਬਾਕੀ ਸਫ਼ਾ 27 'ਤੇ)

ਅਮਰੀਕਾ ਤੋਂ ਹੋਇਆ ਭਾਰਤੀਆਂ ਦਾ ਮੋਹ ਭੰਗ

ਚੰਗੇ ਭਵਿੱਖ ਲਈ ਭਾਰਤ ਤੋਂ ਅਮਰੀਕਾ ਜਾਣ ਵਾਲੇ ਵਿਦਿਆਰਥੀਆਂ ਦੀ ਘਟੀ ਗਿਣਤੀ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਉੱਚ ਸਿੱਖਿਆ ਲਈ ਜਾਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਇੱਕ ਸਾਲ ਦੇ ਅੰਦਰ 13.5 ਫੀਸਦੀ ਦੀ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਅਮਰੀਕੀ ਹੋਮਲੈਂਡ ਸਕਿਓਰਿਟੀ ਵਿਭਾਗ ਦੇ 'ਸਟੂਡੈਂਟ ਐਂਡ ਐਕਸਚੇਂਜ ਵਿਜ਼ੀਟਰ ਇਨਫਰਮੇਸ਼ਨ ਸਿਸਟਮ' ਦੁਆਰਾ ਜਾਰੀ ਅੰਕੜਿਆਂ ਅਨੁਸਾਰ, ਅਕਤੂਬਰ 2026 ਵਿੱਚ ਅਮਰੀਕਾ ਵਿੱਚ ਸਰਗਰਮ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘਟ ਕੇ 3,16,893 ਰਹਿ ਗਈ ਹੈ, ਜੋ ਕਿ ਅਕਤੂਬਰ 2025 ਵਿੱਚ 3,66,258 ਸੀ। ਇਸ ਤਰ੍ਹਾਂ ਇੱਕ ਸਾਲ ਦੇ ਅੰਦਰ 49,365 ਭਾਰਤੀ ਵਿਦਿਆਰਥੀ ਘਟੇ ਹਨ। ਇਸ ਗਿਰਾਵਟ ਦੇ ਬਾਵਜੂਦ ਭਾਰਤ ਅਮਰੀਕਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਬਣਿਆ ਹੋਇਆ ਹੈ।

ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ ਸਭ ਤੋਂ ਵੱਡੀ ਗਿਰਾਵਟ ਮਾਸਟਰਜ਼ ਪੱਧਰ 'ਤੇ ਦੇਖਣ ਨੂੰ ਮਿਲੀ ਹੈ, ਜਿੱਥੇ ਵਿਦਿਆਰਥੀਆਂ ਦੀ ਗਿਣਤੀ 2,92,929 ਤੋਂ ਘਟ ਕੇ 2,34,034 ਰਹਿ ਗਈ ਹੈ, ਜੋ ਕਿ ਲਗਭਗ 20 ਫੀਸਦੀ ਦੀ ਗਿਰਾਵਟ ਹੈ। ਦੂਜੇ ਪਾਸੇ, ਡਾਕਟਰੇਟ ਪੱਧਰ 'ਤੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 28,609 ਤੋਂ ਵਧ ਕੇ 41,729 ਹੋ ਗਈ ਹੈ। ਬੈਚਲਰਜ਼ ਡਿਗਰੀ ਦੇ ਵਿਦਿਆਰਥੀਆਂ ਦੀ ਗਿਣਤੀ ਅਕਤੂਬਰ 2025 'ਚ 38,522 ਸੀ, ਜੋ ਅਕਤੂਬਰ 2026 'ਚ ਘਟ ਕੇ 36,011 ਰਹਿ ਗਈ ਹੈ। ਕੁੱਲ ਭਾਰਤੀ ਵਿਦਿਆਰਥੀਆਂ ਵਿੱਚ 1,95,341 ਪੁਰਸ਼ ਅਤੇ 1,21,552 ਮਹਿਲਾਵਾਂ ਸ਼ਾਮਲ ਹਨ।

ਅੰਕੜਿਆਂ ਅਨੁਸਾਰ ਅਮਰੀਕਾ ਵਿੱਚ ਕੁੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 12,83,240 ਤੋਂ ਘਟ ਕੇ 11,92,572 ਰਹਿ ਗਈ ਹੈ, ਜਿਸ ਵਿੱਚ 7.1 ਫੀਸਦੀ ਦੀ ਗਿਰਾਵਟ ਆਈ ਹੈ। ਦੂਜੇ ਨੰਬਰ 'ਤੇ ਰਹਿਣ ਵਾਲੇ ਚੀਨੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੀ 10.2 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ, ਜੋ 2,45,038 ਤੋਂ ਘਟ ਕੇ 2,20,157 ਰਹਿ ਗਈ ਹੈ। ਅਮਰੀਕਾ ਵਿੱਚ ਕੁੱਲ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚ ਭਾਰਤ ਦੀ ਹਿੱਸੇਦਾਰੀ 28.5 ਫੀਸਦੀ ਤੋਂ ਘਟ ਕੇ 26.6 ਫੀਸਦੀ ਰਹਿ ਗਈ ਹੈ। ਇਸ ਤੋਂ ਇਲਾਵਾ ਨੇਪਾਲ ਦੇ ਸਰਗਰਮ ਵਿਦਿਆਰਥੀਆਂ ਦੀ ਗਿਣਤੀ ਵੀ 35,273 ਤੋਂ ਘਟ ਕੇ 33,992 ਰਹਿ ਗਈ ਹੈ।

ਰਿਪੋਰਟ ਅਨੁਸਾਰ, ਇਸ ਗਿਰਾਵਟ ਦਾ ਮੁੱਖ ਕਾਰਨ ਸਟੂਡੈਂਟ ਵੀਜ਼ਾ ਦੀ ਸਖ਼ਤ ਜਾਂਚ, ਪ੍ਰਸਤਾਵਿਤ ਨਵੀਆਂ ਫੀਸਾਂ ਅਤੇ ਇਮੀਗ੍ਰੇਸ਼ਨ ਨਿਯਮਾਂ 'ਚ ਕੀਤੀ ਜਾ ਰਹੀ ਸਖ਼ਤੀ ਹੈ।

ਅਮਰੀਕਾ ਜਾਣ ਵਾਲਿਆਂ ਨੂੰ ਹੁਣ ਭਰਨਾ ਪਵੇਗਾ ਸਿਹਤ ਘੋਸ਼ਣਾ ਪੱਤਰ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਜਾਣ ਵਾਲੇ ਸਾਰੇ ਅੰਤਰਰਾਸ਼ਟਰੀ ਹਵਾਈ ਯਾਤਰੀਆਂ ਲਈ ਅਮਰੀਕੀ ਸਿਹਤ ਏਜੰਸੀ 'ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ' ਨੇ ਇੱਕ ਨਵਾਂ ਨਿਯਮ ਲਾਗੂ ਕਰਨ ਦਾ ਐਲਾਨ ਕੀਤਾ ਹੈ। ਹੁਣ ਅਮਰੀਕਾ ਲਈ ਉਡਾਣ ਭਰਨ ਵਾਲੇ ਸਾਰੇ ਯਾਤਰੀਆਂ ਨੂੰ ਚੈੱਕ-ਇਨ ਜਾਂ ਬੋਰਡਿੰਗ ਸਮੇਂ ਇੱਕ ਵਿਸ਼ੇਸ਼ 'ਹੈਲਥ ਡੈਕਲੇਰੇਸ਼ਨ' ਮਤਲਬ ਸਿਹਤ ਘੋਸ਼ਣਾ ਪੱਤਰ 'ਤੇ ਦਸਤਖਤ ਕਰਨੇ ਪੈਣਗੇ। ਇਹ ਨਿਯਮ ਵਿਦੇਸ਼ ਦੇ ਕਿਸੇ ਵੀ ਹਵਾਈ ਅੱਡੇ ਤੋਂ ਅਮਰੀਕਾ ਜਾਣ ਵਾਲੀਆਂ ਸਾਰੀਆਂ ਉਡਾਣਾਂ 'ਤੇ ਲਾਗੂ ਹੋਵੇਗਾ, ਚਾਹੇ ਯਾਤਰਾ ਕਿਸੇ ਵੀ ਦੇਸ਼ ਤੋਂ ਸ਼ੁਰੂ ਹੋਈ ਹੋਵੇ।

ਕਾਂਗੋ ਵਿੱਚ ਫੈਲੇ ਇਬੋਲਾ ਦੇ ਪ੍ਰਕੋਪ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਗਿਆ ਹੈ। ਕਾਂਗੋ ਵਿੱਚ ਫੈਲੇ ਇਬੋਲਾ ਦੇ ਪ੍ਰਕੋਪ ਦੇ ਮੱਦੇਨਜ਼ਰ ਇਹ ਕਦਮ ਚੁੱਕਿਆ ਗਿਆ ਹੈ। ਡੈਕਲੇਰੇਸ਼ਨ ਫਾਰਮ ਵਿੱਚ ਹਰੇਕ ਯਾਤਰੀ ਨੂੰ ਇਹ ਪੁਸ਼ਟੀ ਕਰਨੀ ਪਵੇਗੀ ਕਿ ਉਹ ਪਿਛਲੇ 21 ਦਿਨਾਂ ਦੌਰਾਨ 'ਡੈਮੋਕ੍ਰੇਟਿਕ ਰਿਪਬਲਿਕ ਆਫ਼ ਕਾਂਗੋ' ਵਿੱਚ ਮੌਜੂਦ ਨਹੀਂ ਸਨ। ਸੀ.ਡੀ.ਸੀ. ਦੇ ਨਿਰਦੇਸ਼ਾਂ ਅਨੁਸਾਰ ਇਹ ਨਿਯਮ ਅਮਰੀਕੀ ਨਾਗਰਿਕਾਂ, ਪੱਕੇ ਨਿਵਾਸੀਆਂ, ਵਿਦੇਸ਼ੀ ਸੈਲਾਨੀਆਂ ਅਤੇ ਜਹਾਜ਼ ਦੇ ਕਰੂ ਮੈਂਬਰਾਂ ਸਾਰਿਆਂ 'ਤੇ ਸਮਾਨ ਰੂਪ ਵਿੱਚ ਲਾਗੂ ਹੁੰਦਾ ਹੈ। ਇਸ ਤੋਂ ਇਲਾਵਾ ਅਮਰੀਕੀ ਹਵਾਈ ਅੱਡਿਆਂ ਰਾਹੀਂ ਕਿਸੇ ਹੋਰ ਦੇਸ਼ ਜਾਣ ਵਾਲੇ ਕਨੈਕਟਿੰਗ ਯਾਤਰੀਆਂ ਅਤੇ ਪ੍ਰਾਈਵੇਟ ਜਹਾਜ਼ਾਂ 'ਤੇ ਵੀ ਇਹ ਨਿਯਮ ਲਾਗੂ ਹੋਵੇਗਾ।

ਕਾਂਗੋ, ਯੂਗਾਂਡਾ ਅਤੇ ਦੱਖਣੀ ਸੁਡਾਨ ਦੀ ਯਾਤਰਾ 'ਤੇ ਸਖ਼ਤ ਪਾਬੰਦੀਆਂ ਲਗਾਈਆਂ



ਗਈਆਂ ਹਨ। ਜਿਸ ਤਹਿਤ ਪਿਛਲੇ 21 ਦਿਨਾਂ ਦੌਰਾਨ ਕਾਂਗੋ ਦੀ ਯਾਤਰਾ ਕਰਨ ਵਾਲੇ ਕਿਸੇ ਵੀ ਵਿਅਕਤੀ ਭਾਵੇਂ ਉਹ ਅਮਰੀਕੀ ਨਾਗਰਿਕ ਹੋਵੇ ਨੂੰ ਅਮਰੀਕਾ ਜਾਣ ਵਾਲੀ ਫਲਾਈਟ ਵਿੱਚ ਚੜ੍ਹਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜੇਕਰ ਕਿਸੇ ਯਾਤਰੀ ਨੇ ਕਾਂਗੋ ਦੇ ਹਵਾਈ ਅੱਡੇ ਰਾਹੀਂ ਸਿਰਫ਼ ਕਨੈਕਟਿੰਗ ਫਲਾਈਟ ਵੀ ਲਈ ਹੈ, ਤਾਂ ਉਸ ਨੂੰ ਵੀ ਕਾਂਗੋ ਵਿੱਚ ਬਿਤਾਇਆ ਸਮਾਂ ਮੰਨਿਆ ਜਾਵੇਗਾ।

ਇਸੇ ਤਰ੍ਹਾਂ ਪਿਛਲੇ 21 ਦਿਨਾਂ ਦੌਰਾਨ ਯੂਗਾਂਡਾ ਜਾਂ ਦੱਖਣੀ ਸੁਡਾਨ ਦੀ ਯਾਤਰਾ ਕਰਨ ਵਾਲੇ ਗੈਰ-ਅਮਰੀਕੀ ਨਾਗਰਿਕਾਂ ਅਤੇ ਪੱਕੇ ਨਿਵਾਸੀਆਂ ਦੇ ਅਮਰੀਕਾ ਦਾਖਲੇ 'ਤੇ ਰੋਕ ਲਗਾਈ ਗਈ ਹੈ। ਇਨ੍ਹਾਂ ਦੇਸ਼ਾਂ ਤੋਂ ਵਾਪਸ ਆਉਣ ਵਾਲੇ ਅਮਰੀਕੀ ਨਾਗਰਿਕਾਂ ਨੂੰ ਨਿਰਧਾਰਿਤ ਹਵਾਈ ਅੱਡਿਆਂ 'ਤੇ ਵਿਸ਼ੇਸ਼ ਸਿਹਤ ਸਕ੍ਰੀਨਿੰਗ 'ਚੋਂ ਲੰਘਣਾ ਪਵੇਗਾ।

ਯਾਤਰੀ ਇਹ ਡੈਕਲੇਰੇਸ਼ਨ ਫਾਰਮ ਕਾਗਜ਼ੀ ਜਾਂ ਡਿਜੀਟਲ ਰੂਪ ਵਿੱਚ ਭਰ ਸਕਦੇ ਹਨ। 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਉਨ੍ਹਾਂ ਦੇ ਮਾਪੇ ਜਾਂ ਅਧਿਕਾਰਤ ਪ੍ਰਤੀਨਿਧੀ ਦਸਤਖਤ ਕਰ ਸਕਦੇ ਹਨ। ਡੈਕਲੇਰੇਸ਼ਨ ਫਾਰਮ ਨਾ ਦੇਣ ਵਾਲੇ ਯਾਤਰੀਆਂ ਨੂੰ ਜਹਾਜ਼ 'ਚ ਸਵਾਰ ਹੋਣ ਤੋਂ ਰੋਕ ਦਿੱਤਾ ਜਾਵੇਗਾ। ਜਾਣਬੁੱਝ ਕੇ ਗਲਤ ਜਾਣਕਾਰੀ ਦੇਣ 'ਤੇ ਅਪਰਾਧਿਕ ਮਾਮਲਾ ਦਰਜ ਹੋ ਸਕਦਾ ਹੈ। ਇਹ ਨਿਯਮ 18 ਦਸੰਬਰ 2026 ਤੱਕ ਲਾਗੂ ਰਹੇਗਾ। ਦੂਜੇ ਪਾਸੇ 'ਏਅਰਲਾਈਨਜ਼ ਫਾਰ ਅਮਰੀਕਾ' ਵਰਗੀਆਂ ਹਵਾਈ ਸੰਸਥਾਵਾਂ ਨੇ ਇੰਨੇ ਘੱਟ ਸਮੇਂ ਵਿੱਚ ਚੈੱਕ-ਇਨ ਸਿਸਟਮਾਂ ਅਤੇ ਡਿਜੀਟਲ ਦਸਤਖਤ ਪ੍ਰਕਿਰਿਆਵਾਂ ਨੂੰ ਅਪਡੇਟ ਕਰਨ ਵਿੱਚ ਆ ਰਹੀਆਂ ਵਿਹਾਰਕ ਮੁਸ਼ਕਿਲਾਂ ਬਾਰੇ ਚਿੰਤਾ ਪ੍ਰਗਟਾਈ ਹੈ।

ਕੋਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਸਿੱਖ ਲੰਗਰ ਪ੍ਰੰਪਰਾ ਨੇ ਬਰਤਾਨੀਆ ਵਿੱਚ ਵਧਾਇਆ ਦੇਸ਼ ਦਾ ਮਾਣ

ਮਾਨਵਤਾ ਦੀ ਨਿਸਵਾਰਥ ਸੇਵਾ: ਪਿਉ- ਧੀ ਨੂੰ 'ਗੁੱਡ ਸਿਟੀਜ਼ਨ ਐਵਾਰਡ'

30 ਭੋਜਨਾਂ ਤੋਂ ਸ਼ੁਰੂਆਤ ਕਰਕੇ ਹਫ਼ਤੇ ਦੇ 20,000 ਤੱਕ ਪਹੁੰਚੀ 'ਲੰਗਰ ਏਡ' ਦੀ ਸੇਵਾ



ਕੌਵੈਂਟਰੀ/ ਯੂ.ਕੇ./ ਏ.ਟੀ. ਨਿਊਜ਼.: ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਹਮੇਸ਼ਾ ਹੀ ਆਪਣੀ ਮਿਹਨਤ, ਇਮਾਨਦਾਰੀ ਅਤੇ ਸਭ ਤੋਂ ਵੱਧ ਮਾਨਵਤਾ ਦੀ ਸੇਵਾ ਦੇ ਜਜ਼ਬੇ ਨਾਲ ਆਪਣੇ ਦੇਸ਼ ਅਤੇ ਕੌਮ ਦਾ ਨਾਂਅ ਰੌਸ਼ਨ ਕੀਤਾ ਹੈ। ਬਰਤਾਨੀਆ (ਯੂ.ਕੇ.) ਦੇ ਕੌਵੈਂਟਰੀ ਸ਼ਹਿਰ ਤੋਂ ਇੱਕ ਬਹੁਤ ਹੀ ਮਾਣ ਵਾਲੀ ਅਤੇ ਦਿਲ ਨੂੰ ਛੂਹ ਲੈਣ ਵਾਲੀ ਖ਼ਬਰ ਸਾਹਮਣੇ ਆਈ ਹੈ। ਇੱਥੇ ਇੱਕ ਸਿੱਖ ਪਿਤਾ ਅਤੇ ਉਨ੍ਹਾਂ ਦੀ ਧੀ ਨੂੰ ਪਿਛਲੇ 10 ਸਾਲਾਂ ਤੋਂ ਬਿਨਾਂ ਕਿਸੇ ਭੇਦਭਾਵ ਦੇ ਲੋੜਵੰਦਾਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਵਾਉਣ ਲਈ ਕੌਵੈਂਟਰੀ ਸਿਟੀ ਕੌਂਸਲ ਵੱਲੋਂ ਵੱਕਾਰੀ 'ਗੁੱਡ ਸਿਟੀਜ਼ਨ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ ਹੈ।ਇਹ ਸਨਮਾਨ ਇੰਦਰਜੀਤ ਜੁਗਦੀ ਅਤੇ ਉਨ੍ਹਾਂ ਦੀ ਧੀ ਅਵਤਾਰ ਕੌਰ ਨੂੰ ਮਿਲਿਆ ਹੈ, ਜਿਨ੍ਹਾਂ ਨੇ ਮਿਲ ਕੇ 'ਲੰਗਰ ਏਡ' ਨਾਂ ਦੀ ਸੰਸਥਾ ਦੀ ਸ਼ੁਰੂਆਤ ਕੀਤੀ ਸੀ। ਇਸ ਛੋਟੇ ਜਿਹੇ ਉਪਰਾਲੇ ਨੇ ਸਮੇਂ ਦੇ ਨਾਲ ਇੰਨਾ ਵੱਡਾ ਰੂਪ ਧਾਰਨ ਕਰ ਲਿਆ ਹੈ ਕਿ ਸਿਰਫ਼ ਪਿਛਲੇ ਇੱਕ ਸਾਲ ਦੌਰਾਨ ਹੀ ਇਸ ਸੰਸਥਾ ਨੇ 10 ਲੱਖ ਤੋਂ ਵੱਧ ਲੋੜਵੰਦਾਂ ਨੂੰ ਖਾਣਾ ਪਰੋਸਿਆ ਹੈ।

ਸਫ਼ਰ ਦੀ ਸ਼ੁਰੂਆਤ: ਮਹਿਜ਼ 30 ਭੋਜਨਾਂ ਤੋਂ ਵਿਸ਼ਾਲ ਲਹਿਰ ਤੱਕ

ਕਿਸੇ ਵੀ ਵੱਡੇ ਕੰਮ ਦੀ ਸ਼ੁਰੂਆਤ ਅਕਸਰ ਛੋਟੇ ਕਦਮਾਂ ਨਾਲ ਹੁੰਦੀ ਹੈ। 'ਲੰਗਰ ਏਡ' ਦੀ ਕਹਾਣੀ ਵੀ ਕੁਝ ਅਜਿਹੀ ਹੀ ਹੈ। ਸਾਲ 2016 ਵਿੱਚ ਜਦੋਂ ਇਸ ਦੀ ਸ਼ੁਰੂਆਤ ਕੀਤੀ ਗਈ ਸੀ, ਤਾਂ ਸ਼ੁਰੂ-ਸ਼ੁਰੂ ਵਿੱਚ ਘਰ ਵਿੱਚ ਤਿਆਰ ਕੀਤਾ ਗਿਆ ਖਾਣਾ ਸ਼ਹਿਰ ਦੇ ਜੌਬ ਸੈਂਟਰ ਦੇ ਬਾਹਰ ਬੈਠੇ ਲੋੜਵੰਦਾਂ ਨੂੰ ਦਿੱਤਾ ਜਾਂਦਾ ਸੀ।ਉਦੋਂ ਹਫ਼ਤੇ ਵਿੱਚ ਸਿਰਫ਼ 30 ਦੇ ਕਰੀਬ ਭੋਜਨ ਹੀ ਪਰੋਸੇ ਜਾਂਦੇ ਸਨ।ਪਰ ਸਮਾਂ ਬਦਲਿਆ, ਲੋਕਾਂ ਦਾ ਸਾਥ ਮਿਲਿਆ ਅਤੇ ਇਸ ਸੇਵਾ ਨੇ ਇੱਕ ਵਿਸ਼ਾਲ ਰੂਪ ਧਾਰਨ ਕਰ ਲਿਆ। ਅੱਜ ਹਾਲਾਤ ਇਹ ਹਨ ਕਿ ਇਹ ਸੰਸਥਾ ਹਫ਼ਤੇ ਵਿੱਚ 20,000 ਤੋਂ ਵੱਧ ਲੋਕਾਂ ਨੂੰ ਤਾਜ਼ਾ ਅਤੇ ਸਾਫ਼-ਸੁਥਰਾ ਭੋਜਨ ਮੁਹੱਈਆ ਕਰਵਾ ਰਹੀ ਹੈ।

ਇਹ ਸੰਸਥਾ ਵਿਸ਼ਵ ਪ੍ਰਸਿੱਧ ਮਾਨਵਤਾਵਾਦੀ ਸੰਗਠਨ 'ਖ਼ਾਲਸਾ ਏਡ ਇੰਟਰਨੈਸ਼ਨਲ' ਦਾ ਹੀ ਇੱਕ ਅਹਿਮ ਹਿੱਸਾ ਹੈ। ਖ਼ਾਲਸਾ ਏਡ ਦੀ ਤਰ੍ਹਾਂ ਹੀ 'ਲੰਗਰ ਏਡ' ਵੀ ਬਿਨਾਂ ਕਿਸੇ ਧਰਮ, ਜਾਤ, ਰੰਗ ਜਾਂ ਨਸਲ ਦੇ ਭੇਦਭਾਵ ਤੋਂ ਹਰ ਉਸ ਇਨਸਾਨ ਦੀ ਮਦਦ ਕਰਦੀ ਹੈ ਜਿਸ ਨੂੰ ਭੋਜਨ ਜਾਂ ਸਹਾਰੇ ਦੀ ਲੋੜ ਹੁੰਦੀ ਹੈ।

ਸਿੱਖ ਧਰਮ ਦੇ ਮੂਲ ਸਿਧਾਂਤ 'ਲੰਗਰ' ਤੋਂ ਮਿਲੀ ਪ੍ਰੇਰਣਾ

ਇਸ ਪੂਰੇ ਪ੍ਰੋਜੈਕਟ ਬਾਰੇ ਗੱਲ ਕਰਦਿਆਂ ਅਵਤਾਰ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਪ੍ਰੇਰਣਾ ਉਨ੍ਹਾਂ ਦੇ ਘਰੋਂ ਅਤੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਤੋਂ ਮਿਲੀ ਹੈ। ਉਨ੍ਹਾਂ ਕਿਹਾ ਕਿ ਦੁਨੀਆ ਭਰ ਵਿੱਚ ਜਿੱਥੇ ਵੀ ਕੋਈ ਗੁਰਦੁਆਰਾ ਸਾਹਿਬ ਹੈ, ਉੱਥੇ ਲੰਗਰ ਦੀ ਪ੍ਰਥਾ ਜ਼ਰੂਰ ਹੁੰਦੀ ਹੈ। ਗੁਰੂ ਘਰ ਦੇ ਲੰਗਰ ਵਿੱਚ ਜਾਤ, ਉਮਰ, ਧਰਮ ਜਾਂ ਪਿਛੋਕੜ ਦਾ ਕੋਈ ਭੇਦਭਾਵ ਨਹੀਂ ਹੁੰਦਾ। ਕੋਈ ਵੀ ਵਿਅਕਤੀ ਆ ਕੇ ਬਿਨਾਂ ਕਿਸੇ ਝਿਜਕ ਦੇ ਮੁਫ਼ਤ ਭੋਜਨ ਛਕ ਸਕਦਾ ਹੈ।ਅਸੀਂ ਆਪਣੇ ਘਰ ਵਿੱਚ ਇਹੀ ਸੰਸਕਾਰ ਅਤੇ ਕਦਰਾਂ-ਕੀਮਤਾਂ ਸਿੱਖੀਆਂ ਹਨ। ਲੋੜਵੰਦਾਂ ਦੀ ਸੇਵਾ ਕਰਨਾ ਸਾਡੇ ਲਈ ਕੋਈ ਨਵਾਂ ਕੰਮ ਨਹੀਂ, ਸਗੋਂ ਸਾਡੀ ਜੀਵਨ ਜਾਚ ਦਾ ਹਿੱਸਾ ਹੈ।ਉਨ੍ਹਾਂ ਅੱਗੇ ਕਿਹਾ ਕਿ ਇਸ ਸੇਵਾ ਦਾ ਅਸਲ ਮਕਸਦ ਸਿਰਫ਼ ਪੇਟ ਭਰਨਾ ਨਹੀਂ ਹੈ, ਸਗੋਂ ਲੋਕਾਂ ਨੂੰ ਇਹ ਮਹਿਸੂਸ ਕਰਵਾਉਣਾ ਹੈ ਕਿ ਸਮਾਜ ਵਿੱਚ ਕੋਈ ਵੀ ਵਿਅਕਤੀ ਇਕੱਲਾ ਜਾਂ ਬੇਸਹਾਰਾ ਨਹੀਂ ਹੈ। ਇਸ ਵਿੱਚ ਦਇਆ, ਸਤਿਕਾਰ ਅਤੇ ਇਨਸਾਨੀਅਤ ਦਾ ਨਿੱਘ ਸ਼ਾਮਲ ਹੁੰਦਾ ਹੈ।

ਸਾਲ 2025-2026 ਦੌਰਾਨ 10 ਲੱਖ ਤੋਂ ਵੱਧ ਭੋਜਨ ਪਰੋਸਣ ਦਾ ਕੀਰਤਮਾਨ

70 ਸਾਲ ਇੰਦਰਜੀਤ ਸਿੰਘ ਜੁਗਦੀ ਨੇ ਕਿਹਾ ਕਿ ਸਹੀ ਗਿਣਤੀ ਦੱਸਣਾ ਮੁਸ਼ਕਲ ਹੈ ਕਿਉਂਕਿ ਕੰਮ ਲਗਾਤਾਰ ਅਤੇ ਬਹੁਤ ਵੱਡੇ ਪੱਧਰ 'ਤੇ ਚੱਲ ਰਿਹਾ ਹੈ। ਪਰ ਅੰਕੜੇ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਸਿਰਫ਼ ਪਿਛਲੇ ਇੱਕ ਸਾਲ ਦੇ ਅੰਦਰ-ਅੰਦਰ ਉਨ੍ਹਾਂ ਦੀ ਸੰਸਥਾ ਨੇ 10 ਲੱਖ ਤੋਂ ਵੱਧ ਭੋਜਨ ਦੇ ਥਾਲ ਲੋੜਵੰਦਾਂ ਤੱਕ ਪਹੁੰਚਾਏ ਹਨ।ਸ਼ੁਰੂਆਤ ਵਿੱਚ ਕੁਝ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨੇ ਮਿਲ ਕੇ ਰਸੋਈ ਵਿੱਚ ਖਾਣਾ ਬਣਾਉਣਾ ਸ਼ੁਰੂ ਕੀਤਾ ਸੀ। ਪਰ ਅੱਜ ਇਸ ਮੁਹਿੰਮ ਨਾਲ ਕਈ ਹੋਰ ਸਵੈ-ਸੇਵਕ ਵੀ ਜੁੜ ਚੁੱਕੇ ਹਨ, ਜੋ ਹਰ ਦਿਨ ਤੜਕੇ ਉੱਠ ਕੇ ਤਾਜ਼ਾ ਭੋਜਨ ਤਿਆਰ ਕਰਨ ਅਤੇ ਉਸਨੂੰ ਸਹੀ ਸਮੇਂ 'ਤੇ ਲੋੜਵੰਦਾਂ ਤੱਕ ਪਹੁੰਚਾਉਣ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ।

(ਬਾਕੀ ਸਫ਼ਾ 27 'ਤੇ)

ਕੈਨੇਡਾ ਦੇ ਸਿੱਖ ਨੌਜਵਾਨ ਸਰਬਰਾਜ ਸਿੰਘ ਕਾਹਲੋਂ ਨੇ ਮੀਡੀਆ ਖੇਤਰ ਵਿੱਚ ਉੱਚ ਪੱਧਰੀ 'ਵੈਬਸਟਰ ਐਵਾਰਡ' ਜਿੱਤਿਆ

ਡਾ. ਗੁਰਵਿੰਦਰ ਸਿੰਘ ਧਾਲੀਵਾਲ

ਕਾਹਲੋਂ ਦੀ ਰਿਪੋਰਟ ਨੇ ਸਥਾਨਕ ਸਰਕਾਰ ਨੂੰ ਨੀਤੀ ਬਦਲਣ ਲਈ ਕੀਤਾ ਸੀ ਮਜਬੂਰ





ਪੰਜਾਬੀ ਪ੍ਰੈਸ ਕਲੱਬ ਆਫ਼ ਬੀਸੀ ਦੇ ਹੋਣਹਾਰ ਮੈਂਬਰ ਅਤੇ ਓਮਨੀ ਟੈਲੀਵਿਜ਼ਨ ਦੇ ਰਿਪੋਰਟਰ ਸਰਬਰਾਜ ਸਿੰਘ ਕਾਹਲੋਂ ਨੇ ਕੈਨੇਡਾ ਦੇ ਮੀਡੀਆ ਖੇਤਰ 'ਮਲਟੀਕਲਚਰਲ ਜਰਨਲਿਜ਼ਮ' ਵਿੱਚ ਵੱਕਾਰੀ 'ਵੈਬਸਟਰ ਐਵਾਰਡ' ਜਿੱਤਿਆ ਹੈ।ਇਹ ਐਵਾਰਡ ਉਹਨਾਂ ਨੂੰ ਦੋ ਨਵੰਬਰ ਨੂੰ ਵੈਨਕੂਵਰ 'ਚ ਹੋਏ ਵੱਡੇ ਸਮਾਗਮ ਦੌਰਾਨ ਦਿੱਤਾ ਗਿਆ। ਇਹ ਕੈਨੇਡਾ ਦੇ ਪੰਜਾਬੀ ਮੀਡੀਏ ਲਈ ਮਾਣ ਵਾਲੀ ਗੱਲ ਹੈ। ਸਰਬਰਾਜ ਸਿੰਘ ਕਾਹਲੋਂ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਪਿੰਡ ਖਾਨੋਵਾਲ ਦੇ ਜੰਮਪਲ ਹਨ, ਜਿਹੜੇ ਵਿਦਿਆਰਥੀ ਵਜੋਂ 19 ਕੁ ਸਾਲ ਦੀ ਉਮਰ 'ਚ ਕੈਨੇਡਾ ਆਏ ਅਤੇ ਇੱਥੇ ਕਮਿਊਨੀਕੇਸ਼ਨ ਦੇ ਖੇਤਰ ਵਿੱਚ ਡਿਗਰੀ ਹਾਸਲ ਕੀਤੀ। ਉਹਨਾਂ ਵੱਖ-ਵੱਖ ਮੀਡੀਆ ਕੇਂਦਰਾਂ 'ਚ ਕੰਮ ਕੀਤਾ ਅਤੇ ਅੱਜ ਕੱਲ ਓਮਨੀ ਨਿਊਜ਼ ਦੇ ਰਿਪੋਰਟਰ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਨੌਜਵਾਨ ਸਰਬਰਾਜ ਸਿੰਘ ਕਾਹਲੋਂ ਪਿਛਲੇ ਕਾਫੀ ਸਮੇਂ ਤੋਂ, ਬੀਸੀ ਦੇ ਪੰਜਾਬੀ ਮੀਡੀਆ ਕਰਮੀਆਂ ਦੀ ਸਾਂਝੀ ਸੰਸਥਾ 'ਪੰਜਾਬੀ ਪ੍ਰੈਸ ਕਲੱਬ ਆਫ਼ ਬੀਸੀ' ਦੇ ਸਰਗਰਮ ਮੈਂਬਰ ਹਨ। ਉਹਨਾਂ ਨੂੰ ਬਹੁ ਭਾਸ਼ਾਈ ਸੱਭਿਆਚਾਰ ਸ਼੍ਰੇਣੀ ਵਿੱਚ ਐਵਾਰਡ ਲਈ ਇੱਕ ਅਜਿਹੀ ਰਿਪੋਰਟ ਲਈ ਮਿਲਿਆ ਹੈ, ਜੋ ਰਿਪੋਰਟ ਫਿਰੋਤੀਆਂ ਦੇ ਦਿਨਾਂ ਵਿੱਚ ਪੀੜਤਾਂ ਲਈ ਰਾਹਤ ਰਹੀ। ਦਰਅਸਲ ਕੈਨੇਡਾ ਵਿੱਚ ਫ਼ਿਰੌਤੀਆਂ ਦੇ ਦੌਰ 'ਚ ਵੈਨਕੂਵਰ ਦੇ ਪੰਜਾਬੀ ਕਾਰੋਬਾਰੀਆਂ ਨੂੰ ਬਲੌਕ ਕੀਤੇ ਜਾਂ ਅਣਪਛਾਤੇ ਨੰਬਰਾਂ ਤੋਂ ਕਾਲਾਂ ਆਉਂਦੀਆਂ ਸਨ, ਜਿਸ ਕਾਰਨ ਉਹਨਾਂ ਅੰਦਰ ਕਾਫੀ ਭੈਅ ਸੀ। ਉਧਰੋਂ ਵੈਨਕੂਵਰ ਸਿਟੀ ਦੀਆਂ, ਇੰਸਪੈਕਸ਼ਨ ਅਤੇ ਹੋਰਨਾਂ ਖੇਤਰਾਂ ਨਾਲ ਸਬੰਧਿਤ ਫੋਨ ਕਾਲਾਂ ਵੀ ਬਲੌਕ ਨੰਬਰਾਂ ਤੋਂ ਆ ਰਹੀਆਂ ਸਨ, ਜੋ ਗੰਭੀਰ ਸਮੱਸਿਆ ਬਣ ਗਈ ਸੀ। ਅਜਿਹੀ ਚਿੰਤਾ ਸਰਬਰਾਜ ਸਿੰਘ ਕਾਹਲੋਂ ਨੇ ਆਪਣੀ ਵਿਸ਼ੇਸ਼ ਖਬਰ ਰਾਹੀਂ ਜ਼ਾਹਰ ਕੀਤੀ ਅਤੇ ਸਿਟੀ ਆਫ ਵੈਨਕੂਵਰ ਦੇ ਧਿਆਨ 'ਚ ਇਹ ਮੁੱਦਾ ਲਿਆਂਦਾ। ਪਹਿਲਾਂ ਤੋਂ ਚਲੇ ਆ ਰਹੇ ਤਰੀਕੇ ਨੂੰ ਵੈਨਕੂਵਰ ਸਿਟੀ ਨੇ ਬਦਲਦਿਆਂ, ਫੋਨ ਕਾਲਾਂ ਬਲੌਕ ਨੰਬਰਾਂ ਤੋਂ ਕਰਨੀਆਂ ਬੰਦ ਕੀਤੀਆਂ, ਜਿਸ ਨਾਲ ਚਿੰਤਾਗ੍ਰਸਤ ਪੰਜਾਬੀਆਂ ਨੂੰ ਰਾਹਤ ਮਿਲੀ।

ਮੀਡੀਆ ਖੇਤਰ ਵਿੱਚ ਇਹ ਵੱਡੀ ਪ੍ਰਾਪਤੀ ਹੋਈ ਕਿ ਰਿਪੋਰਟਰ ਸਰਬਰਾਜ ਸਿੰਘ ਕਾਹਲੋਂ ਦੀ ਖ਼ਬਰ ਰੰਗ ਲਿਆਈ ਅਤੇ ਸਥਾਨਕ ਸਰਕਾਰ ਨੂੰ ਆਪਣੇ ਤੌਰ-ਤਰੀਕੇ ਬਦਲਣ ਲਈ ਮਜਬੂਰ ਹੋਣਾ ਪਿਆ। ਭਵਿੱਖ ਵਿੱਚ, ਕੈਨੇਡਾ ਦੇ ਹੋਰਨਾ ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ ਦੇ ਵਿਭਾਗਾਂ ਦੀਆਂ ਬਲੌਕ ਨੰਬਰ ਦੀਆਂ ਕਾਲਾਂ ਵਿੱਚ ਵੀ, ਜੇਕਰ ਕੋਈ ਸੋਧ ਹੁੰਦੀ ਹੈ, ਤਾਂ ਯਕੀਨਨ ਇਸ ਦਾ ਸਿਹਰਾ ਵੀ ਪੱਤਰਕਾਰ ਸਰਬਰਾਜ ਸਿੰਘ ਕਾਹਲੋਂ ਦੀ ਮੁੱਢਲੇ ਮੀਡੀਆ ਯਤਨਾਂ ਦੇ ਸਿਰ ਬੱਝਦਾ ਹੈ। ਓਮਨੀ ਟੀਵੀ ਦੀ ਰਿਪੋਰਟ ਅਤੇ ਪੰਜਾਬੀ ਪ੍ਰੈੱਸ ਕਲੱਬ ਦੇ ਮੈਂਬਰ ਸਰਬਰਾਜ ਸਿੰਘ ਕਾਹਲੋਂ ਨੂੰ ਬਹੁ-ਭਾਸ਼ਾਈ ਪੱਤਰਕਾਰੀ ਵਿੱਚ ਸ਼੍ਰੇਣੀ ਵਿੱਚ ਵੱਕਾਰੀ ਵੈੱਬਸਟਰ ਐਵਾਰਡ, ਕ੍ਰਿਸਟਨ ਜੌਹਨਸਨ ਅਤੇ ਸੋਨੀਆ ਕਾਲੜਾ ਦੇ ਨਾਲ, ਸ਼ਾਨਦਾਰ ਰਿਪੋਰਟ ਲਈ ਸਾਂਝੇ ਰੂਪ ਮੁਬਾਰਕਾਂ ਹਨ। ਇਸ ਟੀਮ ਨੇ ਪਰਦੇ ਦੇ ਪਿੱਛੇ ਰਹਿ ਕੇ, ਸਰਬਰਾਜ ਸਿੰਘ ਕਾਹਲੋਂ ਦੀ ਖੋਜ ਭਰਪੂਰ ਰਿਪੋਰਟ ਨੂੰ ਓਮਨੀ ਟੀਵੀ 'ਤੇ ਮੰਚ 'ਤੇ ਮਾਣ ਦਵਾਇਆ ਹੈ। ਉਨ੍ਹਾਂ ਦੀ ਸਾਂਝੀ ਮਿਹਨਤ ਅਤੇ ਪ੍ਰਭਾਵਸ਼ਾਲੀ ਪੱਤਰਕਾਰੀ ਨੇ, ਵੱਡਾ ਅਤੇ ਸਾਰਥਕ ਬਦਲਾਅ ਲਿਆਂਦਾ ਹੈ। ਇਹ ਮਾਣ-ਸਨਮਾਨ ਉਨ੍ਹਾਂ ਦੀ ਵੱਡੀ ਪ੍ਰਾਪਤੀ ਹੈ, ਜੋ ਹੋਰਨਾਂ ਨਵੇਂ ਅਤੇ ਉਭਰਦੇ ਪੱਤਰਕਾਰਾਂ ਲਈ ਵੀ ਪ੍ਰੇਰਨਾ ਸਰੋਤ ਬਣੇਗੀ।

ਆਸਟ੍ਰੇਲੀਆ ਦੀ ਸੰਸਦ 'ਚ ਗੂੰਜਿਆ ਸਿੱਖ ਦੀ ਦਸਤਾਰ ਜਬਰੀ ਲਾਹੁਣ ਦਾ ਮਾਮਲਾ

ਸਾਂਸਦਾਂ ਨੇ ਨਫ਼ਰਤੀ ਹਮਲਿਆਂ ਖ਼ਿਲਾਫ਼ ਜਤਾਈ ਚਿੰਤਾ

ਪੁਲਿਸ ਵੱਲੋਂ ਜਾਂਚ ਸ਼ੁਰੂ, ਸਿੱਖ ਭਾਈਚਾਰੇ ਵਿੱਚ ਭਾਰੀ ਰੋਸ



ਪਰਥ-ਪੱਛਮੀ ਆਸਟ੍ਰੇਲੀਆ ਦੇ ਸ਼ਹਿਰ ਪਰਥ ਵਿੱਚ ਇੱਕ ਸਿੱਖ ਵਿਅਕਤੀ ਦੀ ਦਸਤਾਰ ਜਬਰੀ ਲਾਹੁਣ ਦਾ ਮਾਮਲਾ ਸਾਹਮਣੇ ਆਇਆ ਹੈ। ਨਸਲਵਾਦ ਨਾਲ ਜੁੜੇ ਇਸ ਗੰਭੀਰ ਮਾਮਲੇ ਵਿਰੁਧ ਪੱਛਮੀ ਆਸਟ੍ਰੇਲੀਆ ਦੀ ਸੰਸਦ ਵਿੱਚ ਸੰਸਦ ਮੈਂਬਰ ਸੋਫੀ ਮੈਕਨੀਲ ਨੇ ਇਸ ਸ਼ਰਮਨਾਕ ਘਟਨਾ ਖ਼ਿਲਾਫ਼ ਆਵਾਜ਼ ਉਠਾਈ ਹੈ। ਇਹ ਘਟਨਾ ਪੰਦਰਾਂ ਅਕਤੂਬਰ ਨੂੰ ਪਰਥ ਦੇ ਦੱਖਣ-ਪੂਰਬੀ ਇਲਾਕੇ ਵਿੱਚ ਵਾਪਰੀ।

ਜਾਣਕਾਰੀ ਅਨੁਸਾਰ ਪੀੜਤ ਸਿੱਖ ਵਿਅਕਤੀ ਆਪਣੀ ਪਤਨੀ ਅਤੇ ਨੌਂ ਮਹੀਨੇ ਦੇ ਬੱਚੇ ਨਾਲ ਇੱਕ ਖਰੀਦਦਾਰੀ ਕੇਂਦਰ ਤੋਂ ਬਾਹਰ ਆ ਰਿਹਾ ਸੀ। ਇਸੇ ਦੌਰਾਨ ਦਿਨ-ਦਿਹਾੜੇ ਇੱਕ ਅਣਪਛਾਤੇ ਵਿਅਕਤੀ ਨੇ ਪਿੱਛਿਓਂ ਆ ਕੇ ਉਸ ਦੇ ਸਿਰ ਤੋਂ ਦਸਤਾਰ ਜਬਰਨ ਲਾਹ ਦਿੱਤੀ ਅਤੇ ਉਸ ਨੂੰ ਲੈ ਕੇ ਉੱਥੋਂ ਫ਼ਰਾਰ ਹੋ ਗਿਆ। ਪਰਿਵਾਰ ਦੇ ਸਾਹਮਣੇ ਵਾਪਰੀ ਇਸ ਘਟਨਾ ਕਾਰਨ ਪੀੜਤ ਅਤੇ ਸਥਾਨਕ ਭਾਈਚਾਰੇ ਵਿੱਚ ਭਾਰੀ ਰੋਸ ਹੈ।

ਪੱਛਮੀ ਆਸਟ੍ਰੇਲੀਆ ਦੀ ਵਿਧਾਨ ਪ੍ਰੀਸ਼ਦ ਦੀ ਮੈਂਬਰ ਸੋਫੀ ਮੈਕਨੀਲ ਨੇ ਬਾਈ ਅਕਤੂਬਰ ਨੂੰ ਸਦਨ ਦੀ ਕਾਰਵਾਈ ਦੌਰਾਨ ਇਹ ਮਾਮਲਾ ਜ਼ੋਰ-ਸ਼ੋਰ ਨਾਲ ਉਠਾਇਆ। ਉਨ੍ਹਾਂ ਕਿਹਾ ਕਿ ਸਾਡੇ ਸਮਾਜ ਦੇ ਇੱਕ ਸਿੱਖ ਮੈਂਬਰ ਨਾਲ ਖਰੀਦਦਾਰੀ ਕੇਂਦਰ ਦੇ ਬਾਹਰ ਪਰਿਵਾਰ ਦੇ ਸਾਹਮਣੇ ਦਸਤਾਰ ਲਾਹੁਣ ਦੀ ਘਟਨਾ ਬੇਹੱਦ ਚਿੰਤਾਜਨਕ ਹੈ। ਸੰਸਦ ਵਿੱਚ ਇਸ ਮੁੱਦੇ ਦੇ ਉੱਠਣ ਨਾਲ ਆਸਟ੍ਰੇਲੀਆ ਵਿੱਚ ਇਹ ਸੁਨੇਹਾ ਗਿਆ ਹੈ ਕਿ ਧਾਰਮਿਕ ਪਛਾਣ ਨੂੰ ਨਿਸ਼ਾਨਾ ਬਣਾਉਣ ਵਾਲੇ ਹਮਲਿਆਂ ਨੂੰ ਅਣਡਿੱਠ ਨਹੀਂ ਕੀਤਾ ਜਾਵੇਗਾ।

(ਬਾਕੀ ਸਫ਼ਾ 27 'ਤੇ)

ਯੂ.ਕੇ. ਵਿੱਚ ਨੌਕਰੀ ਛੁੱਟਣ 'ਤੇ ਹੁਣ ਨਹੀਂ ਛੱਡਣਾ ਪਵੇਗਾ ਦੇਸ਼

ਨਵਾਂ ਸਪਾਂਸਰ ਲੱਭਣ ਲਈ ਮਿਲੇਗਾ 6 ਮਹੀਨਿਆਂ ਦਾ ਸਮਾਂ

ਲੰਡਨ/ਏ.ਟੀ.ਨਿਊਜ਼ : ਬਰਤਾਨੀਆ ਸਰਕਾਰ ਨੇ ਆਪਣੇ ਤਾਜ਼ਾ ਬਜਟ 2026 ਵਿੱਚ ਇਮੀਗ੍ਰੇਸ਼ਨ ਨਿਯਮਾਂ ਅੰਦਰ ਕਈ ਵੱਡੀਆਂ ਤਬਦੀਲੀਆਂ ਦਾ ਐਲਾਨ ਕੀਤਾ ਹੈ। ਕੁੱਲ ਪ੍ਰਵਾਸ ਨੂੰ ਘਟਾਉਣ ਦੇ ਟੀਚੇ ਦੇ ਬਾਵਜੂਦ, ਇਹ ਨਵੇਂ ਕਦਮ ਅੰਤਰਰਾਸ਼ਟਰੀ ਵਿਦਿਆਰਥੀਆਂ, ਯੂਨੀਵਰਸਿਟੀਆਂ ਅਤੇ ਬਾਹਰੋਂ ਕਾਮੇ ਲਿਆਉਣ ਵਾਲੇ ਰੁਜ਼ਗਾਰ ਦੇਣ ਵਾਲਿਆਂ ਨੂੰ ਵੱਡੀ ਰਾਹਤ ਪ੍ਰਦਾਨ ਕਰਦੇ ਹਨ।ਸਭ ਤੋਂ ਵੱਡਾ ਫ਼ੈਸਲਾ ਗ੍ਰੈਜੂਏਟ ਵੀਜ਼ਾ ਰੂਟ (ਪੋਸਟ-ਸਟੱਡੀ ਵਰਕ) ਨੂੰ ਲੈ ਕੇ ਲਿਆ ਗਿਆ ਹੈ। ਪਹਿਲਾਂ ਇਸ ਵੀਜ਼ੇ ਦੀ ਮਿਆਦ ਘਟਾਉਣ ਦੀ ਯੋਜਨਾ ਸੀ, ਪਰ ਸਰਕਾਰ ਨੇ ਇਸ ਫ਼ੈਸਲੇ ਨੂੰ ਅੰਸ਼ਕ ਤੌਰ 'ਤੇ ਵਾਪਸ ਲੈ ਲਿਆ ਹੈ। ਹੁਣ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਵਾਲੀਆਂ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਦੇ ਗ੍ਰੈਜੂਏਟਾਂ ਨੂੰ ਦੋ ਸਾਲ ਦਾ ਪੋਸਟ-ਸਟੱਡੀ ਵਰਕ ਵੀਜ਼ਾ ਮਿਲਣਾ ਜਾਰੀ ਰਹੇਗਾ, ਬਸ਼ਰਤੇ ਲੇਬਰ ਮਾਰਕੀਟ ਵਿੱਚ ਉਨ੍ਹਾਂ ਦੇ ਨਤੀਜੇ ਚੰਗੇ ਹੋਣ।

(ਬਾਕੀ ਸਫ਼ਾ 27 'ਤੇ)

ਕਲਜੁਗੀ ਅਵਤਾਰ ਡੇਰੇਦਾਰ, ਵਾਈ-ਫ਼ਾਈ ਵੈਰਾਗ ਅਤੇ ਜ਼ੈੱਡ-ਪਲੱਸ ਮੋਕਸ਼





ਬਲਵਿੰਦਰ ਪਾਲ ਸਿੰਘ
ਪ੍ਰੋਫ਼ੈਸਰ
9815700916

ਕਲਜੁਗ ਦੇ ਧਰਮ-ਬਾਜ਼ਾਰ ਵਿੱਚ ਅੱਜ-ਕੱਲ੍ਹ ਰੌਣਕਾਂ ਸਿਖ਼ਰਾਂ 'ਤੇ ਹਨ। ਪਹਿਲੇ ਜ਼ਮਾਨਿਆਂ ਵਿੱਚ ਰਿਸ਼ੀ-ਮੁਨੀ ਜੰਗਲਾਂ ਵਿੱਚ ਜਾ ਕੇ ਦਹਾਕਿਆਂ ਬੱਧੀ ਘੋਰ ਤਪੱਸਿਆ ਕਰਦੇ ਸਨ। ਪੱਤੇ ਖਾ ਕੇ ਗੁਜ਼ਾਰਾ ਕਰਦੇ ਸਨ ਅਤੇ ਜਦੋਂ ਸਰੀਰ ਹੱਡੀਆਂ ਦੀ ਮੁੱਠ ਬਣ ਜਾਂਦਾ ਸੀ, ਉਦੋਂ ਕਿਤੇ ਜਾ ਕੇ ਅੰਦਰੋਂ ਹਉਮੈ ਮਰਦੀ ਸੀ। ਪਰ ਨਵੇਂ ਜ਼ਮਾਨੇ ਦੇ ਕਾਰਪੋਰੇਟ ਅਧਿਆਤਮ ਨੇ ਇਹ ਸਾਰੀ ਖੇਚਲ਼ ਹੀ ਖ਼ਤਮ ਕਰ ਦਿੱਤੀ ਹੈ। ਅੱਜ-ਕੱਲ੍ਹ ਮੋਕਸ਼ ਪ੍ਰਾਪਤ ਕਰਨ ਲਈ ਜੰਗਲ ਜਾਣ ਦੀ ਲੋੜ ਨਹੀਂ, ਸਿਰਫ਼ ਇੱਕ ਚੰਗੇ ਵੀਡੀਓ ਐਡੀਟਰ, ਦੋ-ਚਾਰ ਡਰੋਨ ਕੈਮਰਿਆਂ ਅਤੇ ਇੰਸਟਾਗ੍ਰਾਮ 'ਤੇ ਇੱਕ ਤਕੜੀ 'ਪੀ.ਆਰ. ਟੀਮ' ਦੀ ਲੋੜ ਹੈ। ਇਸ ਆਧੁਨਿਕ ਧਰਮ-ਉਦਯੋਗ ਦੇ ਨਵੇਂ ਸਿਰਤਾਜ ਨੇ ਭਾਰਤ ਦੇ ਅਨੇਕਾਂ ਪਰਮ ਪੂਜਨੀਕ ਬਾਬੇ ਜੋ ਚੁਟਕਲੇ ਸੁਣਾਕੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ।

ਬਾਬਾ ਜੀ ਦਾ ਦਾਅਵਾ ਹੁੰਦਾ ਹੈ ਕਿ ਉਹ 'ਤ੍ਰਿਕਾਲਦਰਸ਼ੀ' ਹਨ—ਜੋ ਭੂਤ, ਭਵਿੱਖ ਅਤੇ ਵਰਤਮਾਨ ਸਭ ਇੱਕੋ ਪਲ ਵਿੱਚ ਦੇਖ ਲੈਂਦੇ ਹਨ। ਪ੍ਰਵਚਨ ਸੁਣਨ ਆਏ ਭੋਲੇ-ਭਾਲੇ ਸ਼ਰਧਾਲੂਆਂ ਨੂੰ ਬਾਬਾ ਜੀ ਅੱਖਾਂ ਮੀਚ ਕੇ ਦੱਸ ਦਿੰਦੇ ਹਨ, - ਬੱਚਾ, ਤੂੰ ਪਿਛਲੇ ਜਨਮ ਵਿੱਚ ਕਿਸੇ ਗਾਂ ਦੀ ਪੂਛ ਮਰੋੜੀ ਸੀ, ਇਸੇ ਲਈ ਤੇਰੀ ਨੌਕਰੀ ਨਹੀਂ ਲੱਗ ਰਹੀ।: ਸੰਗਤ ਧੰਨ-ਧੰਨ ਕਰ ਉੱਠਦੀ ਹੈ ਕਿ ਵੇਖੋ ਮਹਾਰਾਜ ਨੂੰ ਹਜ਼ਾਰ ਸਾਲ ਪੁਰਾਣੀ ਗੱਲ ਵੀ ਯਾਦ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਜਿਹੜਾ ਬਾਬਾ ਪਿਛਲੇ ਜਨਮ ਵਿੱਚ ਮਰੋੜੀ ਗਾਂ ਦੀ ਪੂਛ ਦੇਖ ਲੈਂਦਾ ਹੈ, ਉਸੇ ਬਾਬੇ ਨੂੰ ਆਪਣੇ ਆਸ਼ਰਮ ਦੇ ਅਗਲੇ ਕਮਰੇ ਵਿੱਚ ਚੱਲ ਰਹੀ ਸਾਜ਼ਿਸ਼ ਨਹੀਂ ਦਿਸਦੀ। ਸੰਗਤ ਨੂੰ ਅਧਿਆਤਮ ਅਤੇ ਤਿਆਗ ਦਾ ਪਾਠ ਪੜ੍ਹਾਉਣ ਵਾਲੇ ਬਾਬਾ ਜੀ ਦੀ ਅੰਤਰ-ਧਿਆਨ ਨਜ਼ਰ ਉਦੋਂ ਬੇਵੱਸ ਹੋ ਜਾਂਦੀ ਹੈ, ਜਦੋਂ ਆਪਣੇ ਹੀ ਚੇਲੇ ਰਾਤੋ-ਰਾਤ ਟਰੱਸਟ ਦਾ ਸਰਮਾਇਆ ਖੁਰਦ-ਬੁਰਦ ਕਰ ਜਾਂਦੇ ਹਨ, ਜ਼ਮੀਨਾਂ ਹੜੱਪਣ ਦੀਆਂ ਸਾਜ਼ਿਸ਼ਾਂ ਘੜਦੇ ਹਨ ਅਤੇ ਬੰਦ ਕਮਰਿਆਂ ਵਿੱਚ ਕੁਕਰਮਾਂ ਦੀ ਨੀਂਹ ਰੱਖਦੇ ਹਨ। ਦੂਜਿਆਂ ਦਾ ਭਵਿੱਖ ਵੇਖਣ ਦਾ ਦਾਅਵਾ ਕਰਨ ਵਾਲੀ 'ਤੀਜੀ ਅੱਖ' ਆਪਣੇ ਹੀ ਆਸ਼ਰਮ ਦੀ ਅਸਲੀਅਤ ਮੂਹਰੇ ਅੰਨ੍ਹੀ ਸਾਬਤ ਹੁੰਦੀ ਹੈ।' ਉੱਥੇ ਬਾਬਾ ਜੀ ਦਾ ਬ੍ਰਹਮ ਗਿਆਨ ਕੰਮ ਨਹੀਂ ਆਉਂਦਾ, ਸਗੋਂ ਲੋਕਲ ਥਾਣੇ ਦੇ ਐੱਸ.ਐੱਚ.ਓ., ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਅਤੇ ਫੋਰੈਂਸਿਕ ਲੈਬ ਦੇ ਫਿੰਗਰਪ੍ਰਿੰਟ ਮਾਹਿਰਾਂ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਹਨ।

ਸਵਾਲ ਉੱਠਦਾ ਹੈ ਕਿ ਜਿਸ ਬਾਬੇ ਦੀ ਸਿੱਧੀ 'ਹੌਟਲਾਈਨ' ਸੱਚਖੰਡ ਵਿੱਚ ਰੱਬ ਨਾਲ ਜੁੜੀ ਹੋਈ ਹੈ, ਕੀ ਉਹ ਲਾਈਨ ਇੰਨੀ ਕਮਜ਼ੋਰ ਹੈ ਕਿ ਚੇਲਿਆਂ ਦੇ ਕਾਰਨਾਮੇ ਫੜਨ ਵੇਲੇ ਉੱਥੇ 'ਕਾਲ ਡ੍ਰੌਪ' ਹੋ ਜਾਂਦੀ ਹੈ? ਜੇ ਬਾਬਾ ਜੀ ਸੱਚਮੁੱਚ ਜਾਣੀ-ਜਾਣ ਹਨ, ਤਾਂ ਪੁਲਿਸ ਜਾਂਚ ਦੀ ਕੀ ਲੋੜ? ਬਸ ਅੱਖਾਂ ਬੰਦ ਕਰਕੇ ਮੁਲਜ਼ਮ ਦਾ ਨਾਂ ਦੱਸ ਦੇਣ! ਪਰ ਨਹੀਂ, ਅਸਲ ਵਿੱਚ ਦੁਨਿਆਵੀ ਕਾਨੂੰਨ ਦੇ ਸਾਹਮਣੇ ਆਉਂਦਿਆਂ ਹੀ ਸਾਰਾ ਅਧਿਆਤਮਿਕ ਨੈੱਟਵਰਕ 'ਨੋ ਸਰਵਿਸ' ਦਿਖਾਉਣ ਲੱਗ ਪੈਂਦਾ ਹੈ।

ਜੇ ਮੌਤ ਦਾ ਮਤਲਬ ਚੋਲਾ ਬਦਲਣਾ ਹੈ... ਫਿਰ ਜ਼ੈੱਡ-ਪਲੱਸ ਸੁਰੱਖਿਆ ਦੀ ਮੰਗ ਕਿਉਂ!

ਪ੍ਰਵਚਨਾਂ ਦੇ ਮੰਚ ਤੋਂ ਜਦੋਂ ਬਾਬਾ ਜੀ ਮਾਈਕ ਫੜਦੇ ਹਨ, ਤਾਂ ਉਨ੍ਹਾਂ ਦੇ ਬੋਲਾਂ ਵਿੱਚ ਅਜਿਹਾ ਵੈਰਾਗ ਹੁੰਦਾ ਹੈ ਕਿ ਸਾਹਮਣੇ ਬੈਠਾ ਅਮੀਰ ਤੋਂ ਅਮੀਰ ਸੇਠ ਵੀ ਆਪਣੀ ਸੋਨੇ ਦੀ ਚੇਨ ਉਤਾਰ ਕੇ ਸੁੱਟਣ ਬਾਰੇ ਸੋਚਣ ਲੱਗ ਪੈਂਦਾ ਹੈ। ਬਾਬਾ ਜੀ ਮਿੱਠੀ ਅਵਾਜ਼ ਵਿੱਚ ਬੋਲਦੇ ਹਨ: ਸੰਸਾਰੀ ਜੀਵੋ! ਮੋਹ-ਮਾਇਆ ਛੱਡੋ। ਇਹ ਸਰੀਰ ਕੀ ਹੈ? ਇਹ ਤਾਂ ਮਹਿਜ਼ ਮਿੱਟੀ ਦੀ ਢੇਰੀ ਹੈ, ਇੱਕ ਨਾਸ਼ਵਾਨ ਕੱਪੜਾ ਹੈ। ਆਤਮਾ ਅਮਰ ਹੈ, ਇਸ ਨੂੰ ਨਾ ਅੱਗ ਸਾੜ ਸਕਦੀ ਹੈ, ਨਾ ਪਾਣੀ ਗਾਲ਼ ਸਕਦਾ ਹੈ, ਨਾ ਤਲਵਾਰ ਕੱਟ ਸਕਦੀ ਹੈ। ਮੌਤ ਤਾਂ ਰੱਬ ਨਾਲ ਮਿਲਾਪ ਦਾ ਸਭ ਤੋਂ ਵੱਡਾ ਉਤਸਵ ਹੈ!

ਲੋਕ ਅੱਖਾਂ ਵਿੱਚੋਂ ਅੱਥਰੂ ਵਹਾਉਂਦੇ ਹਨ। ਪਰ ਜਿਵੇਂ ਹੀ ਆਸ਼ਰਮ ਵਿੱਚ ਕਿਸੇ ਮਾਫ਼ੀਆ ਜਾਂ ਵਿਰੋਧੀ ਧੜੇ ਦੀ ਧਮਕੀ ਆਉਂਦੀ ਹੈ, ਬਾਬਾ ਜੀ ਦਾ ਅਮਰ ਆਤਮਾ ਵਾਲਾ ਗਿਆਨ ਛਿੱਕੇ 'ਤੇ ਟੰਗਿਆ ਜਾਂਦਾ ਹੈ। ਤੁਰੰਤ ਮੁੱਖ ਮੰਤਰੀ ਅਤੇ ਗ੍ਰਹਿ ਮੰਤਰਾਲੇ ਨੂੰ ਚਿੱਠੀਆਂ ਲਿਖੀਆਂ ਜਾਂਦੀਆਂ ਹਨ—'ਮਹਾਰਾਜ, ਮੇਰੀ ਜਾਨ ਨੂੰ ਗੰਭੀਰ ਖ਼ਤਰਾ ਹੈ, ਮੈਨੂੰ ਤੁਰੰਤ ਜ਼ੈੱਡ-ਪਲੱਸ ਸੁਰੱਖਿਆ ਦਿੱਤੀ ਜਾਵੇ!'

ਵਾਹ ਓਏ ਕਲਜੁਗੀ ਸੰਤੋ! ਆਮ ਜਨਤਾ ਨੂੰ ਤਾਂ ਕਹਿੰਦੇ ਹੋ ਕਿ ਮੌਤ ਤੋਂ ਨਾ ਡਰੋ, ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹੋ; ਪਰ ਜਦੋਂ ਆਪਣੀ ਮਿੱਟੀ ਦੀ ਢੇਰੀ 'ਤੇ ਜ਼ਰਾ ਜਿੰਨਾ ਖ਼ਤਰਾ ਮੰਡਰਾਉਂਦਾ ਹੈ, ਤਾਂ ਰੱਬ ਦੇ ਕਿਰਪਾ ਨਾਲੋਂ ਵੱਧ ਯਕੀਨ ਸਰਕਾਰੀ ਕਮਾਂਡੋਆਂ ਦੀਆਂ ਏਕੇ-47 ਬੰਦੂਕਾਂ 'ਤੇ ਹੋ ਜਾਂਦਾ ਹੈ! ਜੇ ਮੌਤ ਸਿਰਫ਼ 'ਚੋਲਾ ਬਦਲਣਾ' ਹੀ ਹੈ, ਤਾਂ ਨਵਾਂ ਚੋਲਾ ਪਾਉਣ ਤੋਂ ਇੰਨਾ ਖ਼ੌਫ਼ ਕਿਉਂ? ਕੀ ਰੱਬ ਦਾ ਸੁਰੱਖਿਆ ਕਵਚ ਸਰਕਾਰੀ ਜਿਪਸੀਆਂ ਅਤੇ ਬੁਲੇਟਪਰੂਫ਼ ਗੱਡੀਆਂ ਨਾਲੋਂ ਕਮਜ਼ੋਰ ਪੈ ਗਿਆ ਹੈ?

ਸਾਧੂ ਦਾ ਕੰਮ ਹੁੰਦਾ ਹੈ ਦਿਲ ਜਿੱਤਣਾ, ਬੁਰੇ ਇਨਸਾਨ ਨੂੰ ਚੰਗਾ ਬਣਾਉਣਾ ਹੈ। ਇਤਿਹਾਸ ਗਵਾਹ ਹੈ ਕਿ ਸਤਿਗੁਰੂ ਨਾਨਕ ਜੀ ਨੇ ਸੱਜਣ ਠੱਗ ਤੇ ਕੌਡੇ ਰਾਖਸ਼ਸ਼ ਵਰਗਿਆਂ ਨੂੰ ਆਪਣੀ ਇੱਕੋ ਰਹਿਮਤ ਭਰੀ ਨਜ਼ਰ ਨਾਲ ਧਰਮੀ ਬਣਾ ਦਿੱਤਾ ਸੀ। ਪਰ ਅੱਜ ਦੇ ਬਾਬੇ ਕਹਿੰਦੇ ਨੇ, 'ਸਾਡੇ ਦੁਸ਼ਮਣ ਬਹੁਤ ਵੱਡੇ ਮਾਫ਼ੀਆ ਨੇ, ਉਹ ਸਾਨੂੰ ਮਾਰਨਾ ਚਾਹੁੰਦੇ ਨੇ।'

ਭਾਈ, ਜੇ ਤੁਸੀਂ ਇੰਨੇ ਹੀ ਪਹੁੰਚੇ ਹੋਏ ਮਹਾਪੁਰਸ਼ ਹੋ, ਤੁਹਾਡੀ ਨਜ਼ਰ ਵਿੱਚ ਇੰਨੀ ਹੀ ਬਰਕਤ ਹੈ ਕਿ ਤੁਹਾਡੇ ਦਰਸ਼ਨ ਕਰਨ ਨਾਲ ਕੈਂਸਰ ਮਿਟ ਜਾਂਦਾ ਹੈ, ਘਰਾਂ ਵਿੱਚ ਪੁੱਤਰ ਜੰਮ ਪੈਂਦੇ ਹਨ ਅਤੇ ਗ਼ਰੀਬ ਅਰਬਪਤੀ ਬਣ ਜਾਂਦੇ ਹਨ, ਤਾਂ ਫਿਰ ਆਪਣੇ ਦੁਸ਼ਮਣਾਂ ਵੱਲ ਇੱਕ ਕਰੁਣਾ ਭਰੀ ਨਜ਼ਰ ਕਿਉਂ ਨਹੀਂ ਮਾਰ ਲੈਂਦੇ? ਉਨ੍ਹਾਂ ਮਾਫ਼ੀਆ ਵਾਲਿਆਂ ਦੇ ਦਿਲਾਂ ਵਿੱਚ ਜਾ ਕੇ ਉਨ੍ਹਾਂ ਦੀ 'ਮਾਨਸਿਕਤਾ' ਕਿਉਂ ਨਹੀਂ ਬਦਲ ਦਿੰਦੇ?

ਜਦੋਂ ਚੇਲਿਆਂ ਦੀ ਭੀੜ ਵਧਾਉਣੀ ਹੋਵੇ, ਤਾਂ ਬਾਬਾ ਜੀ ਪਰਮ ਸ਼ਕਤੀਮਾਨ ਹੁੰਦੇ ਹਨ; ਪਰ ਜਦੋਂ ਦੁਸ਼ਮਣਾਂ ਦਾ ਸਾਹਮਣਾ ਕਰਨਾ ਹੋਵੇ, ਤਾਂ ਬਾਬਾ ਜੀ ਅਚਾਨਕ ਲਾਚਾਰ ਹੋ ਜਾਂਦੇ ਹਨ ਅਤੇ ਸੱਤਾ ਵੱਲ ਮੂੰਹ ਕਰਕੇ ਖੜ੍ਹ ਜਾਂਦੇ ਹਨ ਕਿ ਸਾਡੇ ਉਪਰ ਕਿਰਪਾ ਕਰੋ। ਇਹ ਕਿਹੋ ਜਿਹਾ ਚਮਤਕਾਰ ਹੈ ਜੋ ਸਿਰਫ਼ ਆਮ ਜਨਤਾ ਦੇ ਸਾਹਮਣੇ ਹੀ ਚੱਲਦਾ ਹੈ, ਪਰ ਕਿਸੇ ਗੁੰਡੇ ਜਾਂ ਅਦਾਲਤੀ ਸੰਮਨ ਸਾਹਮਣੇ ਆਉਂਦਿਆਂ ਹੀ ਫ਼ਿਊਜ਼ ਹੋ ਜਾਂਦਾ ਹੈ?

ਪਹਿਲਾਂ ਸੰਤਾਂ ਦੇ ਚੇਲੇ ਉਹ ਹੁੰਦੇ ਸਨ ਜੋ ਹੱਥ ਵਿੱਚ ਖੜਤਾਲਾਂ ਲੈ ਕੇ ਗੁਰੂ ਦੇ ਪਿੱਛੇ-ਪਿੱਛੇ ਤੁਰ ਪੈਂਦੇ ਸਨ। ਨਾ ਧਨ ਦੀ ਲਾਲਸਾ, ਨਾ ਸ਼ੋਹਰਤ ਦੀ ਭੁੱਖ। ਪਰ ਅੱਜ ਦੇ ਬਾਬੇ ਦੇ ਆਲੇ-ਦੁਆਲੇ ਉਹ ਚੇਲੇ ਘੁੰਮਦੇ ਹਨ ਜੋ ਵੱਡੀਆਂ-ਵੱਡੀਆਂ ਡਿਗਰੀਆਂ ਛੱਡ ਕੇ ਆਏ ਦੱਸੇ ਜਾਂਦੇ ਹਨ। ਇਹ ਚੇਲੇ ਅਸਲ ਵਿੱਚ ਭਗਤ ਨਹੀਂ, ਸਗੋਂ 'ਅਧਿਆਤਮਿਕ ਈਵੈਂਟ ਮੈਨੇਜਰ' ਹਨ। ਉਹ ਆਸ਼ਰਮ ਵਿੱਚ ਆ ਕੇ ਭਗਤੀ ਨਹੀਂ ਕਰਦੇ, ਸਗੋਂ ਇੱਕ ਪੂਰਾ ਸਟਾਰਟ-ਅੱਪ ਚਲਾਉਂਦੇ ਹਨ: ਬਾਬਾ ਜੀ ਦਾ ਹਰ ਹਾਵ-ਭਾਵ, ਅੱਖਾਂ ਵਿੱਚੋਂ ਵਗਦਾ ਅੱਥਰੂ, ਜਾਂ ਹੱਥ ਹਿਲਾਉਣਾ ਸਲੋਅ-ਮੋਸ਼ਨ ਵਿੱਚ ਰਿਕਾਰਡ ਕੀਤਾ ਜਾਂਦਾ ਹੈ। ਪਿੱਛੇ ਉਦਾਸ ਜਾਂ ਭਾਵੁਕ ਸੰਗੀਤ ਲਾ ਕੇ ਇੰਸਟਾਗ੍ਰਾਮ ਅਤੇ ਯੂਟਿਊਬ 'ਤੇ ਮਿਲੀਅਨ ਵਿਊਜ਼ ਬਟੋਰੇ ਜਾਂਦੇ ਹਨ। ਜਦੋਂ ਤੱਕ ਕੋਈ ਕ੍ਰਿਕਟਰ, ਫ਼ਿਲਮੀ ਹੀਰੋ ਜਾਂ ਵੱਡਾ ਮੰਤਰੀ ਬਾਬੇ ਦੇ ਪੈਰੀਂ ਹੱਥ ਨਾ ਲਾਵੇ, ਉਦੋਂ ਤੱਕ ਬਾਬੇ ਦਾ ਅਧਿਆਤਮਿਕ ਕੱਦ ਉੱਚਾ ਨਹੀਂ ਮੰਨਿਆ ਜਾਂਦਾ। ਆਮ ਸ਼ਰਧਾਲੂ ਧੱਕੇ ਖਾਂਦੇ ਨੇ, ਪਰ ਵੀ.ਆਈ.ਪੀ. ਲਈ ਵਿਸ਼ੇਸ਼ ਸੋਫ਼ੇ ਲੱਗਦੇ ਹਨ। ਬਾਬਾ ਜੀ ਦੇ ਨਾਮ 'ਤੇ ਪਵਿੱਤਰ ਨਦੀਆਂ ਦੇ ਕੰਢਿਆਂ, ਜੰਗਲਾਂ ਅਤੇ ਸਰਕਾਰੀ ਜ਼ਮੀਨਾਂ 'ਤੇ ਅੱਖ ਰੱਖੀ ਜਾਂਦੀ ਹੈ। ਬਿਆਸਾ ਦਰਿਆ ਦੀ ਜਮੀਨ ਉਪਰ ਕਬਜੇ ਇਸ ਗੱਲ ਦੇ ਗਵਾਹ ਹਨ।

ਬਾਬਿਆ ਅਤੇ ਸਿਆਸਤਦਾਨਾਂ ਦਾ ਅਮਰ ਗੱਠਜੋੜ

ਇਹ ਕੋਈ ਨਵੀਂ ਕਹਾਣੀ ਨਹੀਂ ਹੈ। ਇਤਿਹਾਸ ਦੇ ਪੰਨੇ ਫਰੋਲ ਕੇ ਵੇਖ ਲਓ, ਪੁਰਾਤਨ ਕਾਲ ਤੋਂ ਹੀ ਦਰਬਾਰੀ ਪੁਜਾਰੀਆਂ, ਧਰਮ ਗੁਰੂਆਂ ਅਤੇ ਰਾਜਿਆਂ ਵਿਚਕਾਰ ਇੱਕ ਅਣਲਿਖਿਆ ਸਮਝੌਤਾ ਰਿਹਾ ਹੈ। ਪੁਰਾਣੇ ਜ਼ਮਾਨੇ ਵਿੱਚ ਪੁਜਾਰੀ ਪਰਜਾ ਨੂੰ ਇਹ ਸਿਖਾਉਂਦੇ ਸਨ ਕਿ 'ਰਾਜਾ ਭਗਵਾਨ ਦਾ ਰੂਪ ਹੈ, ਇਸ ਲਈ ਰਾਜੇ ਦਾ ਵਿਰੋਧ ਕਰਨਾ ਪਾਪ ਹੈ।' ਬਦਲੇ ਵਿੱਚ ਰਾਜਾ ਪੁਜਾਰੀਆਂ ਨੂੰ ਜਾਗੀਰਾਂ, ਸੋਨਾ ਅਤੇ ਸੁਰੱਖਿਆ ਦਿੰਦਾ ਸੀ। ਅੱਜ ਦੇ ਜਮਹੂਰੀ ਦੌਰ ਵਿੱਚ ਵੀ ਕੁਝ ਨਹੀਂ ਬਦਲਿਆ, ਸਿਰਫ਼ ਤਰੀਕਾ ਬਦਲਿਆ ਹੈ।

ਅੱਜ ਦਾ ਬਾਬਾ ਆਪਣੇ ਲੱਖਾਂ ਅੰਧ-ਭਗਤਾਂ ਨੂੰ ਇੱਕ ਸੰਗਠਿਤ 'ਵੋਟ ਬੈਂਕ' ਵਿੱਚ ਤਬਦੀਲ ਕਰਦਾ ਹੈ। ਚੋਣਾਂ ਨੇੜੇ ਆਉਂਦਿਆਂ ਹੀ ਵੱਡੇ-ਵੱਡੇ ਸਿਆਸਤਦਾਨ ਬਾਬਾ ਜੀ ਦੀ ਕੁਟੀਆ ਵਿੱਚ ਮੱਥਾ ਟੇਕਣ ਆਉਂਦੇ ਹਨ। ਕੈਮਰਿਆਂ ਦੇ ਸਾਹਮਣੇ ਨੇਤਾ ਜੀ ਬਾਬੇ ਦੇ ਚਰਨ ਛੂੰਹਦੇ ਹਨ, ਅਤੇ ਕੈਮਰਿਆਂ ਦੇ ਪਿੱਛੇ ਵੋਟਾਂ ਦਾ ਸੌਦਾ ਹੁੰਦਾ ਹੈ। ਬਦਲੇ ਵਿੱਚ ਸਰਕਾਰ ਬਾਬੇ ਦੇ ਆਸ਼ਰਮ ਦੀਆਂ ਗ਼ੈਰ-ਕਾਨੂੰਨੀ ਉਸਾਰੀਆਂ ਵੱਲੋਂ ਅੱਖਾਂ ਮੀਚ ਲੈਂਦੀ ਹੈ, ਵਿਵਾਦਾਂ ਵੇਲੇ ਪੁਲਿਸ ਜਾਂਚ ਨੂੰ ਠੰਢੇ ਬਸਤੇ ਵਿੱਚ ਪਾ ਦਿੰਦੀ ਹੈ ਅਤੇ ਮੰਗਣ 'ਤੇ ਲਾਲ ਬੱਤੀਆਂ ਤੇ ਸਰਕਾਰੀ ਗੰਨਮੈਨ ਮੁਹੱਈਆ ਕਰਵਾਉਂਦੀ ਹੈ।

ਇਹ ਸਰਕਾਰੀ ਧਰਮ ਗੁਰੂ ਸਿਸਟਮ ਦਾ ਅਜਿਹਾ ਪੁਰਜ਼ਾ ਬਣ ਚੁੱਕੇ ਹਨ, ਜੋ ਜਨਤਾ ਨੂੰ ਅਸਲ ਮੁੱਦਿਆਂ—ਜਿਵੇਂ ਬੇਰੁਜ਼ਗਾਰੀ, ਮਹਿੰਗਾਈ, ਸਿੱਖਿਆ ਅਤੇ ਸਿਹਤ—ਤੋਂ ਭਟਕਾ ਕੇ ਅੰਧ-ਵਿਸ਼ਵਾਸ ਅਤੇ ਭਾਵੁਕਤਾ ਦੇ ਨਸ਼ੇ ਵਿੱਚ ਗੜੁਚ ਰੱਖਦੇ ਹਨ। ਰਾਜੇ ਨੂੰ ਅਜਿਹੇ ਬਾਬੇ ਬਹੁਤ ਪਸੰਦ ਆਉਂਦੇ ਹਨ, ਕਿਉਂਕਿ ਜੋ ਜਨਤਾ ਬਾਬੇ ਦੇ ਇੱਕ ਇਸ਼ਾਰੇ 'ਤੇ ਤਾੜੀਆਂ ਵਜਾਉਣ ਲੱਗ ਪਵੇ, ਉਹ ਸਰਕਾਰ ਤੋਂ ਹਿਸਾਬ ਮੰਗਣ ਜੋਗੀ ਨਹੀਂ ਰਹਿੰਦੀ ਅਸਲ ਵੈਰਾਗ ਉਹ ਹੁੰਦਾ ਹੈ ਜੋ ਚੁੱਪ-ਚਾਪ ਮਨ ਦੇ ਅੰਦਰ ਵਸਦਾ ਹੈ, ਨਾ ਕਿ ਉਹ ਜੋ ਸੋਸ਼ਲ ਮੀਡੀਆ ਦੇ ਲਾਈਵ ਸਟ੍ਰੀਮ 'ਤੇ ਵਿਕਦਾ ਹੈ। ਪਰ ਅਫ਼ਸੋਸ, ਅੱਜ ਦੇ ਦੌਰ ਵਿੱਚ ਜਿੰਨਾ ਵੱਡਾ ਪਾਖੰਡ ਹੈ, ਓਨਾ ਹੀ ਵੱਡਾ ਆਸ਼ਰਮ ਹੈ; ਜਿੰਨਾ ਵੱਡਾ ਝੂਠ ਹੈ, ਓਨੀ ਹੀ ਮਜ਼ਬੂਤ ਜੈਡ ਪਲਸ ਸੁਰੱਖਿਆ ਹੈ!

ਗੁਰਦੁਆਰਿਆਂ 'ਤੇ ਹਮਲੇ ਰੋਕਣ ਵਿੱਚ ਭਾਰਤ ਉੱਪਰ ਨਾਕਾਮੀ ਦੇ ਦੋਸ਼

ਅਮਰੀਕੀ ਕਮਿਸ਼ਨਰਾਂ ਨੇ ਭਾਰਤ ਸਰਕਾਰ ਨੂੰ ਘੇਰਿਆ

ਹਾਲ ਹੀ ਵਿੱਚ ਅਮਰੀਕੀ ਸਰਕਾਰ ਦੀ ਇੱਕ ਸਲਾਹਕਾਰ ਸੰਸਥਾ ਯੂ.ਐਸ.ਸੀ.ਆਈ.ਆਰ.ਐਫ. ਵੱਲੋਂ ਭਾਰਤ ਅੰਦਰ ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨਾਂ ਉੱਤੇ ਹੋ ਰਹੇ ਕਥਿਤ ਹਮਲਿਆਂ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ ਗਈ ਹੈ। ਇਹ ਤਾਜ਼ਾ ਦੋਸ਼ ਅਮਰੀਕਾ ਦੇ ਅੰਤਰਰਾਸ਼ਟਰੀ ਧਾਰਮਿਕ ਅਜ਼ਾਦੀ ਬਾਰੇ ਕਮਿਸ਼ਨ ਨਾਲ ਜੁੜੇ ਦੋ ਸੀਨੀਅਰ ਕਮਿਸ਼ਨਰਾਂ—ਡੇਵਿਡ ਐਂਡਰਸਨ ਅਤੇ ਜੋਅ ਗਰੋਗਨ ਵੱਲੋਂ ਲਗਾਏ ਗਏ ਹਨ। ਇਹ ਕਮਿਸ਼ਨ ਅਮਰੀਕੀ ਸੰਸਦ ਵੱਲੋਂ ਵਿੱਚ ਅੰਤਰਰਾਸ਼ਟਰੀ ਧਾਰਮਿਕ ਅਜ਼ਾਦੀ ਐਕਟ ਤਹਿਤ ਸਥਾਪਿਤ ਕੀਤਾ ਗਿਆ ਸੀ। ਇਸ ਦਾ ਮੁੱਖ ਕੰਮ ਵਿਸ਼ਵ ਭਰ ਵਿੱਚ ਧਾਰਮਿਕ ਅਜ਼ਾਦੀ ਦੀ ਸਥਿਤੀ 'ਤੇ ਨਿਗਰਾਨੀ ਰੱਖਣਾ ਅਤੇ ਅਮਰੀਕੀ ਵਿਦੇਸ਼ ਮੰਤਰਾਲੇ ਨੂੰ ਸਿਫਾਰਸ਼ਾਂ ਭੇਜਣਾ ਹੈ।

ਕਮਿਸ਼ਨਰ ਡੇਵਿਡ ਐਂਡਰਸਨ ਨੇ ਜਨਤਕ ਤੌਰ 'ਤੇ ਦਾਅਵਾ ਕੀਤਾ ਸੀ ਕਿ ਪਿਛਲੇ ਕੁਝ ਹਫ਼ਤਿਆਂ ਦੌਰਾਨ ਭਾਰਤ ਅੰਦਰ ਸਿੱਖ ਗੁਰਦੁਆਰਿਆਂ ਨੂੰ ਹਿੰਸਕ ਗਰੁੱਪਾਂ ਵੱਲੋਂ ਨਿਸ਼ਾਨਾ ਬਣਾਇਆ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਘਟਨਾਵਾਂ ਵਿੱਚ ਧਾਰਮਿਕ ਆਗੂਆਂ ਅਤੇ ਪ੍ਰਚਾਰਕਾਂ ਨੂੰ ਸਰੀਰਕ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਵੀ ਸ਼ਾਮਲ ਹਨ। ਐਂਡਰਸਨ ਨੇ ਅਮਰੀਕੀ ਸਰਕਾਰ ਨੂੰ ਸਪੱਸ਼ਟ ਅਪੀਲ ਕੀਤੀ ਕਿ ਭਾਰਤ ਨੂੰ ਦਿੱਤੀ ਜਾਣ ਵਾਲੀ ਸੁਰੱਖਿਆ ਸਹਾਇਤਾ ਨੂੰ ਧਾਰਮਿਕ ਅਜ਼ਾਦੀ ਦੇ ਅਧਿਕਾਰਾਂ ਦੀ ਰੱਖਿਆ ਨਾਲ ਜੋੜਿਆ ਜਾਵੇ ਤਾਂ ਜੋ ਅਜਿਹੀ ਹਿੰਸਾ ਨੂੰ ਠੱਲ੍ਹ ਪਾਈ ਜਾ ਸਕੇ।

ਦੂਜੇ ਕਮਿਸ਼ਨਰ ਜੋਅ ਗਰੋਗਨ ਨੇ ਇਸ ਮੁੱਦੇ ਨੂੰ ਵਿਆਪਕ ਕਰਦਿਆਂ ਕਿਹਾ ਸੀ ਕਿ ਭਾਰਤ ਵਿੱਚ ਕਿਸੇ ਵੀ ਧਾਰਮਿਕ ਸਥਾਨ—ਚਾਹੇ ਉਹ ਗੁਰਦੁਆਰੇ ਹੋਣ, ਗਿਰਜਾਘਰ ਹੋਣ ਜਾਂ ਮਸਜਿਦਾਂ—ਉੱਤੇ ਹੋਣ ਵਾਲੇ ਹਮਲੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਹਨ। ਉਨ੍ਹਾਂ ਅਮਰੀਕੀ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਭਾਰਤ ਸਰਕਾਰ 'ਤੇ ਲਗਾਤਾਰ ਦਬਾਅ ਬਣਾਵੇ ਤਾਂ ਜੋ ਹਮਲਾਵਰਾਂ ਨੂੰ ਸਜ਼ਾਵਾਂ ਦਿਵਾਈਆਂ ਜਾ ਸਕਣ ਅਤੇ ਸਾਰੇ ਪੂਜਾ ਸਥਾਨਾਂ ਦੀ ਬਿਨਾਂ ਭੇਦਭਾਵ ਰਾਖੀ ਯਕੀਨੀ ਬਣਾਈ ਜਾਵੇ।

ਅਮਰੀਕੀ ਰਿਪੋਰਟ 'ਚ ਭਾਰਤ 'ਤੇ ਪਾਬੰਦੀਆਂ ਲਗਾਉਣ ਦੀ ਸਿਫ਼ਾਰਸ਼

ਇਹ ਦੋਸ਼ ਕਿਉਂ ਲੱਗੇ ਅਤੇ ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਕੀ ਸਨ?

ਅਮਰੀਕੀ ਅਧਿਕਾਰੀਆਂ ਦੇ ਇਹ ਬਿਆਨ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਅੰਦਰ ਅਕਤੂਬਰ ਦੇ ਅਖੀਰ ਵਿੱਚ ਵਾਪਰੀਆਂ ਦੋ ਵੱਖ-ਵੱਖ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਬਾਅਦ ਸਾਹਮਣੇ ਆਏ।ਪਹਿਲੀ ਘਟਨਾ 27 ਅਕਤੂਬਰ ਨੂੰ ਜਗਰਾਓਂ ਨੇੜਲੇ ਪਿੰਡ ਗਾਗੜਾ ਸਥਿਤ ਗੁਰਦੁਆਰਾ ਸ਼੍ਰੀ ਗੋਪਾਲਸਰ ਸਾਹਿਬ ਵਿਖੇ ਵਾਪਰੀ। ਇੱਥੇ ਇੱਕ ਮੂੰਹ ਢਕੇ ਹਥਿਆਰਬੰਦ ਵਿਅਕਤੀ ਨੇ ਗੁਰਦੁਆਰਾ ਸਾਹਿਬ ਵਿੱਚ ਗੋਲੀਆਂ ਚਲਾਈਆਂ ਅਤੇ ਇੱਕ ਧਮਕੀ ਭਰਿਆ ਪੱਤਰ ਛੱਡ ਕੇ ਫ਼ਰਾਰ ਹੋ ਗਿਆ। ਇਸ ਘਟਨਾ ਨੇ ਇਲਾਕੇ ਦੀ ਸੰਗਤ ਅੰਦਰ ਭਾਰੀ ਦਹਿਸ਼ਤ ਪੈਦਾ ਕਰ ਦਿੱਤੀ ਸੀ।

ਅਗਲੇ ਹੀ ਦਿਨ, 28 ਅਕਤੂਬਰ ਨੂੰ, ਪਿੰਡ ਰਾਜੋਆਣਾ ਕਲਾਂ ਦੇ ਗੁਰਦੁਆਰਾ ਮੰਜੀ ਸਾਹਿਬ ਵਿਖੇ ਦੋ ਨਕਾਬਪੋਸ਼ ਵਿਅਕਤੀ ਦਾਖਲ ਹੋਏ ਸਨ ਅਤੇ ਉਨ੍ਹਾਂ ਨੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਦੇ ਕਮਰੇ ਵੱਲ ਸਿੱਧੀਆਂ ਗੋਲੀਆਂ ਚਲਾਈਆਂ ਸਨ। ਮੁੱਖ ਸੇਵਾਦਾਰ ਇਸ ਹਮਲੇ ਵਿੱਚ ਵਾਲ-ਵਾਲ ਬਚ ਗਏ ਸਨ।

ਸ਼ੁਰੂਆਤੀ ਜਾਂਚ ਵਿੱਚ ਸ਼ੱਕ ਜਤਾਇਆ ਗਿਆ ਸੀ ਕਿ ਇਹ ਦੋਵੇਂ ਘਟਨਾਵਾਂ ਆਪਸ ਵਿੱਚ ਜੁੜੀਆਂ ਹੋਈਆਂ ਹਨ ਅਤੇ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹਨ। ਪਰ ਬਾਅਦ ਵਿੱਚ ਪੁਲਿਸ ਜਾਂਚ ਨੇ ਬਿਲਕੁਲ ਵੱਖਰੀ ਕਹਾਣੀ ਸਾਹਮਣੇ ਲਿਆਂਦੀ:ਗਾਗੜਾ ਪਿੰਡ ਦੇ ਮਾਮਲੇ ਵਿੱਚ ਪੁਲਿਸ ਨੇ ਦਾਅਵਾ ਕੀਤਾ ਕਿ ਮੁੱਖ ਸੇਵਾਦਾਰ ਬਾਬਾ ਅਮਰਜੀਤ ਸਿੰਘ ਨੇ ਸਰਕਾਰੀ ਸੁਰੱਖਿਆ ਹਾਸਲ ਕਰਨ ਦੇ ਮਕਸਦ ਨਾਲ ਆਪਣੇ ਇੱਕ ਸਾਥੀ ਰਾਹੀਂ ਖ਼ੁਦ ਹੀ ਇਹ ਜਾਅਲੀ ਹਮਲਾ ਕਰਵਾਇਆ ਸੀ।

(ਬਾਕੀ ਸਫ਼ਾ 27 'ਤੇ)

ਪੰਜਾਬ ਦੀ ਸਿਆਸਤ ਵਿੱਚ ਦਲ-ਬਦਲੀਆਂ ਦੀ ਹਨੇਰੀ, ਕੁਰਸੀ ਦੀ ਭੁੱਖ ਅੱਗੇ ਸਿਧਾਂਤ ਰੁਲੇ

ਵੋਟਰਾਂ ਦੇ ਦਰਬਾਰ ਵਿੱਚ ਦਲਬਦਲੂ ਨੇਤਾਵਾਂ ਦਾ ਕੀ ਭਵਿੱਖ ਹੋਵੇਗਾ ?

ਕੀ ਦਲ-ਬਦਲੂਆਂ ਸਹਾਰੇ ਪੰਜਾਬ 'ਚ ਕਮਲ ਖਿੜਾ ਸਕੇਗੀ ਭਾਜਪਾ ?

ਪੁਨਰ ਸੁਰਜੀਤ ਨੂੰ ਚੰਦੂਮਾਜਰਾ ਦਾ ਝਟਕਾ: ਪੰਥਕ ਏਕਤਾ ਦਾ ਦਰਦ ਜਾਂ ਮੁੜ ਸੱਤਾ ਦੀ ਗੋਦੀ ਵਿੱਚ ਬਹਿਣ ਦੀ ਲਾਲਸਾ ?



2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਅਜੇ ਦੂਰ ਹਨ, ਪਰ ਸੂਬੇ ਦੇ ਸਿਆਸੀ ਅਖਾੜੇ ਵਿੱਚ ਦਲ-ਬਦਲੀ ਦੀਆਂ ਖੇਡਾਂ ਪੂਰੇ ਜ਼ੋਰਾਂ 'ਤੇ ਸ਼ੁਰੂ ਹੋ ਚੁੱਕੀਆਂ ਹਨ। ਕੱਲ੍ਹ ਤੱਕ ਇੱਕ-ਦੂਜੇ ਨੂੰ ਪਾਣੀ ਪੀ-ਪੀ ਕੋਸਣ ਵਾਲੇ ਆਗੂ ਅੱਜ ਆਪਣੀਆਂ ਵਿਰੋਧੀ ਪਾਰਟੀਆਂ ਨਾਲ ਗਲ਼ਵਕੜੀਆਂ ਪਾ ਰਹੇ ਹਨ। ਆਮ ਆਦਮੀ ਪਾਰਟੀ (ਆਪ) ਦੇ ਤਿੰਨ ਵਿਧਾਇਕਾਂ ਕੁੰਵਰ ਵਿਜੇ ਪ੍ਰਤਾਪ ਸਿੰਘ, ਹਰਮੀਤ ਸਿੰਘ ਪਠਾਨਮਾਜਰਾ ਅਤੇ ਚੇਤਨ ਸਿੰਘ ਜੋੜਾਮਾਜਰਾ ਦਾ ਭਾਜਪਾ ਵਿੱਚ ਜਾਣਾ ਹੋਵੇ, ਜਾਂ ਫਿਰ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵਿੱਚੋਂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਅਚਾਨਕ ਕਿਨਾਰਾ ਕਰ ਲੈਣਾ—ਇਨ੍ਹਾਂ ਘਟਨਾਵਾਂ ਨੇ ਪੰਜਾਬੀਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਆਮ ਲੋਕ ਪੁੱਛ ਰਹੇ ਹਨ ਕਿ ਇਹ ਨੇਤਾ ਆਖ਼ਰ ਲੋਕ ਸੇਵਾ ਲਈ ਭੱਜ-ਦੌੜ ਕਰ ਰਹੇ ਹਨ ਜਾਂ ਮਹਿਜ਼ ਸੱਤਾ ਦੀ ਲਾਲਸਾ ਹੈ ?

ਦਲ ਬਦਲੀਆਂ ਦੇ ਕਾਰਣ ਕੀ ਹਨ ?

ਪੰਜਾਬ ਦਾ ਸਿਆਸੀ ਇਤਿਹਾਸ ਗਵਾਹ ਹੈ ਕਿ ਇੱਥੋਂ ਦੇ ਆਗੂ ਹੁਣ ਵਿਚਾਰਧਾਰਾ ਜਾਂ ਲੋਕ ਹਿੱਤਾਂ ਦੀ ਰਾਜਨੀਤੀ ਨਾਲੋਂ ਕੁਰਸੀ ਅਤੇ ਨਿੱਜੀ ਸੁਰੱਖਿਆ ਨੂੰ ਪਹਿਲ ਦੇਣ ਲੱਗ ਪਏ ਹਨ। ਇਸ ਵਰਤਾਰੇ ਪਿੱਛੇ ਮੁੱਖ ਕਾਰਨ ਹਨ। ਕਈ ਸਾਲਾਂ ਤੱਕ ਸੱਤਾ ਸੁੱਖ ਭੋਗਣ ਵਾਲੇ ਆਗੂ ਵਿਰੋਧੀ ਧਿਰ ਵਿੱਚ ਬੈਠਣ ਦਾ ਹੌਸਲਾ ਗੁਆ ਬੈਠੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਜੇਕਰ ਸਰਕਾਰ ਵਿੱਚ ਨਾ ਰਹੇ ਤਾਂ ਉਨ੍ਹਾਂ ਦੀ ਸਿਆਸੀ ਹੋਂਦ ਹੀ ਖ਼ਤਮ ਹੋ ਜਾਵੇਗੀ। ਅੱਜਕੱਲ੍ਹ ਪਾਰਟੀ ਬਦਲਣ ਪਿੱਛੇ ਕੇਂਦਰੀ ਏਜੰਸੀਆਂ (ਈਡੀ, ਸੀਬੀਆਈ, ਵਿਜੀਲੈਂਸ) ਦਾ ਡਰ ਵੀ ਵੱਡਾ ਕਾਰਨ ਮੰਨਿਆ ਜਾਂਦਾ ਹੈ। ਕਈ ਆਗੂ ਆਪਣੇ ਕਾਰੋਬਾਰਾਂ ਅਤੇ ਨਿੱਜੀ ਹਿੱਤਾਂ ਨੂੰ ਬਚਾਉਣ ਲਈ ਸੱਤਾਧਾਰੀ ਧਿਰ ਦੀ ਛਤਰੀ ਹੇਠ ਜਾ ਬੈਠਦੇ ਹਨ। 2027 ਵਿੱਚ ਆਪਣੀ ਪੁਰਾਣੀ ਪਾਰਟੀ ਵਿੱਚੋਂ ਟਿਕਟ ਕੱਟੇ ਜਾਣ ਦੇ ਡਰੋਂ ਕਈ ਨੇਤਾ ਪਹਿਲਾਂ ਹੀ 'ਸੁਰੱਖਿਅਤ ਕਿਸ਼ਤੀ' ਦੀ ਭਾਲ ਸ਼ੁਰੂ ਕਰ ਦਿੰਦੇ ਹਨ।

ਕੀ ਦਲ-ਬਦਲੂ ਕਾਮਯਾਬ ਹੋ ਸਕਣਗੇ ?

ਪੰਜਾਬ ਦੇ ਸਿਆਸੀ ਇਤਿਹਾਸ 'ਤੇ ਝਾਤ ਮਾਰੀਏ ਤਾਂ ਦਲ-ਬਦਲੂ ਨੇਤਾਵਾਂ ਲਈ ਹਾਲਾਤ ਹਮੇਸ਼ਾ ਸੁਖਾਵੇਂ ਨਹੀਂ ਰਹੇ ਆਗੂ ਇਹ ਭਰਮ ਪਾਲ ਲੈਂਦੇ ਹਨ ਕਿ ਜੇਕਰ ਉਹ ਪਾਰਟੀ ਬਦਲਣਗੇ ਤਾਂ ਉਨ੍ਹਾਂ ਦੇ ਹਲਕੇ ਦੇ ਵੋਟਰ ਵੀ ਅੱਖਾਂ ਮੀਚ ਕੇ ਉਨ੍ਹਾਂ ਦੇ ਮਗਰ ਚਲੇ ਜਾਣਗੇ। ਪਰ ਪੰਜਾਬ ਦਾ ਵੋਟਰ ਬਹੁਤ ਜਾਗਰੂਕ ਹੈ। ਰਵਨੀਤ ਬਿੱਟੂ, ਸੁਸ਼ੀਲ ਰਿੰਕੂ ਅਤੇ ਸ਼ੀਤਲ ਅੰਗੁਰਾਲ ਦੀ ਮਿਸਾਲ ਸਾਹਮਣੇ ਹੈ, ਜਿਨ੍ਹਾਂ ਨੂੰ ਪਾਰਟੀਆਂ ਬਦਲਣ ਮਗਰੋਂ ਲੋਕਾਂ ਦੀ ਭਾਰੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪਿਆ। ਜਦੋਂ ਕੋਈ ਬਾਹਰਲਾ ਆਗੂ ਨਵੀਂ ਪਾਰਟੀ ਵਿੱਚ ਸ਼ਾਮਲ ਹੁੰਦਾ ਹੈ, ਤਾਂ ਉਸ ਪਾਰਟੀ ਦੇ ਪੁਰਾਣੇ ਵਰਕਰ ਉਸ ਨੂੰ ਆਸਾਨੀ ਨਾਲ ਸਵੀਕਾਰ ਨਹੀਂ ਕਰਦੇ। ਟਿਕਟਾਂ ਦੀ ਵੰਡ ਵੇਲੇ ਦਲ ਬਦਲੂਆਂ ਨੂੰ ਬਗ਼ਾਵਤ ਦਾ ਸਾਹਮਣਾ ਕਰਨਾ ਪੈਂਦਾ ਹੈ।

ਕੀ ਭਾਜਪਾ ਦਲ-ਬਦਲੀਆਂ ਸਹਾਰੇ ਪੰਜਾਬ ਵਿੱਚ ਪੈਰ ਜਮਾ ਸਕੇਗੀ ?

ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਕਾਂਗਰਸ ਅਤੇ 'ਆਪ' ਦੇ ਵੱਡੇ ਚਿਹਰਿਆਂ ਨੂੰ ਸ਼ਾਮਲ ਕਰਵਾ ਕੇ ਸ਼ਾਰਟਕੱਟ ਰਸਤਾ ਅਪਣਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਮਨਪ੍ਰੀਤ ਬਾਦਲ ਤੋਂ ਬਾਅਦ ਹੁਣ 'ਆਪ' ਦੇ ਵਿਧਾਇਕਾਂ ਨੂੰ ਨਾਲ ਜੋੜ ਕੇ ਭਾਜਪਾ ਮਾਲਵਾ ਅਤੇ ਮਾਝਾ ਵਿੱਚ ਪੈਰ ਪਸਾਰਨਾ ਚਾਹੁੰਦੀ ਹੈ। ਪਰ ਇਸ ਰਣਨੀਤੀ ਅੱਗੇ ਵੱਡੀਆਂ ਚੁਣੌਤੀਆਂ ਹਨ।

ਪੰਜਾਬ ਦਾ ਕਿਸਾਨ, ਮਜ਼ਦੂਰ ਅਤੇ ਪੇਂਡੂ ਵੋਟਰ ਅਜੇ ਵੀ ਭਾਜਪਾ ਦੀਆਂ ਕੇਂਦਰੀ ਨੀਤੀਆਂ, ਐੱਮ.ਐੱਸ.ਪੀ. ਅਤੇ ਕਿਸਾਨੀ ਮੁੱਦਿਆਂ ਨੂੰ ਲੈ ਕੇ ਨਾਰਾਜ਼ ਹੈ। ਮਹਿਜ਼ ਕੁਝ ਨੇਤਾਵਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਉਣ ਨਾਲ ਇਹ ਜ਼ਮੀਨੀ ਗੁੱਸਾ ਸ਼ਾਂਤ ਨਹੀਂ ਹੋ ਸਕਦਾ। ਭਾਜਪਾ ਦੇ ਆਪਣੇ ਟਕਸਾਲੀ ਆਗੂ ਖ਼ੁਦ ਨੂੰ ਅਣਗੌਲਿਆ ਮਹਿਸੂਸ ਕਰ ਰਹੇ ਹਨ। ਜੇਕਰ ਬਾਹਰੋਂ ਆਏ ਆਗੂਆਂ ਨੂੰ ਹੀ ਅੱਗੇ ਕੀਤਾ ਜਾਵੇਗਾ ਤਾਂ ਪਾਰਟੀ ਦਾ ਆਪਣਾ ਕਾਡਰ ਬਗ਼ਾਵਤ ਦੀ ਰਾਹ ਪੈ ਜਾਵੇਗਾ।

ਸਿਆਸੀ ਮਾਹਿਰਾਂ ਮੁਤਾਬਕ, ਜਦੋਂ ਤੱਕ ਭਾਜਪਾ ਪੰਜਾਬ ਦੇ ਬੰਦੀ ਸਿੰਘਾਂ, ਪਾਣੀਆਂ, ਕਿਸਾਨਾਂ ਅਤੇ ਸੰਘੀ ਢਾਂਚੇ ਵਰਗੇ ਬੁਨਿਆਦੀ ਮੁੱਦਿਆਂ 'ਤੇ ਸੂਬੇ ਦੇ ਹੱਕ ਵਿੱਚ ਖੜ੍ਹਨ ਦਾ ਭਰੋਸਾ ਨਹੀਂ ਦਿੰਦੀ, ਉਦੋਂ ਤੱਕ ਦਲ-ਬਦਲੂਆਂ ਦੀ ਭੀੜ ਨਾਲ ਚੋਣਾਂ ਜਿੱਤਣਾ ਅਸੰਭਵ ਜਾਪਦਾ ਹੈ।

ਚੰਦੂਮਾਜਰਾ ਦਾ ਕਦਮ: ਪੰਥਕ ਰਾਜਨੀਤੀ 'ਤੇ ਅਸਰ ਅਤੇ ਮਜ਼ਾਕ ਕਿਉਂ ਬਣ ਰਿਹਾ ?

ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਵੱਲੋਂ ਅਕਾਲੀ ਦਲ (ਪੁਨਰ ਸੁਰਜੀਤ) ਨੂੰ ਅਲਵਿਦਾ ਕਹਿਣਾ ਪੰਥਕ ਹਲਕਿਆਂ ਵਿੱਚ ਚਰਚਾ ਦਾ ਵੱਡਾ ਵਿਸ਼ਾ ਹੈ। ਪਹਿਲਾਂ ਚਰਨਜੀਤ ਬਰਾੜ, ਸੁਰਜੀਤ ਰੱਖੜਾ ਅਤੇ ਮਨਪ੍ਰੀਤ ਇਆਲੀ ਦਾ ਵੱਖ ਹੋਣਾ ਅਤੇ ਹੁਣ ਚੰਦੂਮਾਜਰਾ ਦਾ ਜਾਣਾ, ਇਹ ਸਾਬਤ ਕਰਦਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਬਣਿਆ ਸੁਧਾਰਵਾਦੀ ਧੜਾ ਅੰਦਰੂਨੀ ਫੁੱਟ ਦਾ ਸ਼ਿਕਾਰ ਹੋ ਚੁੱਕਾ ਹੈ। ਇਸ ਨਾਲ ਬਾਦਲ ਦਲ ਨੂੰ ਆਪਣੀ ਸਥਿਤੀ ਮਜ਼ਬੂਤ ਕਰਨ ਅਤੇ ਪੁਰਾਣੇ ਸਾਥੀਆਂ ਨੂੰ ਮੁੜ ਇਕੱਠੇ ਕਰਨ ਦਾ ਮੌਕਾ ਜ਼ਰੂਰ ਮਿਲੇਗਾ। ਆਮ ਲੋਕਾਂ ਅਤੇ ਸੋਸ਼ਲ ਮੀਡੀਆ 'ਤੇ ਚੰਦੂਮਾਜਰਾ ਦੇ ਫ਼ੈਸਲੇ 'ਤੇ ਤਨਜ਼ ਕਸੇ ਜਾ ਰਹੇ ਹਨ ਕਿਉਂਕਿ ਕੱਲ੍ਹ ਤੱਕ ਬਾਦਲ ਪਰਿਵਾਰ ਨੂੰ ਪੰਥ ਅਤੇ ਪੰਜਾਬ ਦਾ ਗ਼ੱਦਾਰ ਦੱਸਣ ਵਾਲੇ ਅਤੇ ਅਕਾਲੀ ਦਲ ਨੂੰ ਬਚਾਉਣ ਲਈ ਵੱਖਰਾ ਮੰਚ ਬਣਾਉਣ ਵਾਲੇ ਆਗੂ ਕੁਝ ਹੀ ਮਹੀਨਿਆਂ ਵਿੱਚ ਬਾਦਲ ਦਲ ਵਲ ਮੁੜਨ ਲੱਗੇ ਹਨ।

ਦਲ-ਬਦਲੀਆਂ ਕਾਰਨ ਪੰਜਾਬ ਦੇ ਭਵਿੱਖ ਦਾ ਕੀ ਬਣੇਗਾ ?

ਜੇਕਰ ਪੰਜਾਬ ਦੀ ਸਿਆਸਤ ਵਿੱਚੋਂ ਸਿਧਾਂਤ, ਵਫ਼ਾਦਾਰੀ ਅਤੇ ਨੈਤਿਕਤਾ ਇਸੇ ਤਰ੍ਹਾਂ ਖ਼ਤਮ ਹੁੰਦੀ ਰਹੀ ਤਾਂ ਇਸ ਦਾ ਖ਼ਮਿਆਜ਼ਾ ਸਮੁੱਚੇ ਸੂਬੇ ਨੂੰ ਭੁਗਤਣਾ ਪਵੇਗਾ। ਜਦੋਂ ਵੋਟਰ ਵੇਖਣਗੇ ਕਿ ਜਿਸ ਨੂੰ ਉਨ੍ਹਾਂ ਨੇ ਕਿਸੇ ਖ਼ਾਸ ਪਾਰਟੀ ਦੇ ਚੋਣ ਨਿਸ਼ਾਨ 'ਤੇ ਜਿਤਾਇਆ ਸੀ, ਉਹ ਕੱਲ੍ਹ ਵਿਰੋਧੀ ਧਿਰ ਦੀ ਝੋਲੀ ਵਿੱਚ ਬੈਠਾ ਹੈ, ਤਾਂ ਆਮ ਆਦਮੀ ਦਾ ਚੋਣ ਪ੍ਰਣਾਲੀ ਤੋਂ ਭਰੋਸਾ ਉੱਠ ਜਾਵੇਗਾ। ਨਸ਼ੇ, ਬੇਰੁਜ਼ਗਾਰੀ, ਪਾਣੀ ਦਾ ਸੰਕਟ, ਕਿਸਾਨੀ ਕਰਜ਼ੇ ਅਤੇ ਉਦਯੋਗਾਂ ਦਾ ਪਲਾਇਨ—ਇਹ ਉਹ ਗੰਭੀਰ ਮੁੱਦੇ ਹਨ ਜਿਨ੍ਹਾਂ 'ਤੇ ਸੰਜੀਦਾ ਬਹਿਸ ਹੋਣੀ ਚਾਹੀਦੀ ਹੈ। ਪਰ ਦਲ-ਬਦਲੀਆਂ ਕਾਰਨ ਮੀਡੀਆ ਅਤੇ ਸਿਆਸਤ ਦਾ ਧਿਆਨ ਕੇਵਲ 'ਕੌਣ ਕਿੱਧਰ ਗਿਆ' ਉੱਤੇ ਹੀ ਟਿਕਿਆ ਰਹਿੰਦਾ ਹੈ। ਕੋਈ ਵੀ ਸਰਕਾਰ ਜਾਂ ਨੇਤਾ ਆਪਣੀਆਂ ਪਿਛਲੀਆਂ ਨਾਕਾਮੀਆਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਨੇਤਾ ਪਾਰਟੀ ਬਦਲ ਕੇ ਪੁਰਾਣੇ ਸਾਰੇ ਦਾਗ਼ ਧੋਣ ਦਾ ਦਾਅਵਾ ਕਰਨ ਲੱਗ ਪੈਂਦੇ ਹਨ।

ਸਿਆਸੀ ਮਾਹਿਰਾਂ ਦੀ ਰਾਇ

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪੰਜਾਬ ਦੀ ਸਿਆਸਤ ਅੱਜ 'ਵਿਚਾਰਧਾਰਕ ਦੀਵਾਲੀਆਪਨ' ਦੇ ਦੌਰ ਵਿੱਚੋਂ ਲੰਘ ਰਹੀ ਹੈ। ਮਾਹਿਰਾਂ ਮੁਤਾਬਕ ਪਾਰਟੀਆਂ ਆਪਣੇ ਕਾਡਰ ਅਤੇ ਨੀਤੀਆਂ ਨੂੰ ਮਜ਼ਬੂਤ ਕਰਨ ਦੀ ਬਜਾਏ ਸਿਰਫ਼ 'ਜਿੱਤਣ ਵਾਲੇ ਘੋੜਿਆਂ' ਦੀ ਭਾਲ ਵਿੱਚ ਹਨ।

(ਬਾਕੀ ਸਫ਼ਾ 27 'ਤੇ)

'ਸਤਿਕਾਰ ਸੋਧ ਐਕਟ' ਨੂੰ ਲੈ ਕੇ ਸਰਕਾਰ ਕਸੂਤੀ ਘਿਰੀ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਮੇਟੀ ਨੇ ਗੱਲਬਾਤ ਤੋਂ ਪਹਿਲਾਂ ਰੱਖੀ ਕਾਨੂੰਨ ਰੋਕਣ ਦੀ ਸ਼ਰਤ

ਆਨੰਦਪੁਰ ਸਾਹਿਬ ਮੀਟਿੰਗ: ਮਾਹਿਰ ਕਮੇਟੀ ਨੇ ਕਿਹਾ ਕਿ ਧਾਰਮਿਕ ਮਾਮਲਿਆਂ ਵਿੱਚ ਸਰਕਾਰੀ ਦਖ਼ਲ ਬਰਦਾਸ਼ਤ ਨਹੀਂ



ਆਨੰਦਪੁਰ ਸਾਹਿਬ/ਏ.ਟੀ.ਨਿਊਜ਼ : ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਗਏ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਨੂੰ ਲੈ ਕੇ ਪੈਦਾ ਹੋਇਆ ਵਿਵਾਦ ਹੁਣ ਨਵੇਂ ਮੋੜ 'ਤੇ ਪਹੁੰਚ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕਾਨੂੰਨੀ ਮਾਹਿਰਾਂ ਅਤੇ ਉੱਘੇ ਸਿੱਖ ਵਿਦਵਾਨਾਂ ਦੀ ਉੱਚ ਪੱਧਰੀ ਕਮੇਟੀ ਨੇ ਪੰਜਾਬ ਸਰਕਾਰ ਪ੍ਰਤੀ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਸਾਫ਼ ਕਰ ਦਿੱਤਾ ਹੈ ਕਿ ਸਰਕਾਰ ਨਾਲ ਕਿਸੇ ਵੀ ਤਰ੍ਹਾਂ ਦੀ ਅਗਲੀ ਗੱਲਬਾਤ ਤਾਂ ਹੀ ਸੰਭਵ ਹੋਵੇਗੀ ਜੇਕਰ ਉਹ ਇਸ ਵਿਵਾਦਤ ਕਾਨੂੰਨ ਦੇ ਅਮਲ 'ਤੇ ਮੁਕੰਮਲ ਰੋਕ ਲਗਾਏਗੀ। ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਈ ਇਸ ਅਹਿਮ ਇਕੱਤਰਤਾ ਨੇ ਸਪੱਸ਼ਟ ਸੰਕੇਤ ਦੇ ਦਿੱਤਾ ਹੈ ਕਿ ਪੰਥਕ ਮਰਯਾਦਾ ਅਤੇ ਧਾਰਮਿਕ ਪ੍ਰਭੂਸੱਤਾ ਦੇ ਮਾਮਲੇ 'ਤੇ ਸਰਕਾਰ ਨੂੰ ਕਿਸੇ ਵੀ ਕੀਮਤ 'ਤੇ ਦਖਲਅੰਦਾਜ਼ੀ ਨਹੀਂ ਕਰਨ ਦਿੱਤੀ ਜਾਵੇਗੀ।

ਕਮੇਟੀ ਦਾ ਰੁਖ਼ ਸਖ਼ਤ ਕਿਉਂ ?

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਮੇਟੀ ਦਾ ਸਰਕਾਰ ਪ੍ਰਤੀ ਸਖ਼ਤ ਰੁਖ਼ ਅਚਾਨਕ ਸਾਹਮਣੇ ਨਹੀਂ ਆਇਆ, ਸਗੋਂ ਇਸ ਦੇ ਪਿੱਛੇ ਡੂੰਘੇ ਸਿਧਾਂਤਕ ਅਤੇ ਕਾਨੂੰਨੀ ਕਾਰਨ ਹਨ।

ਸਿੱਖ ਪੰਥ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੱਖ ਵਿਦਵਾਨਾਂ ਦਾ ਮੰਨਣਾ ਹੈ ਕਿ ਗੁਰੂ ਸਾਹਿਬ ਦੇ ਸਤਿਕਾਰ, ਮਰਯਾਦਾ ਅਤੇ ਧਾਰਮਿਕ ਪ੍ਰਬੰਧਾਂ ਦੇ ਨਿਯਮ ਬਣਾਉਣ ਦਾ ਅਧਿਕਾਰ ਪੰਥ ਅਤੇ ਸਰਵਉੱਚ ਤਖ਼ਤ ਕੋਲ ਹੈ, ਨਾ ਕਿ ਕਿਸੇ ਸਿਆਸੀ ਸਰਕਾਰ ਕੋਲ। ਸਰਕਾਰ ਵੱਲੋਂ ਕਾਨੂੰਨ ਰਾਹੀਂ ਇਹਨਾਂ ਮਾਮਲਿਆਂ ਨੂੰ ਨਿਯੰਤਰਿਤ ਕਰਨ ਨੂੰ ਸਿੱਖ ਮਾਮਲਿਆਂ ਵਿੱਚ ਸਿੱਧਾ ਦਖ਼ਲ ਮੰਨਿਆ ਜਾ ਰਿਹਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 29 ਜੂਨ 2026 ਨੂੰ ਹੀ ਇਸ ਕਾਨੂੰਨ ਦੇ ਅਮਲ ਨੂੰ ਰੋਕਣ ਅਤੇ ਸਥਿਤੀ ਸਪੱਸ਼ਟ ਕਰਨ ਦੇ ਸਖ਼ਤ ਆਦੇਸ਼ ਦਿੱਤੇ ਗਏ ਸਨ। ਸਰਕਾਰ ਨੇ ਹੁਕਮਾਂ ਦੀ ਪਾਲਣਾ ਕਰ ਕੇ ਕਾਰਵਾਈ ਰਿਪੋਰਟ ਭੇਜਣ ਦੀ ਬਜਾਏ ਮਹਿਜ਼ ਇੱਕ ਤਾਲਮੇਲ ਕਮੇਟੀ ਬਣਾ ਕੇ ਮਾਮਲੇ ਨੂੰ ਲਮਕਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਕਾਰਨ ਕਮੇਟੀ ਨੇ ਸਰਕਾਰ ਦੇ ਰਵੱਈਏ 'ਤੇ ਤਿੱਖੀ ਨਾਰਾਜ਼ਗੀ ਜਤਾਈ।

ਇਕੱਤਰਤਾ ਦੇ ਅਹਿਮ ਫ਼ੈਸਲੇ ਅਤੇ ਅਗਲੀ ਨੀਤੀ

ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਈ ਇਸ ਮੀਟਿੰਗ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਰੁਪਿੰਦਰ ਸਿੰਘ ਸੋਢੀ, ਜਸਟਿਸ ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਵਕੀਲ ਪੂਰਨ ਸਿੰਘ ਹੁੰਦਲ, ਸਿੱਖ ਚਿੰਤਕ ਡਾ. ਕੇਹਰ ਸਿੰਘ ਅਤੇ ਪ੍ਰੋ. ਜਗਮੋਹਨ ਸਿੰਘ ਵਰਗੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਮੀਟਿੰਗ ਵਿੱਚ ਪੰਜਾਬ ਸਰਕਾਰ ਦੇ ਤਾਲਮੇਲ ਅਫ਼ਸਰ ਵੱਲੋਂ ਗੱਲਬਾਤ ਲਈ ਭੇਜੀ ਚਿੱਠੀ 'ਤੇ ਨਿਰਣਾ ਲੈਂਦਿਆਂ ਕਮੇਟੀ ਨੇ ਆਪਣੀ ਅਗਲੀ ਰਣਨੀਤੀ ਸਪੱਸ਼ਟ ਕੀਤੀ।

ਗੱਲਬਾਤ ਤਦ ਹੋਵੇਗੀ ਜਦੋਂ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਕੇ ਇਸ ਸੋਧ ਐਕਟ ਦੇ ਅਮਲ 'ਤੇ ਪੂਰਨ ਪਾਬੰਦੀ ਲਗਾਏਗੀ। ਸਰਕਾਰ ਨੂੰ 29 ਜੂਨ ਦੇ ਆਦੇਸ਼ਾਂ ਤਹਿਤ ਹੁਣ ਤੱਕ ਕੀਤੀ ਕਾਰਵਾਈ ਦਾ ਲਿਖਤੀ ਵੇਰਵਾ ਕਮੇਟੀ ਸਾਹਮਣੇ ਰੱਖਣਾ ਪਵੇਗਾ। ਕਮੇਟੀ ਵਿੱਚ ਉੱਚ ਅਦਾਲਤਾਂ ਦੇ ਸਾਬਕਾ ਜੱਜ ਅਤੇ ਕਾਨੂੰਨੀ ਮਾਹਿਰ ਸ਼ਾਮਲ ਹਨ। ਜੇਕਰ ਸਰਕਾਰ ਨੇ ਅੜੀਅਲ ਵਤੀਰਾ ਜਾਰੀ ਰੱਖਿਆ ਤਾਂ ਕਮੇਟੀ ਇਸ ਐਕਟ ਨੂੰ ਸੰਵਿਧਾਨ ਦੀ ਧਾਰਾ 25 ਅਤੇ 26 (ਧਾਰਮਿਕ ਆਜ਼ਾਦੀ ਦੇ ਅਧਿਕਾਰ) ਦੇ ਉਲੰਘਣ ਵਜੋਂ ਅਦਾਲਤ ਵਿੱਚ ਚੁਣੌਤੀ ਦੇਣ ਅਤੇ ਪੰਥਕ ਪੱਧਰ 'ਤੇ ਸਰਕਾਰ ਵਿਰੁੱਧ ਸਖ਼ਤ ਫ਼ੈਸਲੇ ਲੈਣ ਦੀ ਸਿਫ਼ਾਰਸ਼ ਕਰ ਸਕਦੀ ਹੈ।

ਕੀ ਸਰਕਾਰ ਕਾਨੂੰਨ ਬਣਾ ਕੇ ਫਸ ਗਈ ਹੈ ?

ਸਿਆਸੀ ਅਤੇ ਪੰਥਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਪੰਜਾਬ ਸਰਕਾਰ ਇਸ ਮੁੱਦੇ 'ਤੇ ਦੋਹਰੀ ਮੁਸੀਬਤ ਵਿੱਚ ਘਿਰ ਚੁੱਕੀ ਹੈ। ਕਾਨੂੰਨ ਪਾਸ ਕਰਦੇ ਸਮੇਂ ਸਰਕਾਰ ਨੇ ਸ਼ਾਇਦ ਇਸ ਨੂੰ ਬੇਅਦਬੀ ਰੋਕਣ ਜਾਂ ਸਤਿਕਾਰ ਬਹਾਲੀ ਦੇ ਸਿਆਸੀ ਲਾਹੇ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਇਹ ਦਾਅ ਪੁੱਠਾ ਪੈਂਦਾ ਨਜ਼ਰ ਆ ਰਿਹਾ ਹੈ। ਜੇਕਰ ਸਰਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅੱਗੇ ਝੁਕ ਕੇ ਕਾਨੂੰਨ ਵਾਪਸ ਲੈਂਦੀ ਹੈ ਜਾਂ ਇਸ 'ਤੇ ਰੋਕ ਲਗਾਉਂਦੀ ਹੈ, ਤਾਂ ਵਿਰੋਧੀ ਧਿਰਾਂ ਇਸ ਨੂੰ ਸਰਕਾਰ ਦੀ ਪ੍ਰਬੰਧਕੀ ਨਾਕਾਮੀ ਅਤੇ ਕਾਹਲੀ ਵਿੱਚ ਚੁੱਕਿਆ ਕਦਮ ਕਹਿ ਕੇ ਭੰਡਣਗੀਆਂ। ਦੂਜੇ ਪਾਸੇ, ਜੇਕਰ ਸਰਕਾਰ ਆਪਣੀ ਜ਼ਿੱਦ 'ਤੇ ਅੜੀ ਰਹਿੰਦੀ ਹੈ, ਤਾਂ ਉਸ ਨੂੰ ਸਿੱਖ ਸੰਸਥਾਵਾਂ, ਜਥੇਬੰਦੀਆਂ ਅਤੇ ਸੰਗਤ ਦੇ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ।

ਸਰਕਾਰ ਵੱਲੋਂ ਨੋਡਲ ਅਫ਼ਸਰ ਰਾਹੀਂ ਗੱਲਬਾਤ ਦਾ ਰਾਹ ਲੱਭਣਾ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਸਰਕਾਰ ਨੂੰ ਖ਼ੁਦ ਇਸ ਕਾਨੂੰਨ ਦੀਆਂ ਕਾਨੂੰਨੀ ਉਲਝਣਾਂ ਦਾ ਅਹਿਸਾਸ ਹੋ ਚੁੱਕਾ ਹੈ ਅਤੇ ਉਹ ਸਨਮਾਨਜਨਕ ਬਚਾਅ ਦਾ ਰਸਤਾ ਲੱਭ ਰਹੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਸਰਕਾਰ ਪੰਥਕ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਕਾਨੂੰਨ 'ਤੇ ਰੋਕ ਲਗਾਉਂਦੀ ਹੈ ਜਾਂ ਫਿਰ ਟਕਰਾਅ ਦਾ ਨਵਾਂ ਰਾਹ ਅਖ਼ਤਿਆਰ ਕਰਦੀ ਹੈ।



ਪੱਛਮੀ ਸੱਭਿਅਤਾ ਦਾ ਭਾਰਤੀ ਸੱਭਿਅਤਾ 'ਤੇ ਪੈ ਰਿਹੈ ਪ੍ਰਭਾਵ

ਆਧੁਨਿਕਤਾ ਦੀ ਆੜ ਵਿੱਚ ਸਮਾਜਿਕ ਕਦਰਾਂ-ਕੀਮਤਾਂ ਦੀ ਕੀਤੀ ਜਾ ਰਹੀ ਹੈ ਉਲੰਘਣਾ

ਅੰਮ੍ਰਿਤਸਰ ਟਾਈਮਜ਼ ਬਿਊਰੋ

ਹਰ ਕੌਮ ਅਤੇ ਸੱਭਿਅਤਾ ਦਾ ਆਪਣਾ ਵਿਸ਼ੇਸ਼ ਪਹਿਰਾਵਾ ਹੁੰਦਾ ਹੈ ਅਤੇ ਪੱਛਮੀ ਸੱਭਿਅਤਾ ਵਿੱਚ ਵੀ ਉਸ ਸੱਭਿਅਤਾ ਦੇ ਪਹਿਰਾਵੇ ਨੂੰ ਸੁਚੱਜਾ ਸਮਝਿਆ ਜਾਂਦਾ ਹੈ ਪਰ ਪੱਛਮੀ ਸੱਭਿਅਤਾ ਦੇ ਨਾਅ 'ਤੇ ਕੁਝ ਲੋਕਾਂ ਵੱਲੋਂ ਆਧੁਨਿਕਤਾ ਦੀ ਆੜ ਵਿੱਚ ਅਸ਼ਲੀਲਤਾ ਪਰੋਸੀ ਜਾ ਰਹੀ ਹੈ, ਜਿਸ ਨੂੰ ਸਾਡਾ ਸਮਾਜ ਕਿਸੇ ਨਾ ਕਿਸੇ ਰੂਪ ਵਿੱਚ ਗ੍ਰਹਿਣ ਕਰਦਾ ਜਾ ਰਿਹਾ ਹੈ।

ਪੱਛਮੀ ਸੱਭਿਅਤਾ ਵਿੱਚ ਵੀ ਅਨੇਕਾਂ ਚੰਗੀਆਂ ਗੱਲਾਂ ਅਤੇ ਗੁਣ ਹਨ, ਜਿਹਨਾਂ ਨੂੰ ਗ੍ਰਹਿਣ ਕਰਨ ਵਿੱਚ ਕੋਈ ਬੁਰਾਈ ਨਹੀਂ ਹੈ, ਸਗੋਂ ਇਹਨਾਂ ਗੁਣਾਂ ਨੂੰ ਅਪਨਾਅ ਕੇ ਸਮਾਜ ਨੂੰ ਹੋਰ ਆਧੁਨਿਕ ਬਣਾਇਆ ਜਾ ਸਕਦਾ ਹੈ, ਪਰ ਕੁਝ ਲੋਕ ਪੱਛਮੀ ਸਭਿਅਤਾ ਦਾ ਨਾਅ ਦੇ ਕੇ ਊਲ ਜਲੂਲ ਪੇਸ਼ ਕਰ ਰਹੇ ਹਨ, ਜਿਸ ਨੂੰ ਸਹੀ ਨਹੀਂ ਮੰਨਿਆ ਜਾ ਸਕਦਾ। ਸ਼ਰਾਰਤੀ ਅਨਸਰ ਹਰ ਇਲਾਕੇ ਵਿੱਚ ਹੁੰਦੇ ਹਨ, ਜਿਹਨਾਂ ਦਾ ਮੁੱਖ ਕੰਮ ਹੀ ਸ਼ਰਾਰਤ ਕਰਕੇ ਵੱਖ-ਵੱਖ ਕੌਮਾਂ ਅਤੇ ਸੱਭਿਆਤਾਵਾਂ ਵਿੱਚ ਤਨਾਓ ਫੈਲਾਉਣਾ ਹੁੰਦਾ ਹੈ ਅਜਿਹੇ ਸ਼ਰਾਰਤੀ ਅਨਸਰਾਂ ਤੋਂ ਸੁਚੇਤ ਹੋਣ ਦੀ ਲੋੜ ਹੈ।

ਭਾਰਤ ਵਿੱਚ ਵੀ ਅੱਜ ਕੱਲ੍ਹ ਅਨੇਕਾਂ ਨੌਜਵਾਨਾਂ ਵੱਲੋਂ ਆਪਣੀਆਂ ਪਤਨੀਆਂ ਦੀਆਂ ਨਾਚ ਕਰਦੀਆਂ, ਗਾਣੇ ਗਾਉਂਦੀਆਂ ਅਤੇ ਕਈ ਤਰ੍ਹਾਂ ਦੇ ਬੇਹੂਦਾ ਸੰਵਾਦ ਬੋਲਦੀਆਂ ਦੀਆਂ ਵੀਡੀਓ ਖੁਦ ਹੀ ਸ਼ੋਸ਼ਲ ਮੀਡੀਆ 'ਤੇ ਜਾਰੀ ਕੀਤੀਆਂ ਜਾਂਦੀਆਂ ਹਨ, ਜਦੋਂ ਇਹਨਾਂ ਵੀਡੀਓ ਬਾਰੇ ਕੋਈ ਵਿਵਾਦ ਖੜ੍ਹਾ ਹੋ ਜਾਂਦਾ ਹੈ ਤਾਂ ਇਹਨਾਂ ਵੱਲੋਂ ਦੋਸ਼ ਕਿਸੇ ਤੀਜੇ ਉੱਪਰ ਲਗਾ ਦਿੱਤਾ ਜਾਂਦਾ ਹੈ, ਕਿ ਕਿਸੇ ਹੋਰ ਨੇ ਉਹਨਾਂ ਦੀ ਇਹ ਵੀਡੀਓ ਵਾਇਰਲ ਕਰ ਦਿੱਤੀ ਹੈ।

ਇਸ ਤਰ੍ਹਾਂ ਦੀਆਂ ਕਈ ਘਟਨਾਵਾਂ ਵਾਪਰ ਰਹੀਆਂ ਹਨ, ਜਿਨ੍ਹਾਂ ਦੀ ਅਸਲੀਅਤ ਕੀ ਹੁੰਦੀ ਹੈ, ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ ਪਰ ਇੱਕ ਗੱਲ ਜ਼ਰੂਰ ਹਰ ਸਿਆਣੇ ਵਿਅਕਤੀ ਨੂੰ ਰੜਕਦੀ ਹੈ ਕਿ ਆਧੁਨਿਕਤਾ ਦੇ ਨਾਮ 'ਤੇ ਸਾਡੇ ਸਮਾਜ ਵਿੱਚ ਇਹ ਕੀ ਕੁਝ ਹੋਣ ਲੱਗ ਪਿਆ ਹੈ।

ਇਸ ਤੋਂ ਇਲਾਵਾ ਚੰਡੀਗੜ੍ਹ ਵਰਗੇ ਸ਼ਹਿਰਾਂ ਦੇ ਪਾਰਕਾਂ ਵਿੱਚ ਅਕਸਰ ਮੁੰਡੇ ਕੁੜੀਆਂ ਅਸ਼ਲੀਲ ਹਰਕਤਾਂ ਕਰਨ ਲੱਗਦੇ ਹਨ, ਜਿਸ ਕਾਰਨ ਪਾਰਕ ਵਿੱਚ ਮੌਜੂਦ ਆਮ ਲੋਕਾਂ ਨੂੰ ਕਾਫ਼ੀ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਆਮ ਸ਼ਹਿਰਾਂ ਵਿੱਚ ਵੀ ਅਕਸਰ ਨੌਜਵਾਨ ਮੁੰਡੇ ਕੁੜੀਆਂ ਹੱਥਾਂ ਵਿੱਚ ਹੱਥ ਪਾ ਕੇ ਘੁੰਮਦੇ ਹਨ ਅਤੇ ਇੱਕ ਦੂਜੇ ਨਾਲ ਈਲੂ ਈਲੂ ਕਰਦੇ ਹਨ, ਜਿਸ ਨਾਲ ਜਵਾਨ ਹੋ ਰਹੇ ਬੱਚਿਆਂ 'ਤੇ ਗਲਤ ਪ੍ਰਭਾਵ ਪੈਂਦਾ ਹੈ।

ਨੇਕੀ ਦੀ ਥਾਂ ਕਾਫ਼ੀ ਤੇਜ਼ੀ ਨਾਲ ਫੈਲਦੀ ਬਦੀ

ਆਧੁਨਿਕ ਸੰਚਾਰ ਸਾਧਨਾਂ ਨਾਲ ਦੁਨੀਆਂ ਇੱਕ ਗਲੋਬਲ ਪਿੰਡ ਬਣ ਗਈ ਹੈ, ਜਿਸ ਕਰਕੇ ਸੰਸਾਰ ਦੇ ਕਿਸੇ ਵੀ ਇਲਾਕੇ ਵਿੱਚ ਵਾਪਰੀ ਕੋਈ ਘਟਨਾ ਮਿੰਟਾਂ ਵਿੱਚ ਹੀ ਸੰਚਾਰ ਸਾਧਨਾਂ ਤੇ ਸੋਸ਼ਲ ਮੀਡੀਆ ਰਾਹੀਂ ਪੂਰੀ ਦੁਨੀਆਂ ਵਿੱਚ ਫੈਲ ਜਾਂਦੀ ਹੈ। ਇਸ ਤੋਂ ਇਲਾਵਾ ਕਈ ਚੁਸਤ, ਚਲਾਕ ਤੇ ਲਾਲਚੀ ਲੋਕ ਇੱਕ ਦੂਜੇ ਨੂੰ ਬਦਨਾਮ ਕਰਨ ਲਈ ਜਾਅਲੀ ਵੀਡੀਓ ਵੀ ਸ਼ੇਅਰ ਕਰ ਦਿੰਦੇ ਹਨ ਜਦੋਂ ਤਕ ਇਹਨਾਂ ਵੀਡੀਓ ਦੀ ਅਸਲੀਅਤ ਸਾਹਮਣੇ ਆਉਂਦੀ ਹੈ, ਉਦੋਂ ਤੱਕ ਸਬੰਧਿਤ ਵੀਡੀਓ ਪੂਰੀ ਦੁਨੀਆਂ ਵਿੱਚ ਘੁੰਮ ਜਾਂਦੀ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਅਫ਼ਵਾਹਾਂ ਤਾਂ ਜਹਾਜ਼ ਦੀ ਸਪੀਡ ਨਾਲੋਂ ਵੀ ਤੇਜ਼ ਉੱਡਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਨੇਕੀ ਦੀ ਥਾਂ ਬਦੀ ਕਾਫ਼ੀ ਤੇਜ਼ੀ ਨਾਲ ਫੈਲਦੀ ਹੈ। ਭਾਵੇਂ ਕਿ ਭਾਰਤ ਵਿੱਚ ਬਦੀ 'ਤੇ ਨੇਕੀ ਦੀ ਜਿੱਤ ਦੇ ਤਿਉਹਾਰ ਵੀ ਮਨਾਏ ਜਾਂਦੇ ਹਨ ਪਰ ਇਸ ਸਮੇਂ ਤਾਂ ਇਸ ਤਰਾਂ ਲੱਗਦਾ ਹੈ ਕਿ ਜਿਵੇਂ ਪੂਰੀ ਦੁਨੀਆਂ ਵਿੱਚ ਹਰ ਪਾਸੇ ਬਦੀ ਹੀ ਹੋ ਰਹੀ ਹੋਵੇ ਪਰ ਸਿਆਣੇ ਕਹਿੰਦੇ ਹਨ ਆਖਰ ਵਿੱਚ ਜਿੱਤ ਤਾਂ ਨੇਕੀ ਦੀ ਹੀ ਹੁੰਦੀ ਹੈ।

ਕਿਵੇਂ ਬਦਲ ਰਿਹਾ ਹੈ ਸਮਾਜ ?

ਜਦੋਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ ਤਾਂ ਇਕੱਲਾ ਰਹਿੰਦਾ ਸੀ, ਹੋਲੀ ਹੋਲੀ ਮਨੁੱਖ ਪਰਿਵਾਰ ਵਿੱਚ ਰਹਿਣ ਲੱਗਿਆ, ਫਿਰ ਪਰਿਵਾਰਾਂ ਤੋਂ ਸਮੂਹ ਬਣੇ, ਸਮੂਹਾਂ ਤੋਂ ਸਮਾਜ ਬਣਿਆ। ਇਸ ਤਰਾਂ ਲੋਕ ਭਲਾਈ ਲਈ ਸਮਾਜ ਹੋਂਦ ਵਿੱਚ ਆਇਆ ਅਤੇ ਮਨੁੱਖ ਵੱਲੋਂ ਹਮੇਸ਼ਾ ਹੀ ਸਮਾਜ ਭਲਾਈ ਲਈ ਕਾਰਜ ਕੀਤੇ ਜਾਣ ਲੱਗੇ, ਪਰ ਹੁਣ ਕੁਝ ਸਮੇਂ ਤੋਂ ਸਮਾਜ ਵਿੱਚ ਰਹਿੰਦੇ ਹੀ ਕੁਝ ਲੋਕਾਂ ਵੱਲੋਂ ਸਮਾਜ ਵਿੱਚ ਗੰਦਗੀ ਫੈਲਾਈ ਜਾ ਰਹੀ ਹੈ, ਜਿਸ ਕਾਰਨ ਸਮਾਜ ਦਾ ਚਿਹਰਾ ਕਰੂਪ ਹੁੰਦਾ ਜਾ ਰਿਹਾ ਹੈ।

ਭਾਰਤੀ ਸਮਾਜ ਅਤੇ ਪੱਛਮੀ ਸਮਾਜ ਵਿੱਚ ਅੰਤਰ

ਭਾਰਤ ਦੇ ਸਮਾਜ ਵਿੱਚ ਅਤੇ ਪੱਛਮੀ ਦੇਸ਼ਾਂ ਦੇ ਸਮਾਜ ਵਿੱਚ ਬਹੁਤ ਵੱਡਾ ਅੰਤਰ ਹੈ। ਭਾਵੇਂ ਕਿ ਅੱਜ ਸੰਚਾਰ ਸਾਧਨਾਂ ਅਤੇ ਹੋਰ ਤਰੀਕਿਆਂ ਨਾਲ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਗੱਲਬਾਤ ਕੀਤੀ ਜਾ ਸਕਦੀ ਹੈ, ਪਰ ਫਿਰ ਵੀ ਦੋਵਾਂ ਸਮਾਜਾਂ ਵਿੱਚ ਜੋ ਬੁਨਿਆਦੀ ਫ਼ਰਕ ਹੈ, ਉਹ ਸਦਾ ਰਹਿਣਾ ਹੀ ਹੈ। ਇਸ ਦੇ ਬਾਵਜੂਦ ਕੁਝ ਲੋਕ ਪੱਛਮੀ ਸਮਾਜ ਦੀ ਨਕਲ ਕਰਦੇ ਹਨ। ਆਮ ਤੌਰ 'ਤੇ ਪੱਛਮੀ ਸਮਾਜ ਨੂੰ ਵਿਕਸਤ ਦੇਸ਼ਾਂ ਦਾ ਸਮਾਜ ਕਿਹਾ ਜਾਂਦਾ ਹੈ ਅਤੇ ਇਸ ਕਾਰਨ ਉਥੋਂ ਦੀ ਨਕਲ ਕੀਤੀ ਜਾਂਦੀ ਹੈ।

ਨਵੀਂ ਸਮਾਜ ਸੁਧਾਰ ਲਹਿਰ ਚਲਾਉਣ ਦੀ ਲੋੜ

ਪੱਛਮੀ ਸਮਾਜ ਦੀਆਂ ਚੰਗੀਆਂ ਗੱਲਾਂ ਦੀ ਗੀਸ ਕਰਨੀ ਬੁਰੀ ਗੱਲ ਨਹੀਂ ਪਰ ਪੱਛਮੀ ਸਮਾਜ ਦੀਆਂ ਕੁਝ ਇਤਰਾਜ਼ਯੋਗ ਗੱਲਾਂ ਭਾਰਤੀ ਸਮਾਜ ਵਿੱਚ ਫੈਲਾਉਣੀਆਂ ਠੀਕ ਨਹੀਂ ਸਮਝੀਆਂ ਜਾਂਦੀਆਂ। ਪੱਛਮ ਵਿੱਚ ਕੁਝ ਥਾਵਾਂ 'ਤੇ ਨੰਗੇਜ਼ਪੁਣਾ ਆਮ ਗੱਲ ਹੈ, ਪਰ ਭਾਰਤੀ ਸਮਾਜ ਵਿੱਚ ਇਸ ਦੀ ਮਨਾਹੀ ਹੈ। ਸਾਡੇ ਸਮਾਜ ਵਿੱਚ ਰਹਿੰਦੇ ਲੋਕਾਂ ਨੂੰ ਹਮੇਸ਼ਾ ਹੀ ਆਪਣੇ ਸਮਾਜ ਦੀ ਮਰਿਆਦਾ ਦਾ ਖ਼ਿਆਲ ਰਖਣਾ ਚਾਹੀਦਾ ਹੈ ਅਤੇ ਸਮਾਜ ਵਿੱਚ ਫੈਲ ਰਹੇ ਕੋਹਜ ਨੂੰ ਦੂਰ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਇਸ ਲਈ ਕੋਈ ਨਵੀਂ ਸਮਾਜ ਸੁਧਾਰ ਲਹਿਰ ਚਲਾਉਣ ਦੀ ਲੋੜ ਹੈ।

ਭਾਰਤ ਦੀ ਸੱਭਿਅਤਾ ਬਹੁਤ ਪ੍ਰਾਚੀਨ ਹੈ ਅਤੇ ਵਿਰਾਸਤੀ ਚੀਜ਼ਾਂ ਨਾਲ ਭਰੀ ਹੋਈ ਹੈ। ਭਾਰਤੀ ਸਮਾਜ ਦੀ ਤਰੱਕੀ ਮੂਲ ਰੂਪ ਵਿੱਚ ਭਾਰਤੀ ਸੱਭਿਅਤਾ ਅਨੁਸਾਰ ਹੀ ਹੋ ਸਕਦੀ ਹੈ। ਪੱਛਮੀ ਸਮਾਜ ਤੇ ਸੱਭਿਅਤਾ ਨੂੰ ਕਿੰਨਾ ਵੀ ਆਧੁਨਿਕ ਕਿਉਂ ਨਾ ਕਹਿ ਲਿਆ ਜਾਵੇ ਪਰ ਜੋ ਪੁਰਾਤਨ ਕਦਰਾਂ ਕੀਮਤਾਂ ਅਤੇ ਭਾਈਚਾਰਕ ਸਾਂਝ ਭਾਰਤੀ ਸੱਭਿਅਤਾ ਤੇ ਸਮਾਜ ਵਿੱਚ ਹਨ, ਉਹ ਪੱਛਮੀ ਸੱਭਿਅਤਾ ਵਿਚੋਂ ਗਾਇਬ ਹਨ। ਇਸ ਲਈ ਹਰ ਭਾਰਤੀ ਨੂੰ ਭਾਰਤੀ ਸੱਭਿਅਤਾ 'ਤੇ ਮਾਣ ਕਰਨਾ ਚਾਹੀਦਾ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪੱਛਮੀ ਸੱਭਿਅਤਾ ਵਿੱਚ ਜੋ ਚੰਗੀਆਂ ਗੱਲਾਂ ਹਨ, ਉਹਨਾਂ ਨੂੰ ਗ੍ਰਹਿਣ ਵੀ ਕਰ ਲੈਣਾ ਚਾਹੀਦਾ ਹੈ।

ਦੁਨੀਆ ਦੀਆਂ ਸਭ ਤੋਂ ਖ਼ੂਬਸੂਰਤ ਔਰਤਾਂ ਵਾਲੇ ਦੇਸ਼ਾਂ ਦੀ ਲਿਸਟ ਜਾਰੀ

ਰੂਸ ਪਹਿਲੇ ਨੰਬਰ 'ਤੇ, ਭਾਰਤ ਨੇ ਤੀਜਾ ਸਥਾਨ ਹਾਸਲ ਕਰਕੇ ਦੁਨੀਆ ਨੂੰ ਕੀਤਾ ਹੈਰਾਨ

ਅਮਰੀਕਾ-ਬ੍ਰਿਟੇਨ ਪੱਛੜੇ, ਭਾਰਤੀ ਨਾਰੀ ਮੋਹਰੀ: ਗਲੋਬਲ ਬਿਊਟੀ ਰੈਂਕਿੰਗ 'ਚ ਭਾਰਤ ਦਾ ਦਬਦਬਾ

ਦੁਨੀਆ ਦੀਆਂ ਸਭ ਤੋਂ ਖੂਬਸੂਰਤ ਔਰਤਾਂ ਵਾਲੇ 20 ਦੇਸ਼ਾਂ ਦੀ ਇੱਕ ਨਵੀਂ ਸੂਚੀ ਜਾਰੀ ਕੀਤੀ ਗਈ ਹੈ। ਇਸ ਸੂਚੀ ਵਿੱਚ ਰੂਸ ਪਹਿਲੇ ਸਥਾਨ 'ਤੇ ਹੈ, ਜੋ ਕਿ 15 ਅਕਤੂਬਰ, 2026 ਨੂੰ ਯਾਤਰਾ ਪਲੇਟਫਾਰਮ ਮਾਈਟੂਰ ਦੀ ਵੈੱਬਸਾਈਟ 'ਤੇ ਅਪਡੇਟ ਕੀਤੀ ਗਈ ਸੀ। ਵੈਨੇਜ਼ੁਏਲਾ ਦੂਜੇ ਸਥਾਨ 'ਤੇ ਹੈ ਅਤੇ ਭਾਰਤ ਤੀਜੇ ਸਥਾਨ 'ਤੇ ਹੈ। ਇਹ ਸੂਚੀ ਦੱਖਣੀ ਅਫਰੀਕਾ ਵਿੱਚ ਰੂਸੀ ਦੂਤਾਵਾਸ ਦੇ ਅਧਿਕਾਰਤ ਖਾਤੇ ਦੁਆਰਾ ਵੀ ਸਾਂਝੀ ਕੀਤੀ ਗਈ ਸੀ। ਭਾਰਤ ਦਾ ਤੀਜਾ ਸਥਾਨ ਪ੍ਰਾਪਤ ਕਰਨਾ ਮਹੱਤਵਪੂਰਨ ਹੈ ਕਿਉਂਕਿ ਇਸਨੇ ਕਈ ਪ੍ਰਮੁੱਖ ਦੇਸ਼ਾਂ ਅਮਰੀਕਾ, ਬ੍ਰਿਟੇਨ, ਫਰਾਂਸ ਅਤੇ ਬ੍ਰਾਜ਼ੀਲ ਨੂੰ ਪਛਾੜ ਦਿੱਤਾ ਹੈ ਤੇ ਗਲੋਬਲ ਮੀਡੀਆ ਅਤੇ ਸੋਸ਼ਲ ਮੀਡੀਆ 'ਤੇ ਵੱਡੀ ਚਰਚਾ ਛੇੜ ਦਿੱਤੀ ਹੈ।

ਸਿਖਰਲੇ 20 ਦੇਸ਼ਾਂ ਦੀ ਸੂਚੀ- ਕੌਣ ਕਿੱਥੇ ਖੜ੍ਹਾ ਹੈ ?

ਮਾਈਟੂਰ ਵੱਲੋਂ ਜਾਰੀ ਕੀਤੀ ਗਈ ਸੂਚੀ ਮੁਤਾਬਕ ਰੂਸ ਪਹਿਲੇ, ਵੈਨੇਜ਼ੁਏਲਾ ਦੂਜੇ ਅਤੇ ਭਾਰਤ ਤੀਜੇ ਸਥਾਨ 'ਤੇ ਕਾਬਜ਼ ਹੈ; ਇਸ ਤੋਂ ਬਾਅਦ ਕ੍ਰਮਵਾਰ ਅਰਜਨਟੀਨਾ (ਚੌਥਾ), ਸਰਬੀਆ (ਪੰਜਵਾਂ), ਸਵੀਡਨ (ਛੇਵਾਂ), ਕੋਲੰਬੀਆ (ਸੱਤਵਾਂ), ਫਰਾਂਸ (ਅੱਠਵਾਂ), ਇਟਲੀ (ਨੌਵਾਂ), ਨੀਦਰਲੈਂਡ (ਦਸਵਾਂ), ਅਮਰੀਕਾ (11ਵਾਂ), ਡੈਨਮਾਰਕ (12ਵਾਂ), ਯੂਨਾਈਟਿਡ ਕਿੰਗਡਮ (13ਵਾਂ), ਕੈਨੇਡਾ (14ਵਾਂ), ਆਸਟ ?ਰੇਲੀਆ (15ਵਾਂ), ਫਿਲੀਪੀਨਜ਼ (16ਵਾਂ), ਦੱਖਣੀ ਕੋਰੀਆ (17ਵਾਂ), ਤੁਰਕੀ (18ਵਾਂ), ਬ੍ਰਾਜ਼ੀਲ (19ਵਾਂ) ਅਤੇ ਯੂਕ੍ਰੇਨ (20ਵਾਂ) ਇਸ ਚੋਟੀ ਦੇ 20 ਦੇਸ਼ਾਂ ਦੇ ਕ੍ਰਮ ਵਿੱਚ ਸ਼ਾਮਲ ਹਨ।

ਇਸ ਸੂਚੀ ਨੂੰ ਦੱਖਣੀ ਅਫਰੀਕਾ ਵਿੱਚ ਰੂਸੀ ਦੂਤਾਵਾਸ ਨੇ ਵੀ ਸਾਂਝਾ ਕੀਤਾ, ਜਿਸ ਤੋਂ ਬਾਅਦ ਇਹ ਗਲੋਬਲ ਟਰੈਂਡ ਬਣ ਗਈ।

ਚੋਟੀ ਦੇ ਦੇਸ਼ਾਂ ਦੀ ਖਾਸੀਅਤ: ਰੂਸ ਤੇ ਵੈਨੇਜ਼ੁਏਲਾ ਕਿਉਂ ਮੋਹਰੀ ?

ਮਾਈਟੂਰ ਅਨੁਸਾਰ, ਰੂਸੀ ਔਰਤਾਂ



ਵਿੱਚ ਯੂਰੋਪੀ ਅਤੇ ਏਸ਼ੀਆਈ ਖੂਬਸੂਰਤੀ ਦਾ ਸੋਹਣਾ ਮੇਲ ਦਿਸਦਾ ਹੈ। ਉਨ੍ਹਾਂ ਦੇ ਤਿੱਖੇ ਨੈਣ-ਨਕਸ਼, ਨੀਲੀਆਂ-ਹਰੀਆਂ ਅੱਖਾਂ ਅਤੇ ਲੰਬਾ ਕੱਦ ਹੀ ਰੂਸ ਨੂੰ ਇਸ ਸੂਚੀ ਵਿੱਚ ਪਹਿਲੇ ਨੰਬਰ 'ਤੇ ਲਿਆਉਂਦਾ ਹੈ।

ਵੈਨੇਜ਼ੁਏਲਾ ਨੂੰ 'ਸੁੰਦਰਤਾ ਦੀ ਰਾਜਧਾਨੀ' ਵੀ ਕਿਹਾ ਜਾਂਦਾ ਹੈ। ਮਿਸ ਯੂਨੀਵਰਸ, ਮਿਸ ਵਰਲਡ ਅਤੇ ਮਿਸ ਇੰਟਰਨੈਸ਼ਨਲ ਵਰਗੇ ਵੱਡੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਸਭ ਤੋਂ ਵੱਧ ਤਾਜ ਜਿੱਤਣ ਦਾ ਰਿਕਾਰਡ ਵੈਨੇਜ਼ੁਏਲਾ ਦੇ ਨਾਮ ਹੈ। ਇੱਥੇ ਸੁੰਦਰਤਾ ਅਤੇ ਸ਼ਖ਼ਸੀਅਤ ਵਿਕਾਸ ਨੂੰ ਸਕੂਲੀ ਪੱਧਰ ਤੋਂ ਹੀ ਵਿਸ਼ੇਸ਼ ਤਵੱਜੋ ਦਿੱਤੀ ਜਾਂਦੀ ਹੈ।

ਭਾਰਤ ਦੀ ਤੀਜੀ ਰੈਂਕਿੰਗ ਨੇ ਦੁਨੀਆ ਨੂੰ ਕਿਉਂ ਕੀਤਾ ਹੈਰਾਨ ?

ਪੱਛਮੀ ਦੇਸ਼ਾਂ ਦੇ ਮਾਡਲਿੰਗ ਮਿਆਰਾਂ ਦੇ ਉਲਟ, ਭਾਰਤ ਨੇ ਅਮਰੀਕਾ (11ਵੇਂ), ਬ੍ਰਿਟੇਨ (13ਵੇਂ) ਅਤੇ ਫਰਾਂਸ (8ਵੇਂ) ਵਰਗੇ ਦੇਸ਼ਾਂ ਨੂੰ ਪਿੱਛੇ ਛੱਡ ਦਿੱਤਾ ਹੈ। ਮਾਹਿਰਾਂ ਅਨੁਸਾਰ ਭਾਰਤ ਵਿੱਚ ਕਿਸੇ ਇੱਕ ਰੰਗ ਜਾਂ ਨੈਣ-ਨਕਸ਼ ਦਾ ਦਬਦਬਾ ਨਹੀਂ ਹੈ। ਕਸ਼ਮੀਰ, ਪੰਜਾਬ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਅਤੇ ਗੁਜਰਾਤ ਤੋਂ ਅਸਾਮ ਤੱਕ ਚਮੜੀ ਦੇ ਵੱਖ-ਵੱਖ ਰੰਗ, ਚਿਹਰੇ ਦੀ ਬਣਤਰ ਅਤੇ ਅੱਖਾਂ ਦੀਆਂ ਕਿਸਮਾਂ ਮਿਲਦੀਆਂ ਹਨ। ਰਸਾਇਣਕ ਸ਼ਿੰਗਾਰ ਦੀ ਬਜਾਏ ਆਯੁਰਵੈਦਿਕ ਜੜ੍ਹੀ-ਬੂਟੀਆਂ, ਤੇਲ ਅਤੇ ਸੰਤੁਲਿਤ ਜੀਵਨ ਸ਼ੈਲੀ ਭਾਰਤੀ ਔਰਤਾਂ ਦੀ ਚਮੜੀ ਅਤੇ ਵਾਲਾਂ ਨੂੰ ਕੁਦਰਤੀ ਚਮਕ ਪ੍ਰਦਾਨ ਕਰਦੀ ਹੈ। ਭਾਰਤ ਨੇ ਰੀਟਾ ਫ਼ਾਰੀਆ, ਐਸ਼ਵਰਿਆ ਰਾਏ, ਸੁਸ਼ਮਿਤਾ ਸੇਨ, ਪ੍ਰਿਯੰਕਾ ਚੋਪੜਾ, ਲਾਰਾ ਦੱਤਾ ਅਤੇ ਹਰਨਾਜ਼ ਸੰਧੂ ਵਰਗੀਆਂ ਵਿਸ਼ਵ ਸੁੰਦਰੀਆਂ ਦਿੱਤੀਆਂ ਹਨ, ਜਿਨ੍ਹਾਂ ਨੇ ਅੰਤਰਰਾਸ਼ਟਰੀ ਮੰਚ 'ਤੇ ਭਾਰਤੀ ਖੂਬਸੂਰਤੀ ਦਾ ਲੋਹਾ ਮਨਵਾਇਆ। ਸਾੜ੍ਹੀ, ਸਲਵਾਰ-ਸੂਟ ਤੋਂ ਲੈ ਕੇ ਆਧੁਨਿਕ ਪੱਛਮੀ ਕੱਪੜਿਆਂ ਤੱਕ ਭਾਰਤੀ ਔਰਤਾਂ ਦਾ ਆਤਮ-ਵਿਸ਼ਵਾਸ ਅਤੇ ਸਲੀਕਾ ਦੁਨੀਆ ਭਰ ਵਿੱਚ ਸਲਾਹਿਆ ਜਾਂਦਾ ਹੈ।

ਭਾਰਤ ਵਿੱਚ ਕਿਹੜੇ ਸੂਬਿਆਂ ਦੀਆਂ ਔਰਤਾਂ ਮੰਨੀਆਂ ਜਾਂਦੀਆਂ ਹਨ ਸਭ ਤੋਂ ਖੂਬਸੂਰਤ ?

ਭਾਰਤ ਦੀ ਖੂਬਸੂਰਤੀ ਇਸ ਦੀ ਵਿਭਿੰਨਤਾ ਵਿੱਚ ਹੈ, ਜਿੱਥੇ ਹਰ ਖਿੱਤੇ ਦੀ ਆਪਣੀ ਵਿਲੱਖਣ ਪਛਾਣ ਹੈ। ਕਸ਼ਮੀਰੀ ਔਰਤਾਂ ਪਹਾੜੀ ਮੌਸਮ ਦੀ ਦੇਣ ਵਾਲੀ ਗੋਰੀ-ਗੁਲਾਬੀ ਰੰਗਤ, ਨੀਲੀਆਂ ਅੱਖਾਂ ਅਤੇ ਤਿੱਖੇ ਨੈਣ-ਨਕਸ਼ਾਂ ਲਈ ਜਾਣੀਆਂ ਜਾਂਦੀਆਂ ਹਨ। ਦੂਜੇ ਪਾਸੇ, ਪੰਜਾਬੀ ਮੁਟਿਆਰਾਂ ਆਪਣੇ ਲੰਬੇ ਕੱਦ-ਕਾਠ, ਮਟਕੀਲੀਆਂ ਅੱਖਾਂ, ਚੁਸਤ ਸਰੀਰ ਅਤੇ ਫੁਲਕਾਰੀ ਵਰਗੇ ਰਵਾਇਤੀ ਪਹਿਰਾਵੇ (ਬਾਕੀ ਸਫ਼ਾ 27 'ਤੇ)

‘ਬੋਲੇ ਸੋ ਨਿਹਾਲ’ ਦੇ ਜੈਕਾਰਿਆਂ ਨਾਲ ਗੂੰਜਿਆ ਜਾਰਜੀਆ

ਜੋਤ ਸਿੰਘ ਬਣੇ ਅਸੈਂਬਲੀ ਪਹੁੰਚਣ ਵਾਲੇ ਬਣੇ ਪਹਿਲੇ ਸਿੱਖ

ਅਮਰੀਕਾ ਦੀ ਧਰਤੀ ’ਤੇ ਵਸਦੇ ਪੰਜਾਬੀਆਂ ਅਤੇ ਭਾਰਤੀ ਭਾਈਚਾਰੇ ਲਈ ਸਾਲ 2026 ਦੀਆਂ ਅਮਰੀਕੀ ਮੱਧਕਾਲੀ ਚੋਣਾਂ ਵੱਡੀ ਖ਼ੁਸ਼ਖ਼ਬਰੀ ਅਤੇ ਮਾਣ ਲੈ ਕੇ ਆਈਆਂ ਹਨ। ਮਹਿਜ਼ 20-25 ਸਾਲਾਂ ਦੀ ਉਮਰ ਵਾਲੇ ਨੌਜਵਾਨ ਆਗੂ ਜੋਤ ਸਿੰਘ ਨੇ ਜਾਰਜੀਆ ਸੂਬੇ ਵਿੱਚ ਚੋਣ ਜਿੱਤ ਕੇ ਇੱਕ ਵੱਡਾ ਇਤਿਹਾਸ ਰਚ ਦਿੱਤਾ ਹੈ। ਜੋਤ ਸਿੰਘ ਜਾਰਜੀਆ ਜਨਰਲ ਅਸੈਂਬਲੀ (ਵਿਧਾਨ ਸਭਾ) ਦੇ ਹੇਠਲੇ ਸਦਨ ‘ਹਾਊਸ ਆਫ਼ ਰਿਪ੍ਰੈਜ਼ੈਂਟੇਟਿਵਜ਼’ ਲਈ ਚੁਣੇ ਜਾਣ ਵਾਲੇ ਪਹਿਲੇ ਸਿੱਖ ਅਮਰੀਕੀ ਅਤੇ ਪਹਿਲੇ ਭਾਰਤੀ ਅਮਰੀਕੀ ਬਣ ਗਏ ਹਨ ਡੈਮੋਕ੍ਰੇਟਿਕ ਪਾਰਟੀ ਵੱਲੋਂ ਚੋਣ ਲੜ ਰਹੇ ਜੋਤ ਸਿੰਘ ਨੇ ਹਲਕਾ ਨੰਬਰ 97 (ਡਿਸਟ੍ਰਿਕਟ 97) ਤੋਂ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਯਾਸੀਨ ਮੋਗਾਜ਼ੀ ਨੂੰ ਵੱਡੇ ਫ਼ਰਕ ਨਾਲ ਮਾਤ ਦਿੱਤੀ ਹੈ। ਇਸ ਸੀਟ ਦੇ ਅਧੀਨ ਗਵਿਨੇਟ ਕਾਊਂਟੀ ਦੇ ਕਈ ਮੁੱਖ ਸ਼ਹਿਰ ਅਤੇ ਇਲਾਕੇ ਆਉਂਦੇ ਹਨ, ਜਿਨ੍ਹਾਂ ਵਿੱਚ ਡੁਲੂਥ, ਪੀਚਟਰੀ ਕਾਰਨਰਜ਼, ਨੌਰਕ੍ਰਾਸ ਅਤੇ ਬਰਕਲੇ ਲੇਕ ਸ਼ਾਮਲ ਹਨ।

ਇਹ ਸੀਟ ਪਹਿਲਾਂ ਡੈਮੋਕ੍ਰੇਟਿਕ ਪਾਰਟੀ ਦੀ ਹੀ ਆਗੂ ਰੂਵਾ ਰੋਮਨ ਕੋਲ ਸੀ। ਰੂਵਾ ਰੋਮਨ ਨੇ ਇਸ ਵਾਰ ਜਾਰਜੀਆ ਦੀ ਸਟੇਟ ਸੈਨੇਟ ਲਈ ਚੋਣ ਲੜਨ ਦਾ ਫ਼ੈਸਲਾ ਕੀਤਾ ਸੀ, ਜਿਸ ਕਾਰਨ ਵਿਧਾਨ ਸਭਾ ਹਲਕਾ 97 ਖ਼ਾਲੀ ਹੋ ਗਿਆ ਸੀ। ਜੋਤ ਸਿੰਘ ਨੇ ਇਸ ਮੌਕੇ ਨੂੰ ਜ਼ਮੀਨੀ ਪੱਧਰ ’ਤੇ ਲੋਕ ਸੇਵਾ ਕਰਨ ਲਈ ਵਰਤਿਆ ਅਤੇ ਪਾਰਟੀ ਵੱਲੋਂ ਆਪਣੀ ਦਾਅਵੇਦਾਰੀ ਪੇਸ਼ ਕੀਤੀ।

ਮਈ ਮਹੀਨੇ ਵਿੱਚ ਹੋਈ ਪਾਰਟੀ ਦੀ ਅੰਦਰੂਨੀ ਪ੍ਰਾਇਮਰੀ ਚੋਣ ਵਿੱਚ ਜੋਤ ਸਿੰਘ ਦਾ ਮੁਕਾਬਲਾ ਜੈਕਸ ਲੌਰੇਂਟ ਨਾਲ ਹੋਇਆ ਸੀ। ਉਸ ਚੋਣ ਵਿੱਚ ਜੋਤ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 59.1 ਫ਼ੀਸਦੀ ਵੋਟਾਂ ਹਾਸਲ ਕੀਤੀਆਂ ਅਤੇ ਵਿਰੋਧੀ ਨੂੰ ਪਛਾੜ ਕੇ ਡੈਮੋਕ੍ਰੇਟਿਕ ਪਾਰਟੀ ਦੀ ਅਧਿਕਾਰਤ ਟਿਕਟ ਹਾਸਲ ਕਰ ਲਈ ਸੀ। ਜੋਤ ਸਿੰਘ ਦੀ ਚੋਣ ਮੁਹਿੰਮ ਦੀ ਖ਼ਾਸ ਗੱਲ ਇਹ ਰਹੀ ਕਿ ਇਸ ਵਿੱਚ



ਉਨ੍ਹਾਂ ਦੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਸਾਫ਼ ਝਲਕਦੀ ਸੀ। ਉਨ੍ਹਾਂ ਦੀ ਪੂਰੀ ਮੁਹਿੰਮ ਦੀ ਸ਼ੁਰੂਆਤ ਨੌਰਕ੍ਰਾਸ ਸ਼ਹਿਰ ਦੇ ਗੁਰੂ ਨਾਨਕ ਮਿਸ਼ਨ ਸੁਸਾਇਟੀ ਗੁਰਦੁਆਰਾ ਸਾਹਿਬ ਵਿਖੇ ਅਰਦਾਸ ਕਰਕੇ ਹੋਈ ਸੀ ਅਤੇ ਜਿੱਤ ਤੋਂ ਬਾਅਦ ਉਨ੍ਹਾਂ ਨੇ ਆਪਣੀ ਮੁਹਿੰਮ ਦੀ ਸਮਾਪਤੀ ਵੀ ਇਸੇ ਧਾਰਮਿਕ ਅਸਥਾਨ ’ਤੇ ਕੀਤੀ।ਜਿਵੇਂ ਹੀ ਚੋਣ ਨਤੀਜਿਆਂ ਵਿੱਚ ਉਨ੍ਹਾਂ ਦੀ ਜਿੱਤ ਪੱਕੀ ਹੋਈ, ਗੁਰਦੁਆਰਾ ਸਾਹਿਬ ਵਿਖੇ ਇਕੱਠੀ ਹੋਈ ਸਿੱਖ ਸੰਗਤ ਨੇ ਖ਼ੁਸ਼ੀ ਵਿੱਚ ‘ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ’ ਦੇ ਜੈਕਾਰੇ ਛੱਡੇ। ਵੱਡੀ ਗਿਣਤੀ ਵਿੱਚ ਬਜ਼ੁਰਗਾਂ, ਨੌਜਵਾਨਾਂ ਅਤੇ ਬੱਚਿਆਂ ਨੇ ਜੋਤ ਸਿੰਘ ਨੂੰ ਗਲ ਲਗਾ ਕੇ ਵਧਾਈਆਂ ਦਿੱਤੀਆਂ।ਚੋਣ ਪ੍ਰਚਾਰ ਦੇ ਆਖ਼ਰੀ ਦਿਨਾਂ ਵਿੱਚ ਜੋਤ ਸਿੰਘ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਉਹ ਸਿੱਖ ਇਤਿਹਾਸ ਅਤੇ ਸਿਧਾਂਤਾਂ ਤੋਂ ਬਹੁਤ ਪ੍ਰਭਾਵਿਤ ਹਨ। ਉਨ੍ਹਾਂ ਕਿਹਾ ਸੀ, ‘ਸਿੱਖਾਂ ਦੀ ਸਦੀਆਂ ਪੁਰਾਣੀ ਰਵਾਇਤ ਰਹੀ ਹੈ ਕਿ ਜ਼ੁਲਮ, ਬੇਇਨਸਾਫ਼ੀ ਅਤੇ ਅੱਤਿਆਚਾਰ ਦੇ ਖ਼ ?ਲਾਫ਼ ਲੜਨਾ ਹੈ ਅਤੇ ਹਰ ਵਰਗ ਦੇ ਭਲੇ ਲਈ ਆਵਾਜ਼ ਬੁਲੰਦ ਕਰਨੀ ਹੈ। ਇਹੀ ਸੋਚ ਅਤੇ ਰਵਾਇਤ ਅਸੈਂਬਲੀ ਵਿੱਚ ਮੇਰੇ ਹਰ ਕਦਮ ਅਤੇ ਕੰਮ ਦਾ ਮਾਰਗਦਰਸ਼ਨ ਕਰੇਗੀ।’

ਅਮਰੀਕੀ ਚੋਣਾਂ ਵਿੱਚ ਅਕਸਰ ਵੱਡੀਆਂ ਕੰਪਨੀਆਂ ਅਤੇ ਅਮੀਰ ਪਰਿਵਾਰਾਂ ਵੱਲੋਂ ਕਰੋੜਾਂ ਰੁਪਏ ਦਾ ਚੰਦਾ ਦਿੱਤਾ ਜਾਂਦਾ ਹੈ, ਪਰ ਜੋਤ ਸਿੰਘ ਦੀ ਮੁਹਿੰਮ ਇਸ ਪੱਖੋਂ ਬਿਲਕੁਲ ਵੱਖਰੀ ਸੀ। ਉਨ੍ਹਾਂ ਨੇ ਸ਼ੁਰੂ ਤੋਂ ਹੀ ਇਹ ਫ਼ੈਸਲਾ ਕੀਤਾ ਸੀ ਕਿ ਉਹ ਕਿਸੇ ਵੀ ਵੱਡੀ ਕਾਰਪੋਰੇਟ ਕੰਪਨੀ ਕੋਲੋਂ ਪੈਸਾ ਨਹੀਂ ਲੈਣਗੇ।

ਉਨ੍ਹਾਂ ਨੇ ਆਪਣੀ ਮੁਹਿੰਮ ਸਿਰਫ਼ ਆਮ ਲੋਕਾਂ ਦੇ ਸਹਿਯੋਗ ਨਾਲ ਚਲਾਈ। ਪ੍ਰਾਇਮਰੀ ਚੋਣਾਂ ਦੌਰਾਨ 770 ਤੋਂ ਵੱਧ ਆਮ ਲੋਕਾਂ ਨੇ ਛੋਟੀਆਂ-ਛੋਟੀਆਂ ਰਕਮਾਂ ਦੇ ਕੇ ਕੁੱਲ 2,40,000 ਡਾਲਰ (ਲਗਭਗ ਦੋ ਕਰੋੜ ਰੁਪਏ) ਦਾ ਫੰਡ ਇਕੱਠਾ ਕੀਤਾ। ਨੌਜਵਾਨ ਵਾਲੰਟੀਅਰਾਂ ਦੀ ਟੀਮ ਨੇ 8,500 ਤੋਂ ਵੱਧ ਘਰਾਂ ਦੇ ਬੂਹੇ ਖੜਕਾਏ ਅਤੇ ਪਰਿਵਾਰਾਂ ਨਾਲ ਸਿੱਧੀ ਗੱਲਬਾਤ ਕੀਤੀ। ਟੀਮ ਨੇ ਵੋਟਰਾਂ ਨੂੰ ਜਾਗਰੂਕ ਕਰਨ ਲਈ 10,000 ਤੋਂ ਵੱਧ ਫੋਨ ਕਾਲਾਂ ਕੀਤੀਆਂ।

ਅਮਰੀਕਾ ’ਚ ਟਰੰਪ ਦੀ ਪਾਰਟੀ ਨੂੰ ਮੱਧ-ਕਾਲੀ ਚੋਣਾਂ ਵਿੱਚ ਮਿਲੀ ਭਾਰੀ ਹਾਰ

ਕੀ ਭਾਰਤ ਵਿੱਚ ਵੀ ਦੁਹਰਾਇਆ ਜਾ ਸਕਦਾ ਹੈ ਇਹੀ ਇਤਿਹਾਸ

ਹਾਲ ਹੀ ਵਿੱਚ ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਪਾਰਟੀ ਨੂੰ ਮੱਧ-ਕਾਲੀ ਚੋਣਾਂ ਵਿੱਚ ਮਿਲੀ ਭਾਰੀ ਹਾਰ ਤੋਂ ਬਾਅਦ ਦੁਨੀਆ ਭਰ ਵਿੱਚ ਇਹ ਚਰਚਾ ਛਿੜ ਗਈ ਹੈ ਕਿ ਕੀ ਭਾਰਤ ਵਿੱਚ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਅਜਿਹਾ ਕੁਝ ਹੋ ਸਕਦਾ ਹੈ। ਇਸ ਚੋਣ ਨਤੀਜੇ ਤੋਂ ਬਾਅਦ ਭਾਰਤ ਦੇ ਪੜ੍ਹੇ-ਲਿਖੇ ਵਰਗ ਵਿੱਚ ਵੀ ਇਹ ਉਮੀਦ ਜਾਗੀ ਕਿ ਜੇਕਰ ਦੁਨੀਆ ਦੇ ਸਭ ਤੋਂ ਤਾਕਤਵਰ ਦੇਸ਼ ਦੇ ਨੇਤਾ ਨੂੰ ਜਨਤਾ ਹਿਲਾ ਸਕਦੀ ਹੈ, ਤਾਂ ਭਾਰਤ ਵਿੱਚ ਵੀ ਸੱਤਾ ਵਿਰੋਧੀ ਲਹਿਰ ਰਾਹੀਂ ਅਜਿਹਾ ਕੁਝ ਹੋ ਸਕਦਾ ਹੈ। ਅਮਰੀਕੀ ਚੋਣਾਂ ਵਿੱਚ ਜਿੱਤਣ ਵਾਲੇ ਕਈ ਨਵੇਂ ਅਤੇ ਜਵਾਨ ਨੇਤਾਵਾਂ ਨੇ ਪਿਆਰ, ਭਾਈਚਾਰੇ ਅਤੇ ਬਰਾਬਰੀ ਦੀ ਗੱਲ ਕੀਤੀ। ਉਨ੍ਹਾਂ ਦੇ ਭਾਸ਼ਣ ਬਿਲਕੁਲ ਉਸੇ ਤਰ੍ਹਾਂ ਦੇ ਸਨ, ਜਿਵੇਂ ਭਾਰਤ ਵਿੱਚ ਰਾਹੁਲ ਗਾਂਧੀ ਅਕਸਰ ਮੋਹ ਦੀ ਮੁਹੱਬਤ ਅਤੇ ਬਰਾਬਰੀ ਦੀ ਗੱਲ ਕਰਦੇ ਹਨ।

ਪਰ ਸਵਾਲ ਇਹ ਉੱਠਦਾ ਹੈ ਕਿ ਕੀ ਭਾਰਤ ਅਤੇ ਅਮਰੀਕਾ ਦੀ ਰਾਜਨੀਤੀ ਇੱਕੋ ਜਿਹੀ ਹੈ? ਕੀ ਜਿਸ ਤਰ੍ਹਾਂ ਅਮਰੀਕਾ ਵਿੱਚ ਟਰੰਪ ਕਮਜ਼ੋਰ ਪਏ ਹਨ, ਉਸੇ ਤਰ੍ਹਾਂ ਭਾਰਤ ਵਿੱਚ ਨਰਿੰਦਰ ਮੋਦੀ ਨੂੰ ਵੀ ਸੱਤਾ ਤੋਂ ਲਾਂਭੇ ਕੀਤਾ ਜਾ ਸਕਦਾ ਹੈ?

ਭਾਵੇਂ ਮੋਦੀ ਅਤੇ ਟਰੰਪ ਦੋਵਾਂ ਨੂੰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਨੇਤਾ ਮੰਨਿਆ ਜਾਂਦਾ ਹੈ, ਪਰ ਜ਼ਮੀਨੀ ਹਕੀਕਤ ਵਿੱਚ ਦੋਵਾਂ ਵਿੱਚ ਵੱਡਾ



ਫ਼ਰਕ ਹੈ। ਅਮਰੀਕਾ ਵਿੱਚ ਟਰੰਪ ਦੀ ਪਾਰਟੀ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ ਉੱਥੇ ਵਧ ਰਹੀ ਮਹਿੰਗਾਈ, ਪੈਟਰੋਲ ਦੀਆਂ ਉੱਚੀਆਂ ਕੀਮਤਾਂ ਅਤੇ ਇਰਾਨ ਨਾਲ ਚੱਲ ਰਿਹਾ ਬੇਲੋੜਾ ਲੰਬਾ ਯੁੱਧ ਸੀ। ਇਸ ਦੇ ਉਲਟ, ਭਾਰਤ ਵਿੱਚ ਇਸ ਸਮੇਂ ਮਹਿੰਗਾਈ ਉਸ ਪੱਧਰ ’ਤੇ ਨਹੀਂ ਹੈ ਕਿ ਜੋ ਸਰਕਾਰ ਨੂੰ ਸੂਟ ਸਕੇ। ਭਾਰਤ ਕਿਸੇ ਅਜਿਹੇ ਵਿਦੇਸ਼ੀ ਯੁੱਧ ਵਿੱਚ ਵੀ ਨਹੀਂ ਉਲਝਿਆ ਹੋਇਆ ਜਿਸ ਦਾ ਆਮ ਆਦਮੀ ਦੀ ਜੇਬ ’ਤੇ ਸਿੱਧਾ ਅਸਰ ਪਵੇ।

ਟਰੰਪ ਕਈ ਵਾਰ ਕਾਹਲੇ ਅਤੇ ਆਪਣੇ ਹੀ ਅਹੰਕਾਰ ਵਿੱਚ ਫੈਸਲੇ ਲੈਂਦੇ ਨਜ਼ਰ ਆਉਂਦੇ ਹਨ। ਇਸ ਦੇ ਉਲਟ, ਨਰਿੰਦਰ ਮੋਦੀ ਬਹੁਤ ਸੋਚ-ਸਮਝ ਕੇ, ਲੰਬੀ ਰਣਨੀਤੀ ਤਹਿਤ ਕੰਮ ਕਰਦੇ ਹਨ। ਮੋਦੀ ਆਪਣੇ ਵਿਰੋਧੀਆਂ ਅਤੇ ਆਉਣ ਵਾਲੀਆਂ ਚੋਣਾਂ (ਜਿਵੇਂ ਕਿ ਉੱਤਰ ਪ੍ਰਦੇਸ਼ ਦੀਆਂ ਚੋਣਾਂ) ਦੀ ਤਿਆਰੀ ਮਹੀਨਿਆਂ ਪਹਿਲਾਂ ਸ਼ੁਰੂ ਕਰ ਦਿੰਦੇ ਹਨ। ਅਮਰੀਕਾ ਵਿੱਚ ਅਜੇ ਵੀ ਕਈ ਵੱਡੇ ਮੀਡੀਆ ਅਦਾਰੇ ਹਨ ਜੋ ਸੱਚ ਸਾਹਮਣੇ ਲਿਆਉਂਦੇ ਹਨ ਅਤੇ ਸਰਕਾਰ ਦੀ ਸਖ਼ਤ ਆਲੋਚਨਾ ਕਰਦੇ ਹਨ। ਪਰ ਭਾਰਤ ਵਿੱਚ ਮੁੱਖਧਾਰਾ ਦਾ ਵੱਡਾ ਮੀਡੀਆ ਸਰਕਾਰ ਦੀਆਂ ਪ੍ਰਾਪਤੀਆਂ ਦਿਖਾਉਣ ਵਿੱਚ ਰੁੱਝਿਆ ਰਹਿੰਦਾ ਹੈ, ਜਿਸ ਕਾਰਨ ਆਮ ਲੋਕਾਂ ਤੱਕ ਕਈ ਵਾਰ ਜ਼ਮੀਨੀ ਸੱਚਾਈ ਪੂਰੀ ਤਰ੍ਹਾਂ ਨਹੀਂ ਪਹੁੰਚ ਪਾਉਂਦੀ।

ਇਟਲੀ ਵਿੱਚ ਸਿੱਖਾਂ ਨੂੰ ਕਿਉਂ ਬਣਾਇਆ ਜਾ ਰਿਹੈ ਨਿਸ਼ਾਨਾ ?

ਵੈੱਬ ਸੀਰੀਜ਼ ਵਿੱਚ ਸਿੱਖਾਂ ਅਤੇ ਕਕਾਰਾਂ ਦੇ ਅਪਮਾਨ ਖ਼ਿਲਾਫ਼ ਸਿੱਖ ਸੰਗਤਾਂ ਦਾ ਸਖ਼ਤ ਪ੍ਰਤੀਕਰਮ

ਯੂਰੋਪੀਅਨ ਦੇਸ਼ ਇਟਲੀ ਵਿੱਚ ਵੀ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰਾ ਰਹਿ ਰਿਹਾ ਹੈ। ਇਟਲੀ ਦੇ ਸਿੱਖ ਹਰ ਸਾਲ ਲੱਖਾਂ ਯੂਰੋ ਖਰਚ ਕਰਕੇ ਨਗਰ ਕੀਰਤਨ ਅਤੇ ਧਾਰਮਿਕ ਸਮਾਗਮ ਕਰਦੇ ਹਨ ਤਾਂ ਜੋ ਸਥਾਨਕ ਇਟਾਲੀਅਨ ਲੋਕਾਂ ਨੂੰ ਸਿੱਖੀ ਦੀ ਅਸਲ ਪਰਿਭਾਸ਼ਾ ਸਮਝਾਈ ਜਾ ਸਕੇ। ਪਰ ਬੇਹੱਦ ਅਫ਼ਸੋਸ ਦੀ ਗੱਲ ਹੈ ਕਿ ਕਰੋੜਾਂ ਰੁਪਏ ਖਰਚਣ ਦੇ ਬਾਵਜੂਦ ਕਈ ਵਾਰ ਇਟਲੀ ਵਿੱਚ ਸਿੱਖਾਂ ਨੂੰ ਮਜ਼ਾਕ ਦਾ ਪਾਤਰ ਬਣਾਇਆ ਜਾਂਦਾ ਹੈ ਅਤੇ ਮੀਡੀਆ ਵਿੱਚ ਉਨ੍ਹਾਂ ਨੂੰ ਗਲਤ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ।

ਹਾਲ ਹੀ ਵਿੱਚ ਇਟਲੀ ਵਿੱਚ ਇੱਕ ਫਿਲਮਨੁਮਾ ਵੈੱਬ ਸੀਰੀਜ਼ ਸਾਹਮਣੇ ਆਈ ਹੈ, ਜਿਸ ਨੇ ਇਟਲੀ ਸਮੇਤ ਪੂਰੀ ਦੁਨੀਆ ਦੀ ਸਿੱਖ ਸੰਗਤ ਵਿੱਚ ਭਾਰੀ ਰੋਹ ਪੈਦਾ ਕਰ ਦਿੱਤਾ ਹੈ। ਇਟਲੀ ਦੇ ਇਮੀਲੀਆ ਰੋਮਾਨਾ ਸੂਬੇ ਵਿੱਚ ਫਿਲਮਾਈ ਗਈ ਇਸ ਵੈੱਬ ਸੀਰੀਜ਼ ਵਿੱਚ ਇਟਾਲੀਅਨ ਅਤੇ ਸਿੱਖ ਪੰਜਾਬੀ ਪਰਿਵਾਰ ਦੀ ਕਹਾਣੀ ਨੂੰ ਦਿਖਾਇਆ ਗਿਆ ਹੈ। ਇਸ ਦੌਰਾਨ ਸੀਰੀਜ਼ ਵਿੱਚ ਨਾ ਸਿਰਫ਼ ਸਿੱਖਾਂ ਦੀ ਘੋਰ ਕਿਰਦਾਰਕੁਸ਼ੀ ਕੀਤੀ ਗਈ ਹੈ, ਸਗੋਂ ਸਿੱਖ ਧਰਮ ਦੇ ਕਕਾਰ ‘ਸਿਰੀ ਸਾਹਿਬ’ ਦੀ ਬੇਅਦਬੀ



ਕਰਨ ਵਿੱਚ ਵੀ ਕੋਈ ਕਸਰ ਨਹੀਂ ਛੱਡੀ ਗਈ।

ਹੈਰਾਨੀ ਦੀ ਗੱਲ ਇਹ ਹੈ ਕਿ ਇਸ ਵੈੱਬ ਸੀਰੀਜ਼ ਵਿੱਚ ਕੁਝ ਅੰਮ੍ਰਿਤਧਾਰੀ ਸਿੰਘਾਂ ਨੇ ਵੀ ਕੰਮ ਕੀਤਾ ਹੈ ਅਤੇ ਇਸਦਾ ਪ੍ਰੀਮੀਅਮ ਸਥਾਨਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਨੇ ਵੀ ਦੇਖਿਆ ਸੀ। ਇਸ ਘਟਨਾ ਤੋਂ ਬਾਅਦ ਸਿੱਖ ਸੰਗਤਾਂ ਵਿੱਚ ਡੂੰਘਾ ਗੁੱਸਾ ਹੈ। ਸਿੱਖ ਜਥੇਬੰਦੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਸ ਵੈੱਬ ਸੀਰੀਜ਼ ਨੂੰ ਇੰਟਰਨੈੱਟ ਤੋਂ ਤੁਰੰਤ ਨਾ ਹਟਾਇਆ ਗਿਆ ਅਤੇ ਜ਼ਿੰਮੇਵਾਰ ਲੋਕਾਂ ਨੇ ਇਸ ਮਹਾਂ-ਗਲਤੀ ਲਈ ਮੁਆਫ਼ੀ ਨਾ ਮੰਗੀ, ਤਾਂ ਸਿੱਖ ਸੰਗਤਾਂ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਘਟਨਾ ਤੋਂ ਬਾਅਦ ਇਟਲੀ ਦੀਆਂ ਸਮੁੱਚੀਆਂ ਸਿੱਖ ਸੰਗਤਾਂ ਨੇ ਪ੍ਰੈੱਸ ਰਾਹੀਂ ਆਪਣਾ ਸਖ਼ਤ ਵਿਰੋਧ ਦਰਜ ਕਰਵਾਇਆ ਹੈ। ਸੰਗਤਾਂ ਨੇ ਮੰਗ ਕੀਤੀ ਹੈ ਕਿ ਸਿੱਖ ਧਰਮ ਦੀ ਮਰਿਆਦਾ ਨੂੰ ਠੇਸ ਪਹੁੰਚਾਉਣ ਵਾਲਿਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਐਕਸ਼ਨ ਲਿਆ ਜਾਵੇ।

ਕੁਝ ਲੋਕਾਂ ਵੱਲੋਂ ਸਿੱਖਾਂ ਨੂੰ ਨੀਵਾਂ ਦਿਖਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਇਟਲੀ ਦੇ ਇਤਿਹਾਸ ਵਿੱਚ ਸਿੱਖਾਂ ਦਾ ਯੋਗਦਾਨ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਸਿੱਖਾਂ ਦਾ ਇਟਲੀ ਨਾਲ ਰਿਸ਼ਤਾ ਅੱਜ ਦਾ ਨਹੀਂ, ਸਗੋਂ ਵਿਸ਼ਵ ਯੁੱਧਾਂ ਦੇ ਸਮੇਂ ਤੋਂ ਹੈ। ਇਟਲੀ ਦੇ ਫੋਰਲੀ ਅਤੇ ਕੈਸੀਨੋ ਵਰਗੀਆਂ ਥਾਵਾਂ ’ਤੇ ਬਣੇ ਯੁੱਧ ਸਮਾਰਕ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਦੂਜੇ ਵਿਸ਼ਵ ਯੁੱਧ ਦੌਰਾਨ ਯੂਰਪ ਦੀ ਆਜ਼ਾਦੀ ਲਈ ਲਗਭਗ 50,000 ਦੱਖਣੀ ਏਸ਼ੀਆਈ ਫ਼ੌਜੀਆਂ ਨੇ ਇਟਲੀ ਵਿੱਚ ਲੜਾਈ ਲੜੀ ਸੀ। ਇਨ੍ਹਾਂ ਵਿੱਚੋਂ 5,773 ਬ੍ਰਿਟਿਸ਼ ਇੰਡੀਅਨ ਸੈਨਿਕ ਇਟਲੀ ਦੀ ਮੁਕਤੀ ਲਈ ਸ਼ਹੀਦ ਹੋਏ ਸਨ।ਇਨ੍ਹਾਂ ਵਿੱਚ ਵੱਡੀ ਗਿਣਤੀ ਸਿੱਖ ਫ਼ੌਜੀਆਂ ਦੀ ਸੀ ਜਿਨ੍ਹਾਂ ਨੇ ਫਾਸ਼ੀਵਾਦ ਵਿਰੁੱਧ ਜੰਗ ਲੜੀ। ਇਟਲੀ ਵਿੱਚ ’ਵਰਲਡ ਸਿੱਖ ਸ਼ਹੀਦ ਮਿਲਟਰੀ ਮੈਮੋਰੀਅਲ ਕਮੇਟੀ’ ਵਰਗੀਆਂ ਜਥੇਬੰਦੀਆਂ ਪਿਛਲੇ ਕਈ ਸਾਲਾਂ ਤੋਂ ਉਨ੍ਹਾਂ ਸਿੱਖ ਸੈਨਿਕਾਂ ਦੀਆਂ ਕਬਰਾਂ ਅਤੇ ਇਤਿਹਾਸ ਨੂੰ ਲੱਭ ਕੇ ਉਨ੍ਹਾਂ ਦੀ ਯਾਦ ਵਿੱਚ ਸਮਾਰਕ ਬਣਾ ਰਹੀਆਂ ਹਨ। ਹਾਲ ਹੀ ਵਿੱਚ ਫੋਰਲੀ ਵਿਖੇ ਸਿੱਖ ਨਿਸ਼ਾਨ ਸਾਹਿਬ ਅਤੇ ਖੰਡੇ ਵਾਲੀ ਯਾਦਗਾਰੀ ਕੰਧ ਸਥਾਪਤ ਕੀਤੀ ਗਈ ਹੈ ਜਿੱਥੇ ਸਿੱਖ ਸੈਨਿਕਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਮੌਜੂਦਾ ਸਮੇਂ ਵੀ ਇਟਲੀ ਵਿੱਚ ਰਹਿ ਰਿਹਾ ਸਿੱਖ ਭਾਈਚਾਰਾ ਵਪਾਰ, ਖੇਤੀਬਾੜੀ ਅਤੇ ਮਿਹਨਤਕਸ਼ ਕੰਮਾਂ ਰਾਹੀਂ ਇਟਲੀ ਦੀ ਆਰਥਿਕਤਾ ਵਿੱਚ ਵੱਡਾ ਯੋਗਦਾਨ ਪਾ ਰਿਹਾ ਹੈ। ਕਰੋਨਾ ਮਹਾਮਾਰੀ ਹੋਵੇ ਜਾਂ ਇਟਲੀ ਵਿੱਚ ਆਏ ਕੁਦਰਤੀ ਹੜ੍ਹ, ਇਟਲੀ ਦੇ ਸਿੱਖਾਂ ਨੇ ਹਮੇਸ਼ਾ ਬਿਨਾਂ ਕਿਸੇ ਭੇਦਭਾਵ ਦੇ ਸਥਾਨਕ ਲੋਕਾਂ ਦੀ ਵੱਧ-ਚੜ੍ਹ ਕੇ ਮਦਦ ਕੀਤੀ ਹੈ।

ਰੂਸ ਅਤੇ ਬ੍ਰਿਟੇਨ ਵਿਚਕਾਰ ਵਧਿਆ ਭੂ-ਰਾਜਨੀਤਕ ਤਣਾਅ, ਸਾਈਬਰ ਅਤੇ ਸੂਚਨਾ ਜੰਗ ਹੋਈ ਤੇਜ

ਅਮਰੀਕੀ ਜਾਸੂਸੀ ਅਤੇ ਸਪੇਸ ਤਕਨੀਕ ਦੇ ਸਾਹਮਣੇ ਰੂਸੀ ਮੋਬਾਈਲ ਮਿਜ਼ਾਈਲਾਂ ਦੀ ਸੁਰੱਖਿਆ ਨੂੰ ਲੈ ਕੇ ਉੱਠੇ ਸਵਾਲ

ਹਾਲ ਹੀ ਵਿੱਚ ਅੰਤਰਰਾਸ਼ਟਰੀ ਭੂ-ਰਾਜਨੀਤੀ ਅਤੇ ਰੱਖਿਆ ਮਾਮਲਿਆਂ ਵਿੱਚ ਰੂਸ ਦੀ ਪ੍ਰਮਾਣੂ ਸ਼ਕਤੀ ਨੂੰ ਲੈ ਕੇ ਇੱਕ ਵੱਡੀ ਅਤੇ ਗਰਮਾ-ਗਰਮ ਬਹਿਸ ਛਿੜ ਗਈ ਹੈ। ਮਾਮਲਾ ਉਸ ਸਮੇਂ ਚਰਚਾ ਵਿੱਚ ਆਇਆ ਜਦੋਂ ਬ੍ਰਿਟੇਨ ਦੇ ਇੱਕ ਪ੍ਰਸਿੱਧ ਰੱਖਿਆ ਥਿੰਕ ਟੈਂਕਰ ਰਾਇਲ ਯੂਨਾਈਟਿਡ ਸਰਵਿਸਿਜ਼ ਇੰਸਟੀਚਿਊਟ' ਨੇ ਰੂਸ ਦੀ ਪ੍ਰਮਾਣੂ ਰਣਨੀਤੀ ਅਤੇ ਹਥਿਆਰਾਂ ਦੀ ਖਰੀਦੋ-ਫਰੋਖਤ ਨੂੰ ਲੈ ਕੇ ਇੱਕ ਵਿਸਤ੍ਰਿਤ ਰਿਪੋਰਟ ਜਾਰੀ ਕੀਤੀ ਸੀ। ਇਸ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਆਰਥਿਕ ਮੁਸ਼ਕਿਲਾਂ ਅਤੇ ਯੂਕ੍ਰੇਨ ਵਿੱਚ ਚੱਲ ਰਹੇ ਲੰਬੇ ਯੁੱਧ ਕਾਰਨ ਰੂਸ ਦੀਆਂ ਰਣਨੀਤਕ ਫ਼ੌਜੀ ਤਾਕਤਾਂ ਭਾਰੀ ਦਬਾਅ ਹੇਠ ਹਨ ਅਤੇ ਉਨ੍ਹਾਂ ਨੂੰ ਆਪਣੀ ਰਣਨੀਤੀ ਬਦਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਬ੍ਰਿਟਿਸ਼ ਰਿਪੋਰਟ ਦੇ ਸਾਹਮਣੇ ਆਉਣ ਤੋਂ ਬਾਅਦ ਰੂਸੀ ਮਿਲਟਰੀ ਹਲਕਿਆਂ ਵਿੱਚ ਇਸ ਉੱਤੇ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਮਿਲੀ ਹੈ। ਰੂਸੀ ਮੀਡੀਆ ਪਲੇਟਫਾਰਮ 'ਆਰਟੀ' ਉੱਤੇ ਪ੍ਰਕਾਸ਼ਤ ਹੋਈ ਇੱਕ ਰਿਪੋਰਟ ਵਿੱਚ ਰੂਸੀ ਮਿਲਟਰੀ ਮਾਹਿਰ ਅਤੇ 'ਮਿਲਟਰੀ ਰਸੀਆ' ਪ੍ਰੋਜੈਕਟ ਦੇ ਸੰਸਥਾਪਕ ਦਮਿਤਰੀ ਕੋਰਨੇਵ ਨੇ ਇਸ ਬ੍ਰਿਟਿਸ਼ ਰਿਪੋਰਟ ਦਾ ਕਰਾਰਾ ਜਵਾਬ ਦਿੱਤਾ ਹੈ। ਇਸ ਪੂਰੇ ਵਿਵਾਦ ਨੇ ਇੱਕ ਵਾਰ ਫਿਰ ਪੱਛਮੀ ਦੇਸ਼ਾਂ ਅਤੇ ਰੂਸ ਵਿਚਕਾਰ ਚੱਲ ਰਹੀ ਸੂਚਨਾ ਅਤੇ ਰਣਨੀਤਕ ਜੰਗ ਨੂੰ ਜੱਗ-ਜਾਹਿਰ ਕਰ ਦਿੱਤਾ ਹੈ।

ਬ੍ਰਿਟਿਸ਼ ਰਿਪੋਰਟ ਨੂੰ ਤਿਆਰ ਕਰਨ ਵਾਲੇ ਮੁੱਖ ਖੋਜਕਾਰ ਸਿਧਾਰਥ ਕੌਸ਼ਲ ਹਨ, ਜਿਨ੍ਹਾਂ ਨੇ ਰੂਸੀ ਮਿਲਟਰੀ ਜਰਨਲ 'ਵੋਏਨਾਯਾ ਮਿਸਲ' ਦੇ ਲੇਖਾਂ ਅਤੇ ਪੱਛਮੀ ਵਿਸ਼ਲੇਸ਼ਣ ਤਰੀਕਿਆਂ ਦੇ ਆਧਾਰ 'ਤੇ ਇਹ ਨਤੀਜੇ ਕੱਢੇ ਹਨ। ਰਿਪੋਰਟ ਵਿੱਚ ਮੁੱਖ ਤੌਰ 'ਤੇ ਤਿੰਨ-ਚਾਰ ਵੱਡੇ ਦਾਅਵੇ ਕੀਤੇ ਗਏ ਹਨ। ਪਹਿਲਾ ਦਾਅਵਾ ਇਹ ਹੈ ਕਿ ਰੂਸ ਨੂੰ ਹੁਣ ਆਪਣੀ ਪੁਰਾਣੀ ਰਣਨੀਤੀ ਬਦਲਣੀ ਪੈ ਰਹੀ ਹੈ। ਪਹਿਲਾਂ ਰੂਸ ਇਹ ਸੋਚਦਾ ਸੀ ਕਿ ਜੇ ਦੁਸ਼ਮਣ ਪਹਿਲਾਂ ਹਮਲਾ ਕਰੇਗਾ, ਤਾਂ ਉਸ ਤੋਂ ਬਾਅਦ ਮਜ਼ਬੂਤ ਜਵਾਬ ਦਿੱਤਾ ਜਾਵੇਗਾ। ਪਰ ਹੁਣ ਰੂਸ ਨੂੰ 'ਲਾਂਚ ਔਨ ਵਾਰਨਿੰਗ' (ਯਾਨੀ ਦੁਸ਼ਮਣ ਦਾ ਹਮਲਾ ਸ਼ੁਰੂ ਹੋਣ ਦਾ ਪਤਾ ਲੱਗਦਿਆਂ ਹੀ) ਆਪਣੇ ਹਥਿਆਰ ਤੁਰੰਤ ਚਲਾਉਣ ਦੀ ਤਿਆਰੀ ਕਰਨੀ ਪੈ ਰਹੀ ਹੈ।

ਦੂਜਾ ਦਾਅਵਾ ਇਹ ਕੀਤਾ ਗਿਆ ਹੈ ਕਿ ਅਮਰੀਕਾ ਦੀ ਪੁਲਾੜੀ ਜਾਸੂਸੀ ਇੰਨੀ ਤਾਕਤਵਰ ਹੋ ਚੁੱਕੀ ਹੈ ਕਿ ਰੂਸ ਦੀਆਂ ਜ਼ਮੀਨੀ ਮੋਬਾਈਲ ਮਿਜ਼ਾਈਲਾਂ ਨੂੰ ਛੁਪਾਉਣਾ ਅਸੰਭਵ ਹੁੰਦਾ ਜਾ ਰਿਹਾ ਹੈ। ਇਸ ਕਾਰਨ ਰੂਸ ਨੂੰ ਸਿਲੋ-ਅਧਾਰਿਤ ਸਥਿਰ ਮਿਜ਼ਾਈਲਾਂ 'ਤੇ ਵਧੇਰੇ ਨਿਰਭਰ ਹੋਣਾ ਪੈ ਰਿਹਾ ਹੈ। ਤੀਜਾ, ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂਕ੍ਰੇਨ ਯੁੱਧ ਦੇ ਭਾਰੀ ਖਰਚਿਆਂ ਅਤੇ ਮਜ਼ਦੂਰਾਂ ਦੀ ਘਾਟ ਕਾਰਨ ਰੂਸ ਲਈ ਵੱਡੇ ਪੱਧਰ 'ਤੇ ਮਿਜ਼ਾਈਲਾਂ ਦਾ ਉਤਪਾਦਨ ਕਰਨਾ ਬਹੁਤ ਔਖਾ ਹੋ ਗਿਆ ਹੈ, ਜਿੱਥੇ ਇੱਕ 'ਯਾਰਸ' ਮਿਜ਼ਾਈਲ ਦੀ ਕੀਮਤ 15 'ਟੀ-72' ਟੈਂਕਾਂ ਦੇ ਬਰਾਬਰ ਬਣਦੀ ਹੈ।

ਇਸ ਬ੍ਰਿਟਿਸ਼ ਰਿਪੋਰਟ ਵਿੱਚ ਰੂਸ ਦੇ ਕੁਝ ਖਾਸ ਹਥਿਆਰਾਂ ਬਾਰੇ ਵੀ ਕਾਫ਼ੀ ਦਿਲਚਸਪ ਗੱਲਾਂ ਕਹੀਆਂ ਗਈਆਂ ਹਨ। ਰਿਪੋਰਟ ਮੁਤਾਬਕ ਰੂਸ ਆਪਣੀ ਮਸ਼ਹੂਰ ਭਾਰੀ ਮਿਜ਼ਾਈਲ 'ਆਰ.ਐਸ.-28 ਸਰਮਾਤ' ਦੀ ਗਿਣਤੀ ਵਿੱਚ ਕੋਈ ਵੱਡਾ ਵਾਧਾ ਨਹੀਂ ਕਰ ਰਿਹਾ ਹੈ।



ਇਸੇ ਤਰ੍ਹਾਂ, ਨਵੀਂ ਮੱਧਮ-ਦੂਰੀ ਦੀ 'ਓਰੇਸ਼ਨਿਕ' ਮਿਜ਼ਾਈਲ ਬਾਰੇ ਇਹ ਮੰਨਿਆ ਗਿਆ ਹੈ ਕਿ ਇਸ ਦੀ ਵਰਤੋਂ ਯੂਰੋਪ ਵਿੱਚ ਅਮਰੀਕੀ 'ਡਾਰਕ ਈਗਲ' ਸਿਸਟਮ ਦਾ ਮੁਕਾਬਲਾ ਕਰਨ ਲਈ ਕੀਤੀ ਜਾਵੇਗੀ। ਪਰ ਇਸ ਨੂੰ ਬਣਾਉਣ ਵਿੱਚ ਆ ਰਹੀਆਂ ਮੁਸ਼ਕਿਲਾਂ ਕਾਰਨ ਇਹ ਜ਼ਿਆਦਾਤਰ ਪ੍ਰਮਾਣੂ ਰੂਪ ਵਿੱਚ ਹੀ ਤਾਇਨਾਤ ਕੀਤੀ ਜਾਵੇਗੀ।

ਬ੍ਰਿਟਿਸ਼ ਰਿਪੋਰਟ ਵਿੱਚ ਰੂਸ ਦੇ 'ਬੁਰੇਵੈਸਟਨਿਕ' (ਪਰਮਾਣੂ ਕਰੂਜ਼ ਮਿਜ਼ਾਈਲ) ਅਤੇ 'ਪੋਸੀਡਨ' (ਅੰਡਰਵਾਟਰ ਡਰੋਨ) ਵਰਗੇ ਵੱਡੇ ਪ੍ਰੋਜੈਕਟਾਂ ਨੂੰ ਤਕਨੀਕੀ ਤੌਰ 'ਤੇ ਅਸੰਭਵ ਦੱਸਿਆ ਗਿਆ ਹੈ। ਰਿਪੋਰਟ ਦਾ ਦਾਅਵਾ ਹੈ ਕਿ ਇਨ੍ਹਾਂ ਦਾ ਅਸਲ ਮਕਸਦ ਸਿਰਫ਼ ਮਨੋਵਿਗਿਆਨਕ ਡਰ ਪੈਦਾ ਕਰਨਾ ਜਾਂ ਪ੍ਰਚਾਰ ਮਾਤਰ ਹੈ।

ਆਖਿਰ ਵਿੱਚ, ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਰੂਸ ਹੁਣ ਪੁਲਾੜ ਵਿੱਚ ਪ੍ਰਮਾਣੂ ਇਲੈਕਟ੍ਰਾਨਿਕ ਸੈਟੇਲਾਈਟ ਭੇਜਣ ਦੀ ਯੋਜਨਾ ਬਣਾ ਰਿਹਾ ਹੈ ਤਾਂ ਜੋ ਮੌਕੇ 'ਤੇ ਦੁਸ਼ਮਣ ਦੀ ਮਿਜ਼ਾਈਲ ਰੱਖਿਆ ਪ੍ਰਣਾਲੀ ਨੂੰ ਜਾਮ ਕੀਤਾ ਜਾ ਸਕੇ।

ਬ੍ਰਿਟਿਸ਼ ਥਿੰਕ ਟੈਂਕ ਦੀ ਇਸ ਰਿਪੋਰਟ ਦੇ ਜਵਾਬ ਵਿੱਚ ਰੂਸੀ ਮਿਲਟਰੀ ਮਾਹਿਰ ਦਮਿਤਰੀ ਕੋਰਨੇਵ ਨੇ ਇਸ ਨੂੰ ਇੱਕਪਾਸੜ ਅਤੇ ਅਧੂਰਾ ਦਸਿਆ ਹੈ। ਕੋਰਨੇਵ ਦਾ ਕਹਿਣਾ ਹੈ ਕਿ ਰੂਸੀ ਰਣਨੀਤੀ ਦੀ ਅਸਲ ਸੱਚਾਈ ਇਹ ਹੈ ਕਿ ਰੂਸ ਹਮੇਸ਼ਾ ਤੋਂ ਮੋਬਾਈਲ ਅਤੇ ਸਥਿਰ ਮਿਜ਼ਾਈਲ ਪ੍ਰਣਾਲੀਆਂ ਵਿੱਚ ਸੰਤੁਲਨ ਬਣਾ ਕੇ ਚੱਲਦਾ ਹੈ। ਭਾਵੇਂ ਪੁਲਾੜੀ ਜਾਸੂਸੀ ਵਧ ਗਈ ਹੈ, ਪਰ ਰੂਸ ਕੋਲ 'ਪੇਰਸਵੇਤ' ਵਰਗੇ ਲੇਜ਼ਰ ਹਥਿਆਰ ਮੌਜੂਦ ਹਨ ਜੋ ਦੁਸ਼ਮਣ ਆਪਟੀਕਲ ਸੈਟੇਲਾਈਟਾਂ ਅਤੇ ਜਾਸੂਸੀ ਸਾਧਨਾਂ ਨੂੰ ਨਾਜ਼ੁਕ ਸਮੇਂ 'ਤੇ ਅੰਨ੍ਹਾ ਕਰ ਸਕਦੇ ਹਨ। ਇਸ ਤੋਂ ਇਲਾਵਾ, ਸਥਿਰ ਸਿਲੋ-ਅਧਾਰਿਤ ਮਿਜ਼ਾਈਲਾਂ ਭਾਵੇਂ ਆਸਾਨੀ ਨਾਲ ਲੱਭ ਜਾਂਦੀਆਂ ਹਨ, ਪਰ ਉਹ ਪ੍ਰਮਾਣੂ ਹਮਲੇ ਦੌਰਾਨ ਵੀ ਉੱਚ ਪੱਧਰੀ ਸੁਰੱਖਿਆ ਅਤੇ ਬਚਾਅ ਮੁਹੱਈਆ ਕਰਵਾਉਂਦੀਆਂ ਹਨ। ਸਰਮਾਤ ਮਿਜ਼ਾਈਲਾਂ ਦੇ ਸਿਰਫ਼ ਦੋ ਰੈਜੀਮੈਂਟ ਯਾਨੀ 50 ਤੋਂ ਵੱਧ ਸਿਲੋਜ਼ ਰੂਸ ਦੀ ਰਣਨੀਤਕ ਲੋੜ ਲਈ ਪੂਰੀ ਤਰ੍ਹਾਂ ਕਾਫ਼ੀ ਹਨ ਅਤੇ ਇਹ ਕਿਸੇ ਕਮਜ਼ੋਰੀ ਨੂੰ ਨਹੀਂ ਸਗੋਂ ਰੂਸ ਰਵਾਇਤੀ ਅਤੇ ਸੋਚੀ-ਸਮਝੀ ਰਣਨੀਤੀ ਨੂੰ ਦਰਸਾਉਂਦਾ ਹੈ।

ਪੱਛਮੀ ਦੇਸ਼ਾਂ ਦਾ ਸੋਚਣਾ ਹੈ ਕਿ ਰੂਸ ਹੁਣ ਸਿਰਫ਼ 'ਬੁਲਾਵਾ' ਮਿਜ਼ਾਈਲਾਂ ਦੀ ਵਰਤੋਂ ਕਰਦਾ ਹੈ, ਪਰ ਰੂਸ ਅਜੇ ਵੀ ਸਮੁੰਦਰ ਵਿੱਚ ਪੁਰਾਣੀਆਂ 'ਆਰ-29ਆਰਐਮ' (ਤਰਲ ਈਂਧਨ ਵਾਲੀਆਂ) ਮਿਜ਼ਾਈਲਾਂ ਵਰਤ ਰਿਹਾ ਹੈ ਕਿਉਂਕਿ ਇਹ ਬਹੁਤ ਸ਼ਕਤੀਸ਼ਾਲੀ ਅਤੇ ਕਾਰਗਰ ਹਨ। ਪੱਛਮੀ ਦੇਸ਼ 'ਓਰੇਸ਼ਨਿਕ' ਮਿਜ਼ਾਈਲ ਤੋਂ ਡਰੇ ਹੋਏ ਹਨ ਕਿਉਂਕਿ ਇਹ ਬਹੁਤ ਘੱਟ ਸਮੇਂ ਵਿੱਚ ਦੁਸ਼ਮਣ ਤੱਕ ਪਹੁੰਚ ਕੇ ਵੱਡਾ ਖ਼ਤਰਾ ਪੈਦਾ ਕਰ ਸਕਦੀ ਹੈ। ਆਰਥਿਕ ਮੁਸ਼ਕਿਲਾਂ ਦੇ ਬਾਵਜੂਦ, ਰੂਸ ਆਪਣੇ ਹਵਾਈ ਹਥਿਆਰਾਂ ਜਿਵੇਂ ਕਿ 'ਕੇਐਚ8-ਬੀਡੀ' ਮਿਜ਼ਾਈਲਾਂ, ਨਵੇਂ 'ਪੀਏਕੇ ਡੀਏ' ਸਟੀਲਥ ਬੰਬਾਰ ਜਹਾਜ਼ ਅਤੇ ਸੁਪਰਸੋਨਿਕ ਹਥਿਆਰਾਂ ਉੱਤੇ ਲਗਾਤਾਰ ਕੰਮ ਕਰ ਰਿਹਾ ਹੈ।

ਸਭ ਤੋਂ ਵੱਡਾ ਵਿਵਾਦ 'ਬੁਰੇਵੈਸਟਨਿਕ' (ਪਰਮਾਣੂ ਕਰੂਜ਼ ਮਿਜ਼ਾਈਲ) ਅਤੇ 'ਪੋਸੀਡਨ' (ਅੰਡਰਵਾਟਰ ਡਰੋਨ) ਨੂੰ ਲੈ ਕੇ ਹੈ। ਬ੍ਰਿਟਿਸ਼ ਰਿਪੋਰਟ ਵਿੱਚ ਇਨ੍ਹਾਂ ਨੂੰ ਸਿਰਫ਼ ਦਿਖਾਵਾ ਜਾਂ ਪ੍ਰਚਾਰ ਦੱਸਿਆ ਗਿਆ ਸੀ, ਪਰ ਰੂਸ ਦਾ ਕਹਿਣਾ ਹੈ ਕਿ ਇਹ ਸਿਰਫ਼ ਪੀ.ਆਰ. (ਪ੍ਰਚਾਰ) ਲਈ ਨਹੀਂ ਹਨ। ਰੂਸ ਜ਼ਮੀਨੀ ਪੱਧਰ 'ਤੇ ਪ੍ਰਸ਼ਾਂਤ ਮਹਾਸਾਗਰ ਅਤੇ ਉੱਤਰੀ ਫਲੀਟ ਵਿੱਚ ਇਨ੍ਹਾਂ ਹਥਿਆਰਾਂ ਲਈ ਵੱਡੇ-ਵੱਡੇ ਬੇਸ ਅਤੇ ਲਾਂਚ ਸਹੂਲਤਾਂ ਤਿਆਰ ਕਰ ਰਿਹਾ ਹੈ। 'ਪੋਸੀਡਨ' ਦਾ ਅਸਲ ਮਕਸਦ ਦੁਸ਼ਮਣ ਦੇ ਸਮੁੰਦਰੀ ਜਹਾਜ਼ਾਂ ਨਾਲ ਲੜਨਾ ਨਹੀਂ, ਸਗੋਂ ਦੁਸ਼ਮਣ ਦੇ ਤੱਟਵਰਤੀ ਸ਼ਹਿਰਾਂ ਅਤੇ ਇਲਾਕਿਆਂ ਵਿੱਚ ਪੂਰੀ ਤਰ੍ਹਾਂ ਤਬਾਹੀ ਮਚਾਉਣਾ ਹੈ। ਇਸ ਤਰ੍ਹਾਂ, ਆਰਥਿਕ ਮੁਸ਼ਕਿਲਾਂ ਦੇ ਬਾਵਜੂਦ ਰੂਸ ਆਪਣੇ ਪਰਮਾਣੂ ਹਥਿਆਰਾਂ ਨੂੰ ਮਜ਼ਬੂਤ ਰੱਖਣ ਲਈ ਹਰ ਕੋਸ਼ਿਸ਼ ਕਰ ਰਿਹਾ ਹੈ।

ਇਸ ਪੂਰੇ ਮਾਮਲੇ ਦੇ ਪਿੱਛੇ ਰੂਸ ਅਤੇ ਬ੍ਰਿਟੇਨ ਸਮੇਤ ਪੱਛਮੀ ਦੇਸ਼ਾਂ ਵਿਚਕਾਰ ਚੱਲ ਰਿਹਾ ਭਾਰੀ ਤਣਾਅ ਸਾਫ਼ ਦੇਖਿਆ ਜਾ ਸਕਦਾ ਹੈ। ਬ੍ਰਿਟੇਨ ਵੱਲੋਂ ਯੂਕ੍ਰੇਨ ਨੂੰ ਲਗਾਤਾਰ ਹਥਿਆਰ ਅਤੇ ਮੱਦਦ ਮਿਲਣ ਕਾਰਨ ਲੰਡਨ ਅਤੇ ਮਾਸਕੋ ਵਿਚਕਾਰ ਰਿਸ਼ਤੇ ਬਹੁਤ ਖ਼ਰਾਬ ਹੋ ਚੁੱਕੇ ਹਨ।

ਹਾਲ ਹੀ ਵਿੱਚ, ਯੂਕ੍ਰੇਨ ਦੀ ਸਰਕਾਰੀ ਏਅਰ ਅਲਰਟ ਐਪ ਨੂੰ ਹੈਕ ਕਰਕੇ ਉਸ ਉੱਤੇ 'ਓਰੇਸ਼ਨਿਕ' ਮਿਜ਼ਾਈਲ ਦੇ ਨਾਂਅ 'ਤੇ ਝੂਠੀਆਂ ਪ੍ਰਮਾਣੂ ਅਤੇ ਰਸਾਇਣਕ ਹਮਲੇ ਦੀਆਂ ਚਿਤਾਵਨੀਆਂ ਭੇਜੀਆਂ ਗਈਆਂ। ਭਾਵੇਂ ਰੂਸੀ ਹੈਕਰਾਂ ਨੇ ਇਸ ਦੀ ਜ਼ਿੰਮੇਵਾਰੀ ਲਈ ਅਤੇ ਰੂਸ ਦੀ ਆਪਣੀ ਐਪ ਵੀ ਪ੍ਰਭਾਵਿਤ ਹੋਈ, ਪਰ ਇਸ ਨਾਲ ਯੂਰੋਪ ਅਤੇ ਰੂਸ ਵਿਚਕਾਰ ਬਣਿਆ ਤਣਾਅ ਹੋਰ ਡੂੰਘਾ ਹੋ ਗਿਆ ਹੈ। ਇਸ ਤੋਂ ਇਲਾਵਾ, ਅਮਰੀਕਾ, ਯੂਕ੍ਰੇਨ ਅਤੇ ਰੂਸ ਦੇ ਬਦਲਦੇ ਰਿਸ਼ਤਿਆਂ ਅਤੇ 'ਸਟਾਰਲਿੰਕ' ਵਰਗੀਆਂ ਸਪੇਸ ਸੇਵਾਵਾਂ ਵਿੱਚ ਆ ਰਹੀਆਂ ਰੁਕਾਵਟਾਂ ਨੇ ਦੁਨੀਆ ਦੀ ਸੁਰੱਖਿਆ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਹੈ। ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਰਿਪੋਰਟਾਂ ਅਤੇ ਤਣਾਅ ਕਾਰਨ ਦੁਨੀਆ ਭਰ ਵਿੱਚ ਹਥਿਆਰਾਂ ਦੀ ਦੌੜ ਹੋਰ ਤੇਜ਼ ਹੋਵੇਗੀ, ਜਿਸ ਨਾਲ ਅੰਤਰਰਾਸ਼ਟਰੀ ਸ਼ਾਂਤੀ ਲਈ ਖ਼ਤਰਾ ਲਗਾਤਾਰ ਬਣਿਆ ਰਹੇਗਾ।

ਭਾਰਤ ਦੀ ਪੜਤਾਲੀਆ ਪੱਤਰਕਾਰੀ ਉੱਤੇ ਛਾਇਆ ਸੰਕਟ

21 ਵੱਡੇ ਅਖ਼ਬਾਰੀ ਸਮੂਹਾਂ ਨੇ ਕਾਨੂੰਨ ਦੀਆਂ ਸ਼ਰਤਾਂ ਨੂੰ ਦਿੱਤੀ ਚੁਣੌਤੀ

'ਕਿਸੇ ਬਾਰੇ ਲਿਖਣ ਤੋਂ ਪਹਿਲਾਂ ਇਜਾਜ਼ਤ ਲੈਣਾ ਪਾਬੰਦੀ ਵਰਗਾ', ਸੁਪਰੀਮ ਕੋਰਟ ਅਗਲੇ ਮਹੀਨੇ ਕਰੇਗੀ ਸੁਣਵਾਈ

ਨਵੀਂ ਦਿੱਲੀ ਵਿੱਚ ਭਾਰਤੀ ਅਖ਼ਬਾਰੀ ਜਗਤ ਅਤੇ ਕੇਂਦਰ ਸਰਕਾਰ ਵਿਚਾਲੇ ਕਾਨੂੰਨੀ ਟਕਰਾਅ ਬਹੁਤ ਤਿੱਖਾ ਹੋ ਗਿਆ ਹੈ। ਦੇਸ਼ ਦੇ ਇੱਕੀ ਵੱਡੇ ਮੀਡੀਆ ਅਦਾਰਿਆਂ ਨੇ ਨਵੇਂ ਨਿੱਜਤਾ ਕਾਨੂੰਨ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ। ਮੀਡੀਆ ਅਦਾਰਿਆਂ ਦਾ ਕਹਿਣਾ ਹੈ ਕਿ ਜੇਕਰ ਇਹ ਕਾਨੂੰਨ ਇਸੇ ਰੂਪ ਵਿੱਚ ਲਾਗੂ ਰਿਹਾ, ਤਾਂ ਦੇਸ਼ ਭਰ ਵਿੱਚ ਖ਼ਬਰਾਂ ਦੇ ਦਫ਼ਤਰ ਬੰਦ ਹੋ ਜਾਣਗੇ।

ਇਹ ਕਾਨੂੰਨੀ ਲੜਾਈ ਭਾਰਤ ਦੇ ਪ੍ਰਮੁੱਖ ਮੀਡੀਆ ਅਦਾਰਿਆਂ ਵੱਲੋਂ ਲੜੀ ਜਾ ਰਹੀ ਹੈ। ਇਸ ਪਟੀਸ਼ਨ ਵਿੱਚ ਦੇਸ਼ ਦੇ ਸਭ ਤੋਂ ਵੱਡੇ ਕਾਰੋਬਾਰੀਆਂ ਨਾਲ ਜੁੜੇ ਅਦਾਰੇ ਵੀ ਸ਼ਾਮਲ ਹਨ। ਮੁਕੇਸ਼ ਅੰਬਾਨੀ ਦਾ ਨੈੱਟਵਰਕ ਅਠਾਰਾਂ, ਗੌਤਮ ਅਡਾਨੀ ਦਾ ਐਨ.ਡੀ.ਟੀ.ਵੀ., ਇੰਡੀਅਨ ਐਕਸਪ੍ਰੈੱਸ ਅਤੇ ਟਾਈਮਜ਼ ਆਫ਼ ਇੰਡੀਆ ਵਰਗੇ ਪ੍ਰਮੁੱਖ ਅਦਾਰੇ ਇਕੱਠੇ ਹੋ ਕੇ ਅਦਾਲਤ ਪਹੁੰਚੇ ਸਨ। ਇਹ ਸਾਰੇ ਅਦਾਰੇ ਡਿਜੀਟਲ ਨਿਊਜ਼ ਪਬਲਿਸ਼ਰਜ਼ ਐਸੋਸੀਏਸ਼ਨ ਦਾ ਹਿੱਸਾ ਹਨ। ਸ਼ੁਰੂਆਤ ਵਿੱਚ ਇਸ ਕਾਨੂੰਨ ਖ਼ਿਲਾਫ਼ ਸਿਰਫ਼ ਲੋਕ-ਅਧਿਕਾਰਾਂ ਅਤੇ ਬੋਲਣ ਦੀ ਅਜ਼ਾਦੀ ਲਈ ਲੜਨ ਵਾਲੇ ਕਾਰਕੁਨ ਹੀ ਆਵਾਜ਼ ਉਠਾ ਰਹੇ ਸਨ, ਪਰ ਹੁਣ ਦੇਸ਼ ਦਾ ਵੱਡਾ ਮੀਡੀਆ ਜਗਤ ਵੀ ਖੁੱਲ੍ਹ ਕੇ ਕੇਂਦਰ ਸਰਕਾਰ ਦੇ ਸਾਹਮਣੇ ਆ ਖੜ੍ਹਾ ਹੋਇਆ ਹੈ। ਅੰਬਾਨੀ ਅਤੇ ਅਡਾਨੀ ਵਰਗੇ ਵੱਡੇ ਕਾਰੋਬਾਰੀਆਂ ਦੇ ਪ੍ਰਮੁੱਖ ਅਦਾਰਿਆਂ ਵੱਲੋਂ ਸਰਕਾਰ ਵਿਰੁੱਧ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਇਹ ਸਾਬਤ ਕਰਦਾ ਹੈ ਕਿ ਖ਼ਤਰਾ ਹੁਣ ਸਿਰਫ਼ ਸਿਧਾਂਤਾਂ ਤੱਕ ਸੀਮਤ ਨਹੀਂ ਰਿਹਾ, ਸਗੋਂ ਇਹ ਅਖ਼ਬਾਰੀ ਅਦਾਰਿਆਂ ਦੀ ਹੋਂਦ ਅਤੇ ਖ਼ਬਰਾਂ ਦੀ ਅਜ਼ਾਦੀ ਉੱਤੇ ਸਿੱਧਾ ਹਮਲਾ ਬਣ ਚੁੱਕਾ ਹੈ। ਜਦੋਂ ਤੱਕ ਸਿਰਫ਼ ਕਾਰਕੁਨ ਵਿਰੋਧ ਕਰ ਰਹੇ ਸਨ, ਉਦੋਂ ਤੱਕ ਸਰਕਾਰ ਇਸ ਨੂੰ ਆਸਾਨੀ ਨਾਲ ਨਜ਼ਰਅੰਦਾਜ਼ ਕਰ ਰਹੀ ਸੀ; ਪਰ ਹੁਣ ਦੇਸ਼ ਦੇ ਮੁੱਖ ਧਾਰਾ ਵਾਲੇ 21 ਵੱਡੇ ਅਦਾਰਿਆਂ ਦੇ ਇੱਕਜੁੱਟ ਹੋਣ ਨਾਲ ਇਹ ਮਾਮਲਾ ਇਸ ਨਵੇਂ ਨਿੱਜਤਾ ਕਾਨੂੰਨ ਖ਼ਿਲਾਫ਼ ਹੁਣ ਤੱਕ ਦੀ ਸਭ ਤੋਂ ਵੱਡੀ ਅਤੇ ਇਤਿਹਾਸਕ ਕਾਨੂੰਨੀ ਲੜਾਈ ਵਿੱਚ ਬਦਲ ਗਿਆ ਹੈ।



ਅਦਾਲਤ ਵਿੱਚ ਅਖ਼ਬਾਰੀ ਸੰਸਥਾਵਾਂ ਵੱਲੋਂ ਪੇਸ਼ ਹੋਈ ਸੀਨੀਅਰ ਵਕੀਲ ਮਾਧਵੀ ਦਿਵਾਨ ਨੇ ਨੇ ਜੱਜਾਂ ਸਾਹਮਣੇ ਕਿਹਾ ਕਿ ਇਹ ਕਾਨੂੰਨ ਖ਼ਬਰ ਦੀ ਮੂਲ ਪਰਿਭਾਸ਼ਾ ਨੂੰ ਹੀ ਬਦਲ ਰਿਹਾ ਹੈ। ਜੇਕਰ ਕਿਸੇ ਵਿਅਕਤੀ ਬਾਰੇ ਖ਼ਬਰ ਲਿਖਣ ਤੋਂ ਪਹਿਲਾਂ ਉਸ ਦੀ ਮਨਜ਼ੂਰੀ ਲੈਣੀ ਪਵੇਗੀ, ਤਾਂ ਪੱਤਰਕਾਰੀ ਖ਼ਤਮ ਹੋ ਜਾਵੇਗੀ। ਕੋਈ ਵੀ ਖ਼ਬਰ ਛਪਣ ਤੋਂ ਪਹਿਲਾਂ ਹੀ ਰੋਕ ਦਿੱਤੀ ਜਾਵੇਗੀ। ਇਸ ਨਾਲ ਖ਼ਬਰਾਂ ਦੇ ਦਫ਼ਤਰਾਂ ਨੂੰ ਤਾਲੇ ਲੱਗ ਜਾਣਗੇ। ਵਕੀਲਾਂ ਨੇ ਅਦਾਲਤ ਵਿੱਚ ਦੱਸਿਆ ਕਿ ਸ਼ੁਰੂਆਤੀ ਖਰੜਿਆਂ ਵਿੱਚ ਤਾਂ ਪੱਤਰਕਾਰਾਂ ਨੂੰ ਖੁੱਲ੍ਹ ਦਿੱਤੀ ਗਈ ਸੀ, ਪਰ ਕਾਨੂੰਨ ਬਣਨ ਵੇਲੇ ਇਹ ਰਿਆਇਤ ਸਾਫ਼ ਹਟਾ ਦਿੱਤੀ ਗਈ। ਇਸ ਲਿਖਤੀ ਸੁਰੱਖਿਆ ਦੇ ਖ਼ਤਮ ਹੋਣ ਨਾਲ, ਹੁਣ ਸੱਚ ਲਿਖਣ ਵਾਲੇ ਹਰ ਪੱਤਰਕਾਰ ਸਿਰ ਉੱਤੇ ਕਾਨੂੰਨੀ ਕਾਰਵਾਈ ਦਾ ਡਰ ਹਮੇਸ਼ਾ ਬਣਿਆ ਰਹੇਗਾ।

ਪੱਤਰਕਾਰਾਂ ਦਾ ਤਰਕ ਹੈ ਕਿ ਪੜਤਾਲੀਆ ਪੱਤਰਕਾਰੀ ਵਿੱਚ ਪਹਿਲਾਂ ਸੂਚਨਾ ਦੇਣਾ ਸੰਭਵ ਹੀ ਨਹੀਂ ਹੁੰਦਾ। ਜੇਕਰ ਕਿਸੇ ਵੱਡੇ ਘੁਟਾਲੇਬਾਜ਼ ਜਾਂ ਭ੍ਰਿਸ਼ਟ ਵਿਅਕਤੀ ਤੋਂ ਪਹਿਲਾਂ ਪੁੱਛਿਆ ਜਾਵੇ, ਤਾਂ ਉਹ ਸਬੂਤ ਨਸ਼ਟ ਕਰ ਦੇਵੇਗਾ। ਉਹ ਗਵਾਹਾਂ ਨੂੰ ਡਰਾ ਧਮਕਾ ਕੇ ਸੱਚਾਈ ਦਬਾਉਣ ਦੀ ਪੂਰੀ ਕੋਸ਼ਿਸ਼ ਕਰੇਗਾ। ਜੇਕਰ ਲਿਖਤੀ ਸਹਿਮਤੀ ਲਾਜ਼ਮੀ ਹੋ ਗਈ, ਤਾਂ ਸੱਤਾਧਾਰੀਆਂ ਅਤੇ ਧਨਾਢਾਂ ਦੀਆਂ ਗ਼ਲਤ ਕਰਤੂਤਾਂ ਕਦੇ ਸਾਹਮਣੇ ਨਹੀਂ ਆ ਸਕਣਗੀਆਂ। ਅਜਿਹੇ ਹਾਲਾਤ ਵਿੱਚ ਖ਼ਬਰ ਛਪਣ ਦੀ ਥਾਂ ਪਹਿਲਾਂ ਹੀ ਦਫ਼ਨ ਹੋ ਜਾਵੇਗੀ। ਇਹ ਲੋਕਤੰਤਰ ਦੇ ਬੁਨਿਆਦੀ ਅਸੂਲਾਂ ਦਾ ਵੱਡਾ ਘਾਣ ਹੋਵੇਗਾ।

ਮੀਡੀਆ ਅਦਾਰਿਆਂ ਨੇ ਪ੍ਰੈੱਸ ਦੀ ਅਜ਼ਾਦੀ ਖੋਹਣ ਵਾਲੀਆਂ ਧਾਰਾਵਾਂ ਰੱਦ ਕਰਨ ਦੀ ਮੰਗ ਕੀਤੀ ਹੈ, ਜੋ ਮਈ 2027 ਤੋਂ ਲਾਗੂ ਹੋਣੀਆਂ ਹਨ। ਉਨ੍ਹਾਂ ਮੁਤਾਬਕ ਨਵੇਂ ਨਿਯਮਾਂ ਤਹਿਤ ਸਰਕਾਰ ਬਿਨਾਂ ਅਦਾਲਤੀ ਮਨਜ਼ੂਰੀ ਦੇ ਅਖ਼ਬਾਰਾਂ ਤੋਂ ਖ਼ੁਫ਼ੀਆ ਜਾਣਕਾਰੀ ਮੰਗ ਸਕਦੀ ਹੈ। ਇਸ ਨਾਲ ਖ਼ਬਰਾਂ ਦੇ ਗੁਪਤ ਸੋਮੇ ਨੰਗੇ ਹੋ ਜਾਣਗੇ ਅਤੇ ਕੋਈ ਵੀ ਨਾਗਰਿਕ ਘੁਟਾਲਿਆਂ ਦਾ ਸੱਚ ਦੱਸਣ ਦੀ ਹਿੰਮਤ ਨਹੀਂ ਕਰੇਗਾ।

ਕਾਨੂੰਨ ਵਿੱਚ ਛਪੀਆਂ ਖ਼ਬਰਾਂ ਮਿਟਾਉਣ ਦੀ ਸ਼ਰਤ ਵੀ ਰੱਖੀ ਗਈ ਹੈ। ਇਸ ਨੂੰ ਮੀਡੀਆ ਸੱਚ ਉੱਤੇ ਪਰਦਾ ਪਾਉਣ ਅਤੇ ਇਤਿਹਾਸ ਨੂੰ ਖ਼ਤਮ ਕਰਨ ਦੇ ਬਰਾਬਰ ਮੰਨਦਾ ਹੈ। ਅਜਿਹਾ ਨਾ ਕਰਨ 'ਤੇ ਕਰੋੜਾਂ ਰੁਪਏ ਦੇ ਜੁਰਮਾਨੇ ਰੱਖੇ ਗਏ ਹਨ, ਜੋ ਛੋਟੇ ਅਤੇ ਦਰਮਿਆਨੇ ਅਦਾਰਿਆਂ ਨੂੰ ਪੂਰੀ ਤਰ੍ਹਾਂ ਕੰਗਾਲ ਕਰ ਦੇਣਗੇ।

ਸਰਕਾਰ ਦਾ ਪੱਖ ਹੈ ਕਿ ਡਿਜੀਟਲ ਯੁੱਗ ਵਿੱਚ ਨਾਗਰਿਕਾਂ ਦੀ ਨਿੱਜੀ ਜਾਣਕਾਰੀ ਦੀ ਰਾਖੀ ਲਈ ਇਹ ਕਾਨੂੰਨ ਜ਼ਰੂਰੀ ਹੈ।

(ਬਾਕੀ ਸਫ਼ਾ 26 'ਤੇ)

ਬੰਦੀ ਛੋੜ ਦਿਵਸ 'ਤੇ ਜਥੇਦਾਰ ਗੜਗੱਜ ਵੱਲੋਂ ਪੰਥਕ ਏਕਤਾ ਦਾ ਹੋਕਾ

ਧਾਰਮਿਕ ਤੇ ਸਿਆਸੀ ਧਿਰਾਂ ਨੂੰ ਇੱਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ

ਜਥੇਦਾਰ ਦੇ ਸੰਦੇਸ਼ ਸਮਾਗਮ 'ਚੋਂ ਪ੍ਰਧਾਨ ਧਾਮੀ ਤੇ ਨਿਹੰਗ ਮੁਖੀਆਂ ਦੀ ਗ਼ੈਰ-ਹਾਜ਼ਰੀ ਬਣੀ ਚਰਚਾ ਦਾ ਵਿਸ਼ਾ

ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੰਦੀ ਛੋੜ ਦਿਵਸ ਦਾ ਪਾਵਨ ਦਿਹਾੜਾ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਪੂਰੀ ਸ਼ਰਧਾ, ਉਤਸ਼ਾਹ ਅਤੇ ਰਵਾਇਤੀ ਜਾਹੋ-ਜਲਾਲ ਨਾਲ ਮਨਾਇਆ ਗਿਆ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿੱਚੋਂ 52 ਰਾਜਿਆਂ ਨੂੰ ਮੁਗ਼ਲਾਂ ਦੀ ਕੈਦ 'ਚੋਂ ਰਿਹਾਅ ਕਰਵਾ ਕੇ ਅੰਮ੍ਰਿਤਸਰ ਪਹੁੰਚਣ ਦੀ ਇਤਿਹਾਸਕ ਯਾਦ ਵਿੱਚ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਈਆਂ। ਪਾਵਨ ਅੰਮ੍ਰਿਤ ਸਰੋਵਰ ਦੇ ਕੰਢੇ ਦੇਸੀ ਘਿਓ ਦੇ ਦੀਵਿਆਂ ਦੀ ਮਨਮੋਹਕ ਦੀਪਮਾਲਾ ਕੀਤੀ ਗਈ ਅਤੇ ਅਲੌਕਿਕ ਰਵਾਇਤੀ ਆਤਿਸ਼ਬਾਜ਼ੀ ਦਾ ਨਜ਼ਾਰਾ ਵੇਖਣ ਨੂੰ ਮਿਲਿਆ।



ਇਸ ਇਤਿਹਾਸਕ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਰਸ਼ਨੀ ਡਿਉੜੀ ਤੋਂ ਸਮੁੱਚੇ ਸਿੱਖ ਪੰਥ ਦੇ ਨਾਂਅ ਆਪਣਾ ਸਾਲਾਨਾ ਸੰਦੇਸ਼ ਜਾਰੀ ਕੀਤਾ। ਆਪਣੇ ਸੰਦੇਸ਼ ਵਿੱਚ ਜਥੇਦਾਰ ਨੇ ਪੰਥਕ ਏਕਤਾ, ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ, ਇਤਿਹਾਸਕ ਵਿਰਾਸਤਾਂ ਦੀ ਸਾਂਭ-ਸੰਭਾਲ ਅਤੇ ਸਿੱਖੀ ਸੰਸਥਾਵਾਂ ਦੀ ਮਜ਼ਬੂਤੀ ਉੱਤੇ ਵਿਸ਼ੇਸ਼ ਜ਼ੋਰ ਦਿੱਤਾ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਬੰਦੀ ਛੋੜ ਦਿਵਸ ਦਾ ਮੂਲ ਸਿਧਾਂਤ ਹੀ ਮਨੁੱਖੀ ਅਧਿਕਾਰਾਂ ਅਤੇ ਬੇਗੁਨਾਹਾਂ ਦੀ ਆਜ਼ਾਦੀ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਲੰਮੀਆਂ ਸਜ਼ਾਵਾਂ ਭੁਗਤ ਚੁੱਕਣ ਦੇ ਬਾਵਜੂਦ ਕਈ ਦਹਾਕਿਆਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਸਮੁੱਚੇ ਪੰਥ ਨੂੰ ਇਕਜੁੱਟ ਹੋ ਕੇ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। ਉਨ੍ਹਾਂ ਨੇ ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਹਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਪਰਮਜੀਤ ਸਿੰਘ ਭਿਓਰਾ, ਭਾਈ ਗੁਰਦੀਪ ਸਿੰਘ ਖੇੜਾ ਅਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਸਰਕਾਰਾਂ ਇਸ ਮਾਮਲੇ 'ਤੇ ਸੁਹਿਰਦਤਾ ਨਹੀਂ ਦਿਖਾਉਂਦੀਆਂ, ਤਾਂ ਸ਼੍ਰੋਮਣੀ ਕਮੇਟੀ ਨੂੰ ਸਮੁੱਚੇ ਪੰਥ ਦੇ ਸਹਿਯੋਗ ਨਾਲ ਇੱਕ ਠੋਸ ਅਤੇ ਵਿਸ਼ੇਸ਼ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ।

ਜਥੇਦਾਰ ਨੇ ਪੰਜਾਬ ਵਿੱਚ ਫੈਲੇ ਨਸ਼ਿਆਂ ਦੇ ਕੋਹੜ 'ਤੇ ਗੰਭੀਰ ਚਿੰਤਾ ਪ੍ਰਗਟਾਈ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪੈਣ ਤੋਂ ਰੋਕਣ ਲਈ ਉਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸਿੱਖੀ ਸਿਧਾਂਤਾਂ ਨਾਲ ਜੋੜਨਾ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੇ ਵਿਦੇਸ਼ਾਂ ਵਿੱਚ ਵੱਸ ਰਹੀ ਸਿੱਖ ਭਾਈਚਾਰੇ ਦੀ ਚੌਥੀ ਅਤੇ ਪੰਜਵੀਂ ਪੀੜ੍ਹੀ ਨੂੰ ਆਪਣੇ ਪਿੰਡਾਂ, ਪੰਜਾਬ ਦੀ ਮਿੱਟੀ ਅਤੇ ਸ੍ਰੀ ਦਰਬਾਰ ਸਾਹਿਬ ਨਾਲ ਜੋੜੀ ਰੱਖਣ ਦੀ ਅਪੀਲ ਕੀਤੀ।

ਜਥੇਦਾਰ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਸੁਚਾਰੂ ਰੂਪ ਵਿੱਚ ਮੁੜ ਖੋਲ੍ਹਣ ਅਤੇ ਪਾਕਿਸਤਾਨ ਸਥਿਤ ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਲਈ ਸਹੂਲਤਾਂ ਵਧਾਉਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਗੁਰੂ ਸਾਹਿਬਾਨ, ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਅਤੇ ਸਿੱਖ ਸ਼ਹੀਦਾਂ ਨਾਲ ਸਬੰਧਤ ਇਤਿਹਾਸਕ ਇਮਾਰਤਾਂ ਤੇ ਵਿਰਾਸਤਾਂ ਨੂੰ ਉਨ੍ਹਾਂ ਦੇ ਮੂਲ ਸਰੂਪ ਵਿੱਚ ਸੰਭਾਲਣ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ।

ਕੀ ਜਥੇਦਾਰ ਪੰਥਕ ਏਕਤਾ ਲਈ ਦਖ਼ਲਅੰਦਾਜ਼ੀ ਕਰਨਗੇ ?

ਜਥੇਦਾਰ ਦੇ ਸੰਦੇਸ਼ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਪੰਥਕ ਏਕਤਾ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਇੱਕ ਮੋਹਰੀ ਅਗਵਾਈ ਵਾਲੀ ਭੂਮਿਕਾ ਨਿਭਾਉਣ ਲਈ ਪੂਰੀ ਤਰ੍ਹਾਂ ਤਿਆਰ ਹਨ ਜ਼ਥੇਦਾਰ ਨੇ ਆਪਣੇ ਸੰਦੇਸ਼ ਵਿੱਚ ਖੁੱਲ੍ਹਾ ਸੱਦਾ ਦਿੱਤਾ ਕਿ ਪੰਜਾਬ ਦੀਆਂ ਸਮੂਹ ਪੰਥਕ, ਧਾਰਮਿਕ ਅਤੇ ਸਿਆਸੀ ਧਿਰਾਂ ਨੂੰ ਆਪਸੀ ਵਖਰੇਵੇਂ ਭੁਲਾ ਕੇ ਪੰਥ ਅਤੇ ਪੰਜਾਬ ਦੇ ਵਡੇਰੇ ਹਿੱਤਾਂ ਲਈ ਇੱਕ ਮੰਚ 'ਤੇ ਇਕੱਠੇ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਅਤੇ ਹੋਰ ਜਥੇਬੰਦੀਆਂ ਨੂੰ ਮਿਲ ਕੇ ਪ੍ਰੋਗਰਾਮ ਉਲੀਕਣ ਦਾ ਨਿਰਦੇਸ਼ ਦਿੱਤਾ ਹੈ।

ਸਮਾਗਮ ਦੌਰਾਨ ਅੰਦਰੂਨੀ ਖਿੱਚੋਤਾਣ ਤੇ ਗ਼ੈਰ-ਹਾਜ਼ਰੀਆਂ

ਇੱਕ ਪਾਸੇ ਜਿੱਥੇ ਜਥੇਦਾਰ ਨੇ ਏਕਤਾ ਦਾ ਹੋਕਾ ਦਿੱਤਾ, ਉੱਥੇ ਹੀ ਸਮਾਗਮ ਦੌਰਾਨ ਸਾਹਮਣੇ ਆਈਆਂ ਗੈਰ-ਹਾਜ਼ਰੀਆਂ ਨੇ ਪੰਥਕ ਧਿਰਾਂ ਵਿਚਲੀ ਅੰਦਰੂਨੀ ਖਿੱਚੋਤਾਣ ਨੂੰ ਵੀ ਉਜਾਗਰ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਿਨ ਦੇ ਮੁੱਖ ਸਮਾਗਮਾਂ ਵਿੱਚ ਤਾਂ ਹਾਜ਼ਰ ਰਹੇ, ਪ੍ਰੰਤੂ ਸ਼ਾਮ ਵੇਲੇ ਦਰਸ਼ਨੀ ਡਿਉੜੀ ਤੋਂ ਸੰਦੇਸ਼ ਜਾਰੀ ਕਰਨ ਮੌਕੇ ਹੋਏ ਸਮਾਗਮ ਵਿੱਚ ਸ਼ਾਮਿਲ ਨਹੀਂ ਹੋਏ। ਨਿਹੰਗ ਸਿੰਘ ਜਥੇਬੰਦੀਆਂ ਦੇ ਮੁਖੀ, ਜਿਨ੍ਹਾਂ ਦਾ ਅਕਾਲ ਤਖ਼ਤ ਸਾਹਿਬ ਵਿਖੇ ਸਨਮਾਨ ਕੀਤਾ ਗਿਆ ਸੀ, ਉਹ ਵੀ ਦਰਸ਼ਨੀ ਡਿਉੜੀ ਵਾਲੇ ਸੰਦੇਸ਼ ਸਮਾਗਮ ਵਿੱਚ ਗੈਰ-ਹਾਜ਼ਰ ਰਹੇ। ਦਮਦਮੀ ਟਕਸਾਲ ਦੇ ਮੁਖੀ ਦੀ ਗ਼ੈਰ-ਹਾਜ਼ਰੀ ਵੀ ਪੰਥਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣੀ ਰਹੀ। ਇਹ ਗ਼ੈਰ-ਹਾਜ਼ਰੀਆਂ ਦਰਸਾਉਂਦੀਆਂ ਹਨ ਕਿ ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਏਕਤਾ ਦਾ ਹੋਕਾ ਦਿੱਤਾ ਗਿਆ ਹੈ, ਪਰ ਧਾਰਮਿਕ ਅਤੇ ਸਿਆਸੀ ਧਿਰਾਂ ਵਿਚਲੇ ਮੱਤਭੇਦਾਂ ਨੂੰ ਖ਼ਤਮ ਕਰਕੇ ਉਨ੍ਹਾਂ ਨੂੰ ਇੱਕ ਥਾਂ ਬਿਠਾਉਣਾ ਜਥੇਦਾਰ ਸਾਹਿਬ ਲਈ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ।

ਜਾਂਚ ਪੂਰੀ ਹੋਏ ਬਿਨਾਂ ਅਕਾਲੀ ਦਲ ਵਾਰਿਸ ਪੰਜਾਬ ਨੂੰ ਰਜਿਸਟਰ ਨਹੀਂ ਕੀਤਾ ਜਾ ਸਕਦਾ: ਚੋਣ ਕਮਿਸ਼ਨ

ਹਾਈਕੋਰਟ 'ਚ 11 ਜਨਵਰੀ 2027 ਨੂੰ ਹੋਵੇਗੀ ਰਜਿਸਟਰੇਸ਼ਨ ਮਾਮਲੇ ਦੀ ਅਗਲੀ ਸੁਣਵਾਈ



ਨਵੀਂ ਦਿੱਲੀ/ਏ.ਟੀ.ਨਿਊਜ਼ : ਚੋਣ ਕਮਿਸ਼ਨ ਨੇ ਦਿੱਲੀ ਹਾਈ ਕੋਰਟ 'ਚ ਦੱਸਿਆ ਹੈ ਕਿ ਅਕਾਲੀ ਦਲ (ਵਾਰਿਸ ਪੰਜਾਬ) ਨੂੰ ਸਿਆਸੀ ਪਾਰਟੀ ਵਜੋਂ ਰਜਿਸਟਰ ਕਰਨ ਖ਼ਿਲਾਫ਼ ਕਈ ਗੰਭੀਰ ਅਤੇ ਸੰਵੇਦਨਸ਼ੀਲ ਇਤਰਾਜ਼ ਮਿਲੇ ਹਨ। ਜੇ ਜਥੇਬੰਦੀ ਨੂੰ ਸਿਆਸੀ ਪਾਰਟੀ ਵਜੋਂ ਰਜਿਸਟਰ ਕੀਤਾ ਗਿਆ ਤਾਂ ਇਸ ਨਾਲ ਮੁਲਕ ਦੀ ਪ੍ਰਭੂਸੱਤਾ ਅਤੇ ਅਖੰਡਤਾ 'ਤੇ ਮਾੜਾ ਅਸਰ ਪੈ ਸਕਦਾ ਹੈ।

ਚੋਣ ਕਮਿਸ਼ਨ ਨੇ ਕਿਹਾ ਕਿ ਅਕਾਲੀ ਦਲ (ਵਾਰਿਸ ਪੰਜਾਬ) ਦੀ ਰਜਿਸਟਰੇਸ਼ਨ ਦਾ ਮਾਮਲਾ ਜਦੋਂ ਵਿਚਾਰਧੀਨ ਸੀ ਤਾਂ ਉਨ੍ਹਾਂ ਨੂੰ ਜੁਲਾਈ 'ਚ ਸੰਵੇਦਨਸ਼ੀਲ ਜਾਣਕਾਰੀ ਮਿਲੀ ਕਿ ਜਥੇਬੰਦੀ ਦੀਆਂ ਜੜ੍ਹਾਂ 'ਵੱਖਵਾਦ' 'ਚ ਹਨ ਅਤੇ ਇਸ ਨੂੰ ਕੌਮੀ ਸੁਰੱਖਿਆ ਐਕਟ (ਐੱਨ ਐੱਸ ਏ) ਤਹਿਤ ਹਿਰਾਸਤ 'ਚ ਲਏ ਗਏ ਵਿਅਕਤੀ ਵੱਲੋਂ ਬਣਾਇਆ ਗਿਆ ਹੈ। ਪਾਰਟੀ ਨੇ ਆਪਣੀ ਰਜਿਸਟਰੇਸ਼ਨ ਲਈ ਜਨਵਰੀ 2025 'ਚ ਅਰਜ਼ੀ ਦਿੱਤੀ ਸੀ ਅਤੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਜਲਦੀ ਫ਼ੈਸਲਾ ਕਰਨ ਦੀ ਮੰਗ ਕੀਤੀ ਸੀ।

ਚੋਣ ਕਮਿਸ਼ਨ ਨੇ ਹਲਫ਼ਨਾਮਾ ਦਾਇਰ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਅਪ੍ਰੈਲ 'ਚ ਹਾਂ-ਪੱਖੀ ਰਿਪੋਰਟ ਦਿੱਤੀ ਗਈ ਸੀ ਪਰ ਜੁਲਾਈ 'ਚ ਗੰਭੀਰ ਇਨਪੁਟ ਮਿਲਣ ਤੋਂ ਬਾਅਦ ਵਿਸਤਾਰ ਨਾਲ ਪੜਤਾਲ ਦੇ ਹੁਕਮ ਦਿੱਤੇ ਗਏ ਹਨ ਜਿਸ ਦੀ ਰਿਪੋਰਟ ਆਉਣੀ ਹਾਲੇ ਬਾਕੀ ਹੈ।

ਕਮਿਸ਼ਨ ਨੇ ਸਪੱਸ਼ਟ ਕੀਤਾ ਕਿ ਜਾਂਚ ਪੂਰੀ ਹੋਏ ਬਿਨਾਂ ਪਾਰਟੀ ਨੂੰ ਰਜਿਸਟਰ ਨਹੀਂ ਕੀਤਾ ਜਾ ਸਕਦਾ। ਇਸ ਮਾਮਲੇ ਦੀ ਅਗਲੀ ਸੁਣਵਾਈ 11 ਜਨਵਰੀ 2027 ਨੂੰ ਹੋਵੇਗੀ।

ਚੋਣ ਕਮਿਸ਼ਨ ਨੇ ਕਿਹਾ ਕਿ ਉਨ੍ਹਾਂ ਨੂੰ 22 ਜਨਵਰੀ 2025 'ਚ ਪਾਰਟੀ ਦੀ ਰਜਿਸਟਰੇਸ਼ਨ ਲਈ ਅਰਜ਼ੀ ਮਿਲੀ ਸੀ ਅਤੇ ਵਿਆਪਕ ਪੜਤਾਲ ਮਗਰੋਂ ਸਤੰਬਰ 'ਚ ਖ਼ਾਮੀ ਪੱਤਰ ਜਾਰੀ ਕੀਤਾ ਗਿਆ ਸੀ। ਪਟੀਸ਼ਨਰ ਨੂੰ ਖ਼ਾਮੀਆਂ ਦੂਰ ਕਰਨ ਲਈ 30 ਦਿਨਾਂ ਦਾ ਸਮਾਂ ਦਿੱਤਾ ਗਿਆ ਸੀ ਅਤੇ ਉਨ੍ਹਾਂ ਚਾਰ ਮਹੀਨਿਆਂ ਦੀ ਦੇਰ ਮਗਰੋਂ ਇਸ ਸਾਲ ਜਨਵਰੀ 'ਚ ਦਸਤਾਵੇਜ਼ ਠੀਕ ਕਰ ਕੇ ਭੇਜੇ ਸਨ।

ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੁਰੰਤ ਕਰਵਾਈਆਂ ਜਾਣ: ਗਿ. ਹਰਪ੍ਰੀਤ ਸਿੰਘ

ਲੁਧਿਆਣਾ/ਏ.ਟੀ.ਨਿਊਜ਼ : ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਮੁੜ ਸਪੱਸ਼ਟ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਗੌੜਿਆਂ ਨਾਲ ਕਦੇ ਵੀ ਏਕਤਾ ਨਹੀਂ ਹੋਵੇਗੀ ਅਤੇ ਭਾਜਪਾ ਸਮੇਤ ਜਿਹੜੀ ਪਾਰਟੀ ਇਨ੍ਹਾਂ ਨਾਲ ਏਕਤਾ ਕਰੇਗੀ ਤਾਂ ਉਸ ਦਾ ਵੀ ਵਿਰੋਧ ਕੀਤਾ ਜਾਵੇਗਾ। ਉਹ ਗੁਰਦੁਆਰਾ ਰੇਰੂ ਸਾਹਿਬ ਵਿੱਚ ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ, "ਅਕਾਲੀ ਦਲ (ਪੁਨਰ ਸੁਰਜੀਤ) ਨੇ ਭਾਜਪਾ ਨਾਲ ਸਿਆਸੀ ਭਾਈਵਾਲੀ ਦੀ ਕਦੇ ਵੀ ਗੱਲ ਨਹੀਂ ਕੀਤੀ, ਹਮੇਸ਼ਾ ਪੰਥ ਅਤੇ ਪੰਜਾਬ ਦੇ ਮੁੱਦਿਆਂ ਦੀ ਮੰਗ ਰੱਖੀ ਹੈ ਪਰ ਉਨ੍ਹਾਂ ਨਾਲ ਸਮਝੌਤਾ ਕਰਨ ਲਈ ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਆਗੂ ਹੀ ਗਏ ਸਨ, ਜੋ ਸੁਖਬੀਰ ਬਾਦਲ ਨਾਲ ਵੀ ਏਕਤਾ ਦੀ ਗੱਲ ਕਰ ਆਏ ਸਨ ਪਰ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਗੌੜਿਆਂ ਨਾਲ ਕਿਸੇ ਕੀਮਤ 'ਤੇ ਸਮਝੌਤਾ ਨਹੀਂ ਕਰਾਂਗੇ ਅਤੇ ਜੇ ਭਾਜਪਾ ਉਨ੍ਹਾਂ ਨਾਲ ਸਮਝੌਤਾ ਕਰਦੀ ਹੈ ਤਾਂ ਸਿੱਖ ਵਿਰੋਧੀ ਸਮਝਕੇ ਉਸ ਦਾ ਵੀ ਵਿਰੋਧ ਕੀਤਾ ਜਾਵੇਗਾ।" ਉਨ੍ਹਾਂ ਕਿਹਾ ਕਿ ਮੀਟਿੰਗ ਦੌਰਾਨ ਫ਼ੈਸਲਾ ਕੀਤਾ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਾਲੇ ਦਿਨ ਅਕਾਲੀ ਦਲ (ਪੁਨਰ ਸੁਰਜੀਤ) ਦੇ ਸ਼੍ਰੋਮਣੀ ਕਮੇਟੀ ਮੈਂਬਰ ਸਾਬਕਾ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੀ ਅਗਵਾਈ ਹੇਠ ਲੋਕ ਸਭਾ ਅੱਗੇ ਪ੍ਰਦਰਸ਼ਨ ਕਰ ਕੇ ਮੰਗ ਕਰਨਗੇ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਤੁਰੰਤ ਕਰਵਾਈਆਂ ਜਾਣ। ਮੀਟਿੰਗ ਵਿੱਚ ਪਾਰਟੀ ਸਰਪ੍ਰਸਤ ਰਵੀਇੰਦਰ ਸਿੰਘ, ਸੀਨੀਅਰ ਮੀਤ ਪ੍ਰਧਾਨ ਸੰਤਾ ਸਿੰਘ ਉਮੈਦਪੁਰੀ, ਜਗਜੀਤ ਸਿੰਘ ਕੋਹਲੀ, ਗੁਰਪ੍ਰਤਾਪ ਸਿੰਘ ਵਡਾਲਾ, ਪਰਮਿੰਦਰ ਸਿੰਘ ਢੀਂਡਸਾ, ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਗਿਆਨੀ ਹਰਪ੍ਰੀਤ ਸਿੰਘ ਨਾਲ ਖੜ੍ਹੀ ਹੈ।



ਪੰਜਾਬ ਵਿੱਚ ਸੁਧਾਰ ਲਈ ਕੇਂਦਰ ਨਾਲ ਤਾਲਮੇਲ ਬਣਾ ਕੇ ਰੱਖਣਾ ਜ਼ਰੂਰੀ : ਬੀਬੀ ਜਗੀਰ ਕੌਰ

ਜਲੰਧਰ/ਏ.ਟੀ.ਨਿਊਜ਼ : ਬੀਬੀ ਜਗੀਰ ਕੌਰ ਲਗਪਗ ਚਾਰ ਸਾਲਾਂ ਬਾਅਦ ਮੁੜ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਰਹੇ ਹਨ। ਉਹ 13 ਨਵੰਬਰ ਨੂੰ ਬੇਗੋਵਾਲ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਮੌਜੂਦਗੀ ਵਿੱਚ ਅਕਾਲੀ ਦਲ ਵਿੱਚ ਵਾਪਸੀ ਕਰਨਗੇ। ਉਨ੍ਹਾਂ ਦੀ ਵਾਪਸੀ ਸੰਤ ਪ੍ਰੇਮ ਸਿੰਘ ਮੁਰਾਲੇਵਾਲੇ ਦੇ ਡੇਰੇ ਵਿੱਚ ਹੋਣ ਦੀ ਸੰਭਾਵਨਾ ਹੈ, ਜਿੱਥੇ ਬੀਬੀ ਜਗੀਰ ਕੌਰ ਮੁੱਖ ਸੇਵਾਦਾਰ ਹਨ।



ਬੀਬੀ ਜਗੀਰ ਕੌਰ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਅਕਾਲੀ ਦਲ ਵਿੱਚ ਸੁਧਾਰ ਪਾਰਟੀ ਦੇ ਅੰਦਰ ਰਹਿ ਕੇ ਹੀ ਕੀਤਾ ਜਾ ਸਕਦਾ ਹੈ, ਬਾਹਰ ਰਹਿ ਕੇ ਨਹੀਂ। ਇਸੇ ਤਰ੍ਹਾਂ ਪੰਜਾਬ ਵਿੱਚ ਸੁਧਾਰ ਲਈ ਕੇਂਦਰ ਸਰਕਾਰ ਨਾਲ ਤਾਲਮੇਲ ਬਣਾ ਕੇ ਰੱਖਣਾ ਜ਼ਰੂਰੀ ਹੈ। ਸੁਖਬੀਰ ਸਿੰਘ ਬਾਦਲ ਨਾਲ ਉਨ੍ਹਾਂ ਦੀ ਫੋਨ 'ਤੇ ਗੱਲਬਾਤ ਹੋਈ ਹੈ ਅਤੇ ਉਨ੍ਹਾਂ ਨੇ 13 ਨਵੰਬਰ ਨੂੰ ਬੇਗੋਵਾਲ ਆਉਣ ਦੀ ਗੱਲ ਕਹੀ ਹੈ। ਉਹ ਅਕਾਲੀ ਸੀ ਅਤੇ ਅਕਾਲੀ ਹੀ ਰਹਿਣਗੇ। ਭਾਜਪਾ ਨਾਲ ਤਾਲਮੇਲ ਰੱਖਣ ਨਾਲ ਸੂਬੇ ਵਿੱਚ ਆਪਣੀ ਸਰਕਾਰ ਬਣਾਉਣ ਦਾ ਰਾਹ ਪੱਧਰਾ ਹੋ ਸਕਦਾ ਹੈ। ਕੇਂਦਰ ਦੇ ਸਹਿਯੋਗ ਨਾਲ ਹੀ ਵਿਕਾਸ ਅਤੇ ਪੰਜਾਬ ਦਾ ਬਣਦਾ ਹਿੱਸਾ ਹਾਸਲ ਕੀਤਾ ਜਾ ਸਕਦਾ ਹੈ।

ਕੇਂਦਰ ਨੇ ਸੂਬੇ ਵਿੱਚੋਂ ਨਸ਼ਿਆਂ ਦੇ ਖ਼ਾਤਮੇ ਦਾ ਭਰੋਸਾ ਦਿੱਤਾ ਹੈ ਅਤੇ ਉਮੀਦ ਹੈ ਕਿ ਇਸ ਨਾਲ ਹਾਲਾਤ ਵਿੱਚ ਸੁਧਾਰ ਹੋਵੇਗਾ। ਭੁਲੱਥ ਹਮੇਸ਼ਾ ਉਨ੍ਹਾਂ ਦਾ ਹਲਕਾ ਰਿਹਾ ਹੈ ਅਤੇ ਅੱਗੇ ਵੀ ਰਹੇਗਾ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਜਗਜੀਤ ਸਿੰਘ ਬਬੀਹਾ ਅਤੇ ਭਾਈ ਕੁਲਵਿੰਦਰ ਸਿੰਘ ਖਰੜ 'ਤੇ ਕੀਰਤਨ ਕਰਨ ਤੋਂ ਰੋਕ

ਕੀਰਤਨੀ ਜਥਿਆਂ 'ਤੇ ਸੰਗਤ 'ਚ ਕੀਰਤਨ ਕਰਨ ਤੋਂ 13 ਨਵੰਬਰ ਤੋਂ ਲੈ ਕੇ 12 ਦਸੰਬਰ 2026 ਤੱਕ ਇੱਕ ਮਹੀਨੇ ਦੀ ਰੋਕ ਲਗਾਈ ਗਈ



ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਜਗਜੀਤ ਸਿੰਘ ਬਬੀਹਾ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਦੇ ਕੀਰਤਨੀ ਜਥਿਆਂ ਉੱਤੇ ਸੰਗਤ ਵਿੱਚ ਕੀਰਤਨ ਕਰਨ ਤੋਂ 13 ਨਵੰਬਰ ਤੋਂ ਲੈ ਕੇ 12 ਦਸੰਬਰ 2026 ਤੱਕ ਇੱਕ ਮਹੀਨੇ ਦੀ ਰੋਕ ਲਗਾਈ ਗਈ ਹੈ। ਇਹ ਕਾਰਵਾਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤੀ ਗਈ ਹੈ। ਇਸ ਸਬੰਧ ਵਿੱਚ ਜਾਰੀ ਆਦੇਸ਼ ਅਨੁਸਾਰ ਦੱਸਿਆ ਗਿਆ ਹੈ ਕਿ ਬੀਤੇ ਦਿਨਾਂ ਤੋਂ ਦੋਵਾਂ ਜਥਿਆਂ ਵਿਚਕਾਰ ਚੱਲ ਰਹੇ ਆਪਸੀ ਵਿਵਾਦ ਅਤੇ ਸੰਗਤ ਵੱਲੋਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਗਾਤਾਰ ਪੁੱਜ ਰਹੀਆਂ ਸ਼ਿਕਾਇਤਾਂ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਇਸ ਮਾਮਲੇ ਸਬੰਧੀ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਆਦੇਸ਼ ਵਿੱਚ ਕਿਹਾ ਗਿਆ ਹੈ ਕਿ (ਬਾਕੀ ਸਫ਼ਾ 26 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਸੰਪਾਦਕੀ

ਸੜਕ ਹਾਦਸਿਆਂ ਦਾ ਦੈਂਤ

ਅੱਜ ਬੁੱਧਵਾਰ ਨੂੰ ਚੜ੍ਹਦੀ ਧੁੰਦਲੀ ਸਵੇਰ ਹੀ ਸੰਗਰੂਰ ਵਿਖੇ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਨੇੜੇ ਹੋਇਆ ਭਿਆਨਕ ਸੜਕ ਹਾਦਸਾ ਕਈ ਘਰਾਂ 'ਚ 'ਤਿਉਹਾਰਾਂ ਦੀ ਰੁੱਤ' ਦੌਰਾਨ ਹੀ ਕੀਰਨੇ ਪਾ ਗਿਆ। ਧੂਰੀ ਤੋਂ ਚੰਡੀਗੜ੍ਹ ਜਾ ਰਹੀ ਪੀ. ਆਰ. ਟੀ. ਸੀ. ਦੀ ਬੱਸ ਅੱਜ ਤੜਕੇ ਸੰਗਰੂਰ ਵਿਖੇ ਕੌਮੀ ਹਾਈਵੇ ਦੇ ਬਾਈਪਾਸ ਨੇੜੇ ਬੇਕਾਬੂ ਹੁੰਦਿਆਂ ਪੁਲ ਨਾਲ ਟਕਰਾ ਕੇ ਪਲਟ ਗਈ। ਇਸ ਭਿਆਨਕ ਸੜਕ ਹਾਦਸੇ 'ਚ ਦੋ ਔਰਤਾਂ ਸਣੇ 3 ਸਵਾਰੀਆਂ ਦੀ ਮੌਤ ਹੋ ਗਈ, ਜਦ ਕਿ 26 ਜ਼ਖਮੀ ਹੋ ਗਏ। ਜਿਨ੍ਹਾਂ ਨੂੰ ਸਥਾਨਕ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ। ਵੇਰਵਿਆਂ ਅਨੁਸਾਰ ਜ਼ਖਮੀਆਂ 'ਚੋਂ 10 ਦੀ ਹਾਲਤ ਨੂੰ ਵੇਖਦਿਆਂ ਡਾਕਟਰਾਂ ਨੇ ਪਟਿਆਲਾ ਰੈਫ਼ਰ ਕਰ ਦਿੱਤਾ ਹੈ।

ਇਸ ਘਟਨਾ ਨੇ ਪੰਜਾਬ ਵਿੱਚ ਸੜਕ ਹਾਦਸਿਆਂ ਦੀ ਮੁੱਖ ਸਮੱਸਿਆ ਨੂੰ ਮੁੜ ਉਜਾਗਰ ਕੀਤਾ ਹੈ ਅਤੇ ਇਹ ਘਟਨਾ ਕਈ ਵੱਡੇ ਸਵਾਲ ਖੜੇ ਕਰ ਗਈ ਹੈ। ਪੰਜਾਬ 'ਚ ਸੜਕ ਹਾਦਸਿਆਂ ਦਾ ਦੈਂਤ ਹੁਣ ਤੱਕ ਸੈਂਕੜੇ ਜ਼ਿੰਦਗੀਆਂ ਨਿਗਲ਼ ਚੁੱਕਿਆ ਹੈ ਅਤੇ ਅਨੇਕਾਂ ਜ਼ਿੰਦਗੀਆਂ ਜ਼ਖ਼ਮੀ ਹੋਣ ਕਾਰਨ ਉਸ ਦੇ ਸ਼ਿਕੰਜੇ ਵਿੱਚ ਫ਼ਸੀਆਂ ਹੋਈਆਂ ਹਨ। ਇੱਕ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 12 ਹਜ਼ਾਰ ਦੇ ਕਰੀਬ ਸੜਕ ਹਾਦਸੇ ਵਾਪਰਦੇ ਹਨ, ਇਹਨਾਂ ਸੜਕ ਹਾਦਸਿਆਂ ਵਿੱਚ ਹਰ ਸਾਲ ਪੰਜਾਬ ਵਿੱਚ ਤਿੰਨ ਹਜ਼ਾਰ ਤੋਂ ਵੱਧ ਵਿਅਕਤੀਆਂ ਦੀ ਮੌਤ ਹੁੰਦੀ ਹੈ ਅਤੇ ਇਹਨਾਂ ਸੜਕ ਹਾਦਸਿਆਂ ਕਾਰਨ ਹਰ ਸਾਲ 6 ਹਜ਼ਾਰ ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਜਾਂਦੇ ਹਨ। ਇੱਕ ਅੰਦਾਜ਼ੇ ਅਨੁਸਾਰ ਪੰਜਾਬ ਵਿੱਚ ਹਰ ਸਾਲ ਦੋ ਹਜ਼ਾਰ ਵਿਅਕਤੀ ਵੱਖ- ਵੱਖ ਸੜਕ ਹਾਦਸਿਆਂ ਵਿੱਚ ਆਪਣੇ ਸਰੀਰ ਦੇ ਅੰਗ ਗੁਆ ਬੈਠਦੇ ਹਨ ਅਤੇ ਸਦਾ ਲਈ ਨਕਾਰਾ ਤੇ ਅੰਗਹੀਣ ਹੋ ਜਾਂਦੇ ਹਨ। ਸੜਕ ਹਾਦਸਿਆਂ ਵਿੱਚ ਕਈ ਵਿਅਕਤੀ ਸਿਰ ਉੱਪਰ ਸੱਟ ਵੱਜਣ ਕਾਰਨ ਮਾਨਸਿਕ ਰੋਗੀ ਵੀ ਬਣ ਜਾਂਦੇ ਹਨ।

ਪ੍ਰਾਪਤ ਅੰਕੜਿਆਂ ਅਨੁਸਾਰ ਪਿਛਲੇ ਚਾਰ ਸਾਲਾਂ ਵਿੱਚ ਸੜਕ ਹਾਦਸਿਆਂ ਮਰਨ ਵਾਲਿਆਂ ਦੀ ਗਿਣਤੀ ਵਿੱਚ 3.7 ਫ਼ੀਸਦੀ ਵਾਧਾ ਦਰਜ ਕੀਤਾ ਗਿਆ ਹੈ। ਸਾਲ 2020 ਵਿੱਚ 5203 ਸੜਕ ਹਾਦਸੇ ਵਾਪਰੇ ਸਨ ਜਿਨ੍ਹਾਂ ਵਿੱਚ 3898 ਕੀਮਤੀ ਜਾਨਾਂ ਚਲੀਆਂ ਗਈਆਂ ਸਨ, ਜਦੋਂ ਕਿ ਅਗਲੇ ਸਾਲ 2021 ਵਿੱਚ ਸੜਕ ਹਾਦਸਿਆਂ ਦੀ ਗਿਣਤੀ ਵਧ ਕੇ 5871 ਹੋ ਗਈ ਜਦੋਂ ਕਿ ਮ੍ਰਿਤਕਾਂ ਦੀ ਗਿਣਤੀ ਵਧ ਕੇ ਵੀ 4589 ਤੱਕ ਪਹੁੰਚ ਗਈ। ਸਾਲ 2022 ਵਿੱਚ ਪੰਜਾਬ ਅੰਦਰ ਕੁੱਲ 6042 ਸੜਕ ਹਾਦਸੇ ਵਾਪਰੇ ਸਨ, ਜਿਨ੍ਹਾਂ ਵਿੱਚ 4655 ਲੋਕਾਂ ਦੀ ਜਾਨ ਚਲੀ ਗਈ। ਸਾਲ 2023 ਵਿੱਚ ਸੜਕ ਹਾਦਸਿਆਂ ਦੀ ਗਿਣਤੀ ਵਧ ਕੇ 6269 ਹੋ ਗਈ, ਜਿਸ ਵਿੱਚ 4829 ਲੋਕਾਂ ਦੀ ਜਾਨ ਚਲੀ ਗਈ।

ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2010 ਦੌਰਾਨ ਪੰਜਾਬ 'ਚ 6641 ਸੜਕ ਹਾਦਸੇ ਹੋਏ, ਜਿਨ੍ਹਾਂ ਵਿੱਚ 3424 ਲੋਕਾਂ ਦੀ ਜਾਨ ਚਲੀ ਗਈ, ਜਦੋਂ ਕਿ 5854 ਜ਼ਖ਼ਮੀ ਹੋਏ ਸਨ। ਜੇ ਪਿਛਲੇ ਕੁਝ ਸਾਲਾਂ ਦੀ ਗੱਲ ਕੀਤੀ ਜਾਵੇ ਤਾਂ ਸਾਲ 2005 ਵਿੱਚ 4515 ਹਾਦਸੇ ਹੋਏ ਸਨ, ਜਿਨ੍ਹਾਂ ਵਿੱਚ 2777 ਵਿਅਕਤੀ ਮਾਰੇ ਗਏ ਸਨ ਤੇ 4120 ਜ਼ਖ਼ਮੀ ਹੋਏ ਸਨ। ਸਾਲ 2006 ਵਿੱਚ 4737 ਸੜਕ ਹਾਦਸੇ ਹੋਏ ਸਨ, ਜਿਨ੍ਹਾਂ ਵਿੱਚ 2966 ਵਿਅਕਤੀ ਮਾਰੇ ਗਏ ਸਨ ਅਤੇ 4270 ਵਿਅਕਤੀ ਜ਼ਖ਼ਮੀ ਹੋਏ ਸਨ। ਸਾਲ 2007 ਵਿੱਚ ਵਾਪਰੇ 5208 ਹਾਦਸਿਆਂ ਵਿੱਚ 3363 ਵਿਅਕਤੀ ਮਾਰੇ ਗਏ ਸਨ ਅਤੇ 4430 ਵਿਅਕਤੀ ਜ਼ਖ਼ਮੀ ਹੋਏ ਸਨ। ਸਾਲ 2008 ਵਿੱਚ 5409 ਸੜਕ ਹਾਦਸੇ ਵਾਪਰੇ ਸਨ ਜਦੋਂ ਕਿ ਇਨ੍ਹਾਂ ਹਾਦਸਿਆਂ ਵਿੱਚ 3333 ਵਿਅਕਤੀ ਮਾਰੇ ਗਏ ਸਨ ਅਤੇ 4868 ਵਿਅਕਤੀ ਜ਼ਖ਼ਮੀ ਹੋਏ ਸਨ। ਇਸੇ ਤਰ੍ਹਾਂ ਸਾਲ 2009 ਵਿੱਚ 6425 ਸੜਕ ਹਾਦਸੇ ਵਾਪਰੇ ਸਨ, ਜਿਨ੍ਹਾਂ ਵਿੱਚ 3622 ਵਿਅਕਤੀ ਮਾਰੇ ਗਏ ਅਤੇ 5674 ਜ਼ਖ਼ਮੀ ਹੋ ਗਏ ਸਨ। ਰਿਪੋਰਟ ਅਨੁਸਾਰ ਸਾਲ 2017 ਦੌਰਾਨ ਪੰਜਾਬ ਵਿੱਚ ਵਾਪਰੇ ਸੜਕ ਹਾਦਸਿਆਂ ਵਿੱਚ ਕੁੱਲ 4278 ਵਿਅਕਤੀ ਮਾਰੇ ਗਏ ਸਨ ਜਦੋਂ ਕਿ ਇਹਨਾਂ ਹਾਦਸਿਆਂ ਵਿੱਚ 4024 ਵਿਅਕਤੀ ਜ਼ਖ਼ਮੀ ਹੋ ਗਏ ਸਨ। ਇਹਨਾਂ ਸੜਕ ਹਾਦਸਿਆਂ ਦੌਰਾਨ ਸਿਰਫ਼ ਵਾਹਨ ਚਾਲਕ ਹੀ ਮੌਤ ਦੇ ਮੂੰਹ ਵਿੱਚ ਨਹੀਂ ਪਏ ਸਗੋਂ ਸਾਲ 2012 ਦੌਰਾਨ ਪੰਜਾਬ ਦੀਆਂ ਵੱਖ ਵੱਖ ਸੜਕਾਂ 'ਤੇ ਪੈਦਲ ਜਾ ਰਹੇ 468 ਵਿਅਕਤੀ ਵੀ ਸੜਕ ਹਾਦਸਿਆਂ ਦੀ ਲਪੇਟ ਵਿੱਚ ਆ ਕੇ ਮਾਰੇ ਗਏ ਸਨ। ਇਸ ਤੋਂ ਇਲਾਵਾ ਇਸੇ ਸਾਲ ਸੜਕਾਂ 'ਤੇ ਜਾ ਰਹੇ 287 ਸਾਈਕਲ ਸਵਾਰ ਵਿਅਕਤੀ ਵੀ ਸੜਕ ਹਾਦਸਿਆਂ ਦੀ ਲਪੇਟ ਵਿੱਚ ਆਉਣ ਕਾਰਨ ਮਾਰੇ ਗਏ ਸਨ। ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਕੁਲ 556 ਬੱਸ ਹਾਦਸੇ ਹੋਏ ਸਨ, ਇਹਨਾਂ ਬੱਸ ਹਾਦਸਿਆਂ ਵਿੱਚ 403 ਵਿਅਕਤੀ ਮਾਰੇ ਗਏ ਸਨ ਜਦੋਂ ਕਿ ਇਹਨਾਂ ਬੱਸ ਹਾਦਸਿਆਂ ਵਿੱਚ 410 ਵਿਅਕਤੀ ਜ਼ਖ਼ਮੀ ਹੋ ਗਏ ਸਨ । ਇਸ ਸਮੇਂ ਦੌਰਾਨ 200 ਸੜਕ ਹਾਦਸੇ ਸਿਰਫ਼ ਆਟੋ ਰਿਕਸ਼ਿਆਂ ਨਾਲ ਵਾਪਰੇ ਸਨ, ਜਿਸ ਕਾਰਨ 171 ਵਿਅਕਤੀ ਮਾਰੇ ਗਏ ਸਨ।

ਹਰ ਸਾਲ ਵੱਡੀ ਗਿਣਤੀ ਵਿੱਚ ਹੋਣ ਵਾਲੇ ਸੜਕ ਹਾਦਸਿਆਂ ਦਾ ਪ੍ਰਮੁੱਖ ਕਾਰਨ ਖ਼ਰਾਬ ਸੜਕਾਂ, ਰੂੜੀਵਾਦੀ ਡੀਪੀਆਰ ਤੇ ਨਿਕੰਮੀ ਇੰਜੀਨੀਅਰਿੰਗ ਹੀ ਹਾਦਸਿਆਂ ਦਾ ਅਹਿਮ ਕਾਰਨ ਹੈ ਪਰ ਇਨ੍ਹਾਂ ਬਾਰੇ ਕਦੇ ਚਰਚਾ ਨਹੀਂ ਹੁੰਦੀ। ਅਸਲ ਵਿੱਚ ਜਦੋਂ ਕੋਈ ਸੜਕ ਹਾਦਸਾ ਹੁੰਦਾ ਹੈ ਤਾਂ ਪ੍ਰਸ਼ਾਸਨ 'ਕਿੰਨੇ ਲੋਕ ਮਾਰੇ ਗਏ ਅਤੇ ਕਿੰਨੇ ਫ਼ੱਟੜ ਹੋਏ' ਆਦਿ ਜਾਣਕਾਰੀ ਦੇ ਕੇ ਆਪਣੀ ਜ਼ਿੰਮੇਵਾਰੀ ਪੂਰੀ ਹੋ ਗਈ ਸਮਝ ਲੈਂਦਾ ਹੈ।

ਕਈ ਵਾਰ 'ਕਾਹਲੇ ਬੰਦਿਆਂ ਦੀ ਕਾਹਲੀ' ਉਹਨਾਂ ਸਮੇਤ ਹੋਰਨਾਂ ਨੂੰ ਵੀ ਲੈ ਡੁੱਬਦੀ ਹੈ। ਲੋੜ ਤਾਂ ਇਸ ਗੱਲ ਦੀ ਹੈ ਕਿ ਸੜਕ ਹਾਦਸਿਆਂ ਤੋਂ ਬਚਾਓ ਲਈ ਰਲ ਕੇ ਉਪਰਾਲੇ ਕੀਤੇ ਜਾਣ। ਸਭ ਤੋਂ ਵੱਡੀ ਗੱਲ ਤਾਂ ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰਨ ਦੀ ਹੈ, ਇਸ ਤੋਂ ਇਲਾਵਾ ਨਾਬਾਲਗ, ਅਨਟ੍ਰੇਂਡ ਡਰਾਇਵਰਾਂ ਤੇ ਸ਼ਰਾਬੀ ਡਰਾਇਵਰਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਸੜਕ ਹਾਦਸਿਆਂ ਤੋਂ ਬਚਾਓ ਲਈ ਆਮ ਲੋਕਾਂ ਨੂੰ ਹੀ ਪੂਰੀ ਤਰਾਂ ਸੁਚੇਤ ਹੋਣ ਦੀ ਲੋੜ ਹੈ ਕਿਉਂਕਿ ਵਾਹਨਾਂ ਦੀ ਤੇਜ਼ ਰਫ਼ਤਾਰ ਨੂੰ ਲਗਾਈਆਂ ਗਈਆਂ 'ਬਰੇਕਾਂ' ਮਨੁੱਖ ਦੀ ਜਿੰਦਗੀ ਰੂਪੀ 'ਰਫ਼ਤਾਰ' ਨੂੰ ਵਧਾ ਦਿੰਦੀਆਂ ਹਨ।

ਪੰਜਾਬ ਵਿੱਚ ਸਿਆਸੀ ਪਾਰਟੀਆਂ ਦੀ ਸਥਿਤੀ ਅਤੇ ਪੰਜਾਬ ਦੇ ਮੁੱਦੇ



ਡਾ. ਸੁਰਿੰਦਰ ਮੰਡ

2027 ਦੀਆਂ ਪੰਜਾਬ ਚੋਣਾਂ ਲਈ ਸਿਆਸੀ ਬਿਗਲ ਵੱਜ ਚੁੱਕਾ ਹੈ। ਹੁਣ ਜਿੱਤ ਦੀਆਂ ਦਾਅਵੇਦਾਰ ਮੁੱਖ 4 ਧਿਰਾਂ—ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਧੜੇ ਹਨ। ਕਮਿਊਨਿਸਟ ਪਾਰਟੀਆਂ ਹੁਣ ਪੰਜਾਬ ਵਿੱਚ ਚੋਣਾਂ ਦੇ ਪੱਖ ਤੋਂ ਬਹੁਤੀਆਂ ਮਹੱਤਵਪੂਰਨ ਨਹੀਂ ਰਹੀਆਂ। ਅਕਾਲੀ ਦਲ ਬਾਦਲ ਅਤੇ ਅਕਾਲੀ ਦਲ (ਪੁਨਰ-ਸੁਰਜੀਤ) ਭਾਜਪਾ ਨਾਲ ਸਮਝੌਤੇ ਲਈ ਯਤਨਸ਼ੀਲ ਹਨ। ਅਕਾਲੀ ਦਲ (ਅੰਮ੍ਰਿਤਸਰ) ਆਪਣੇ ਤੌਰ 'ਤੇ ਹੀ ਚੋਣ ਲੜੇਗਾ। ਬਸਪਾ ਦੇ ਵੀ ਇਕੱਲਿਆਂ ਹੀ ਲੜਨ ਦੀ ਸੰਭਾਵਨਾ ਹੈ। ਭਾਜਪਾ ਅਜੇ ਦੂਜੀਆਂ ਪਾਰਟੀਆਂ ਨੂੰ ਹੋਰ ਤੋੜਨ ਦੀ ਕੋਸ਼ਿਸ਼ ਵਿੱਚ ਹੈ, ਜਦਕਿ 'ਵਾਰਿਸ ਪੰਜਾਬ' ਨੂੰ ਚੋਣਾਂ ਨੇੜੇ ਆਪਣੇ ਹੱਕ ਵਿੱਚ ਹੈਰਾਨਕੁਨ ਉਭਾਰ ਉੱਠ ਪੈਣ ਦੀ ਉਮੀਦ ਹੈ।

'ਆਪ' ਨੇ ਭਗਵੰਤ ਮਾਨ ਅਤੇ 'ਵਾਰਿਸ ਪੰਜਾਬ' ਨੇ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ ਹੈ, ਜਦਕਿ ਕਾਂਗਰਸ ਹਾਈ ਕਮਾਂਡ ਚੋਣਾਂ ਮਗਰੋਂ ਫ਼ੈਸਲਾ ਕਰੇਗੀ। ਅਕਾਲੀ ਅਤੇ ਭਾਜਪਾ ਰਲ ਵੀ ਗਏ ਤਾਂ ਵੀ ਦੋਵੇਂ ਹੀ ਮੁੱਖ ਮੰਤਰੀ ਦੇ ਅਹੁਦੇ 'ਤੇ ਦਾਅਵੇਦਾਰੀ ਰੱਖਣਗੇ। ਅਤਿ-ਉਤਸ਼ਾਹੀ ਭਾਜਪਾ ਆਖੂ ਕਿ ਜਿਸ ਦੀਆਂ ਸੀਟਾਂ ਵੱਧ ਹੋਈਆਂ, ਉਸੇ ਦਾ ਹੀ ਮੁੱਖ ਮੰਤਰੀ ਬਣੂ।

ਮੁੱਖ ਸਿਆਸੀ ਧਿਰਾਂ ਦੀ ਸਥਿਤੀ ਅਤੇ ਕਾਰਗੁਜ਼ਾਰੀ

ਆਮ ਆਦਮੀ ਪਾਰਟੀ ਮੁੱਖ ਰੂਪ ਵਿੱਚ ਮੁਫ਼ਤ ਬਿਜਲੀ, ਮੁਹੱਲਾ ਕਲੀਨਿਕ ਅਤੇ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਵਾਲੀ ਪ੍ਰਾਪਤੀ ਦੇ ਸਿਰ 'ਤੇ ਵੋਟਾਂ ਮੰਗੇਗੀ। ਜਦਕਿ ਉਸ ਦੇ ਵਿਰੋਧ ਵਿੱਚ ਇਹ ਗੱਲ ਜਾਏਗੀ ਕਿ 'ਆਪ' ਸਰਕਾਰ ਉੱਚ ਵਿੱਦਿਆ ਲਈ 5 ਸਾਲਾਂ ਦੌਰਾਨ ਬਹੁਤਾ ਕੁਝ ਨਹੀਂ ਕਰ ਸਕੀ ਅਤੇ 1158 ਰੈਗੂਲਰ ਭਰਤੀ ਕੀਤੇ ਪ੍ਰੋਫੈਸਰਾਂ ਦੀ ਨੌਕਰੀ ਬਚਾਉਣ ਵਿੱਚ ਵੀ ਅਸਫ਼ਲ ਰਹੀ। ਸਰਕਾਰੀ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਵਾਅਦਾ ਕਰਕੇ ਵੀ ਲਾਗੂ ਨਹੀਂ ਕਰ ਸਕੀ। ਮਹਿੰਗਾਈ ਭੱਤਾ 50 ਫ਼ੀਸਦੀ ਦੇਣ ਸੰਬੰਧੀ ਮੁਲਾਜ਼ਮਾਂ ਨਾਲ ਉਸ ਦੀ ਸਹਿਮਤੀ ਬਣੀ ਹੈ, ਪਰ ਇਹ ਸਮਝੌਤਾ ਵੀ ਅਜੇ ਲਾਗੂ ਨਹੀਂ ਹੋਇਆ। ਮੰਤਰੀ ਕੁਲਦੀਪ ਧਾਲੀਵਾਲ ਦੀ ਅਗਵਾਈ ਵਿੱਚ 11,000 ਏਕੜ ਭੂ-ਮਾਫ਼ੀਆ ਵੱਲੋਂ ਕਬਜ਼ਾਈਆਂ ਸਰਕਾਰੀ ਜ਼ਮੀਨਾਂ ਛੁਡਵਾਉਣ ਦੇ ਬਾਵਜੂਦ ਉਸ ਦਾ ਮੰਤਰੀ ਅਹੁਦਾ ਚਲਾ ਗਿਆ। ਰੇਤ-ਬਜਰੀ ਮਾਫ਼ੀਆ ਧੜੱਲੇ ਨਾਲ ਚੱਲ ਰਿਹਾ ਹੈ। ਕੇਂਦਰ ਵੱਲੋਂ ਪੰਜਾਬ ਦੀਆਂ ਗ੍ਰਾਂਟਾਂ/ਜੀ.ਐਸ.ਟੀ. ਰੋਕਣ ਅਤੇ ਕੋਈ ਵੱਡੀ ਇੰਡਸਟਰੀ ਜਾਂ ਪੈਕੇਜ ਨਾ ਦੇਣ ਵਿਰੁੱਧ ਪਾਰਟੀ ਪ੍ਰਭਾਵਸ਼ਾਲੀ ਬਿਰਤਾਂਤ ਨਹੀਂ ਬਣਾ ਸਕੀ। 'ਆਪ' ਸਰਕਾਰ ਨੇ ਸਰਕਾਰੀ ਭਰਤੀਆਂ ਦੌਰਾਨ ਪੰਜਾਬੀਆਂ ਦੀ ਚੋਣ ਨੂੰ ਸੁਰੱਖਿਅਤ ਕਰਨ ਲਈ ਹੋਰ ਸੂਬਿਆਂ ਵਾਂਗ ਕਦੇ ਫ਼ਿਕਰ ਨਹੀਂ ਕੀਤੀ। ਪੰਜਾਬ ਵਿੱਚ 'ਆਪ' ਨੂੰ ਵੋਟਾਂ ਮਿਲਣ ਦਾ ਸਭ ਤੋਂ ਵੱਡਾ ਕਾਰਨ ਅਤੇ ਚਿਹਰਾ ਭਗਵੰਤ ਸਿੰਘ ਮਾਨ ਹੀ ਹੈ, ਅਤੇ ਕੁਝ ਕੁ ਚੰਗੀ ਕਾਰਗੁਜ਼ਾਰੀ ਵਿਖਾਉਣ ਵਾਲੇ ਐੱਮ.ਐੱਲ.ਏ. ਪਾਰਟੀ ਦੀ ਤਾਕਤ ਹੋਣਗੇ। ਪਰ ਲੋਕ ਸਭਾ ਚੋਣਾਂ ਦੌਰਾਨ 7 ਸੀਟਾਂ ਜਿੱਤਣ ਵਾਲੀ ਕਾਂਗਰਸ ਨਾਲ ਮੁਕਾਬਲਾ ਆਸਾਨ ਨਹੀਂ ਹੋਵੇਗਾ।

ਜੇ ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਤੇ ਪ੍ਰਗਟ ਸਿੰਘ ਆਪਸ ਵਿੱਚ ਵਿੱਛੜੇ ਫ਼ਿਰਦੇ ਪਾਰਟੀ ਆਗੂਆਂ ਨੂੰ ਇਕੱਠਾ ਰੱਖਣ ਵਿੱਚ ਕਾਮਯਾਬ ਹੋ ਗਏ, ਤਾਂ ਆਪਣੀਆਂ ਸਭ ਕਮੀਆਂ ਦੇ ਬਾਵਜੂਦ ਕਾਂਗਰਸ ਹੀ ਸੱਤਾਧਾਰੀਆਂ ਨੂੰ ਚੁਣੌਤੀ ਦੇਵੇਗੀ। ਰਾਹੁਲ ਗਾਂਧੀ ਦੀ ਦੇਸ਼-ਵਿਆਪੀ ਮੌਜੂਦਾ ਕਾਰਗੁਜ਼ਾਰੀ ਪੰਜਾਬ ਵਿੱਚ ਪਾਰਟੀ ਲਈ ਮਦਦਗਾਰ ਹੋ ਸਕਦੀ ਹੈ।

ਅਕਾਲੀ ਦਲ ਅਨੇਕਾਂ ਕਾਰਨਾਂ ਕਰਕੇ ਖਿੱਲਰ ਕੇ ਲੋਕਾਂ ਤੋਂ ਟੁੱਟ ਚੁੱਕਾ ਹੈ। ਉਸ ਦੀ ਭਾਜਪਾ ਦੀਆਂ ਘੱਟ-ਗਿਣਤੀਆਂ ਵਿਰੋਧੀ ਨੀਤੀਆਂ ਪ੍ਰਤੀ ਖ਼ਾਮੋਸ਼ੀ ਅਤੇ ਆਗੂਆਂ ਦੇ ਨਿੱਜੀ ਸਵਾਰਥ ਪਾਰਟੀ ਨੂੰ ਲੈ ਡੁੱਬੇ ਹਨ। ਆਗੂਆਂ ਦੀ ਵਪਾਰੀ ਬਿਰਤੀ, ਫ਼ੈਡਰਲ ਢਾਂਚੇ ਦੀ ਵਿਚਾਰਧਾਰਾ ਨੂੰ ਤਿਲਾਂਜਲੀ ਅਤੇ ਥੋੜ੍ਹ-ਚਿਰੇ ਸਿਆਸੀ ਲਾਭਾਂ ਨੇ ਵੱਡਾ ਨੁਕਸਾਨ ਕੀਤਾ ਹੈ। ਅਕਾਲੀ ਦਲ ਕਿਸੇ ਵੀ ਕੀਮਤ 'ਤੇ ਭਾਜਪਾ ਨਾਲ ਸਮਝੌਤਾ ਕਰਨ ਨੂੰ ਤਿਆਰ ਹੈ, ਜਦਕਿ ਉਸ ਨੂੰ ਪੰਥਕ ਅਤੇ ਸਿੱਖੀ ਦੀ ਮਾਨਵੀ ਵਿਚਾਰਧਾਰਾ 'ਤੇ ਪਹਿਰਾ ਦੇ ਕੇ ਚੋਣ ਲੜਨ ਨਾਲ ਜ਼ਿਆਦਾ ਲਾਭ ਹੋ ਸਕਦਾ ਹੈ। ਇਸੇ ਵਿੱਚ ਪੰਜਾਬ ਦੇ ਅਕਾਲੀ ਦਲ ਦੀ ਭਲਾਈ ਹੈ।

ਇਨ੍ਹਾਂ ਚੋਣਾਂ ਵਿੱਚ 'ਵਾਰਿਸ ਪੰਜਾਬ ਪਾਰਟੀ' ਦਾ ਅਸਲ ਮੁਕਾਬਲਾ ਅਕਾਲੀ ਦਲ (ਬਾਦਲ) ਨਾਲ ਹੀ ਹੈ, ਜੋ ਸਾਬਤ ਕਰੇਗਾ ਕਿ ਸਿੱਖਾਂ ਦੀ ਨੁਮਾਇੰਦਾ ਪਾਰਟੀ ਕਿਹੜੀ ਹੈ। 'ਵਾਰਿਸ ਪੰਜਾਬ' ਦੇ ਆਗੂਆਂ ਨੂੰ ਉਮੀਦ ਹੈ ਕਿ ਚੋਣਾਂ ਦਾ ਐਲਾਨ ਹੁੰਦਿਆਂ ਹੀ ਉਨ੍ਹਾਂ ਦੇ ਹੱਕ ਵਿੱਚ ਲਹਿਰ ਉੱਠੇਗੀ, ਜਦਕਿ ਲੋਕ ਉਨ੍ਹਾਂ ਨੂੰ ਖ਼ਾਲਿਸਤਾਨ ਪੱਖੀ ਮੰਨਦੇ ਹਨ। ਹੁਣ ਪਾਰਟੀ ਆਗੂ ਵੋਟਾਂ ਖ਼ਾਤਰ ਨਰਮ ਬਿਆਨਬਾਜ਼ੀ ਕਰ ਰਹੇ ਹਨ ਅਤੇ ਇਹ ਵਰਤਾਰਾ ਅੰਮ੍ਰਿਤਪਾਲ ਸਿੰਘ ਦੀ ਪਿਛਲੀ ਤਰਨ ਤਾਰਨ ਚੋਣ ਤੋਂ ਬਿਲਕੁਲ ਅਲੱਗ ਹੈ। 'ਵਾਰਿਸ ਪੰਜਾਬ' ਦਾ ਮੁੱਖ ਆਧਾਰ ਪੰਥਕ ਸਿੱਖੀ ਮੁੱਦੇ ਅਤੇ ਅੰਮ੍ਰਿਤਪਾਲ ਸਿੰਘ 'ਤੇ ਹੈ। ਅਕਾਲੀ ਦਲ ਦੀਆਂ ਕਮਜ਼ੋਰੀਆਂ 'ਵਾਰਿਸ ਪੰਜਾਬ ਪਾਰਟੀ' ਦੀ ਤਾਕਤ ਨੂੰ ਵਧਾ ਰਹੀਆਂ ਹਨ, ਸ਼ਾਇਦ ਇਸੇ ਲਈ ਅਕਾਲੀ ਦਲ ਖੁੱਲ੍ਹ ਕੇ ਇਸ ਪਾਰਟੀ ਦੇ ਵਿਰੋਧ ਵਿੱਚ ਉੱਤਰ ਆਇਆ ਹੈ।

ਭਾਜਪਾ ਸਾਰੀਆਂ ਪਾਰਟੀਆਂ ਕਈ ਲੀਡਰਾਂ ਦੀ ਦਲ-ਬਦਲੀ ਕਰਵਾ ਕੇ ਆਪਣੇ ਨਾਲ ਰਲਾ ਚੁੱਕੀ ਹੈ ਅਤੇ ਹੁਣ ਉਸ ਦੀ ਅੱਖ ਸੱਤਾਧਾਰੀ 'ਆਪ' ਦੇ ਉਨ੍ਹਾਂ ਵਿਧਾਇਕਾਂ 'ਤੇ ਹੈ, ਜਿਨ੍ਹਾਂ ਨੂੰ ਦੁਬਾਰਾ ਪਾਰਟੀ ਟਿਕਟ ਮਿਲਣ ਦੀ ਆਸ ਨਹੀਂ ਹੈ। ਭਾਜਪਾ ਸੂਬੇ ਵਿੱਚ 'ਡਬਲ ਇੰਜਣ' ਦੀ ਸਰਕਾਰ ਦਾ ਸਬਜ਼ਬਾਗ਼ ਵਿਖਾ ਕੇ ਚੋਣ ਮੈਦਾਨ ਵਿੱਚ ਉਤਰੇਗੀ ਅਤੇ ਉਹ ਸਮਝੌਤੇ ਵਿੱਚ ਅਕਾਲੀਆਂ ਤੋਂ ਬਰਾਬਰ ਸੀਟਾਂ ਮੰਗੇਗੀ—ਭਾਵੇਂ ਭਾਜਪਾ ਸੂਬੇ ਵਿੱਚ ਇਕੱਲਿਆਂ 117 ਸੀਟਾਂ 'ਤੇ ਚੋਣ ਲੜਨ ਦੇ ਵਾਰ-ਵਾਰ ਦਾਅਵੇ ਵੀ ਕਰ ਰਹੀ ਹੈ। ਭਾਵੇਂ ਭਾਜਪਾ ਆਗੂ 'ਡਬਲ ਇੰਜਣ' ਦੀ ਸਰਕਾਰ ਦੇ ਨਾਅਰੇ ਲਗਾ ਰਹੇ ਹਨ, ਪਰ ਕੋਈ ਵੀ ਅਜੇ ਤੱਕ ਇਹ ਨਹੀਂ ਦੱਸ ਰਿਹਾ ਕਿ ਪੰਜਾਬ ਵਿੱਚ ਚੋਣਾਂ ਜਿੱਤ ਕੇ ਕਿਹੜਾ ਨਵਾਂ ਵਿਕਾਸ ਮਾਡਲ ਅਪਣਾਇਆ ਜਾਵੇ। ਪੰਜਾਬ ਲਈ ਕਿਸੇ ਵੀ ਨਵੇਂ ਪ੍ਰਾਜੈਕਟ ਜਾਂ ਕਰਜ਼ਾ ਮੁਆਫ਼ੀ ਬਾਰੇ ਵੀ ਭਾਜਪਾ ਆਗੂ ਚੁੱਪ ਹਨ।

ਪੰਜਾਬ ਦੇ ਅਸਲ ਮੁੱਦੇ ਅਤੇ ਚੁਣੌਤੀਆਂ

'ਆਪ' ਸਰਕਾਰ ਆਪਣੀਆਂ ਵਿਕਾਸ ਪ੍ਰਾਪਤੀਆਂ ਦਾ ਪ੍ਰਚਾਰ ਕਰਕੇ ਦੁਬਾਰਾ ਫ਼ਤਵਾ ਮੰਗੇਗੀ। ਕਾਂਗਰਸ ਅਤੇ ਅਕਾਲੀ ਕਹਿੰਦੇ ਹਨ ਕਿ ਝਾੜੂ ਦੀ ਸਰਕਾਰ ਨੇ ਕੋਈ ਵਿਕਾਸ ਨਹੀਂ ਕੀਤਾ, ਅਸੀਂ ਕਰਾਵਾਂਗੇ। ਪਰ ਪੰਜਾਬ ਨੂੰ ਸਨਅਤੀ ਤਰੱਕੀ ਦੀ ਅਸਲ ਲੋੜ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸਿਰਫ਼ 5 ਫ਼ੀਸਦੀ ਰੈਗੂਲਰ ਟੀਚਰ ਰਹਿ ਗਏ ਹਨ। ਪੰਜਾਬ ਵਿੱਚ ਵੀ ਬੰਗਾਲ, ਰਾਜਸਥਾਨ ਅਤੇ ਹਿਮਾਚਲ ਵਾਂਗ ਪੁਰਾਣੀ ਪੈਨਸ਼ਨ ਬਹਾਲ ਹੋਣੀ ਚਾਹੀਦੀ ਹੈ। ਠੇਕੇਦਾਰੀ ਸਿਸਟਮ ਬੰਦ ਕਰਕੇ ਸਰਕਾਰੀ ਨੌਕਰੀਆਂ ਰਾਹੀਂ ਰੁਜ਼ਗਾਰ ਦੇਣ ਦੀ ਲੋੜ ਹੈ।

ਪੰਜਾਬ ਵਿੱਚ ਗੈਂਗਸਟਰਵਾਦ, ਨਸ਼ਿਆਂ, ਕੈਂਸਰ ਅਤੇ ਵਿਦੇਸ਼ਾਂ ਨੂੰ ਹਿਜਰਤ ਰੋਕਣ ਜਿਹੇ ਮੁੱਦਿਆਂ ਨੂੰ ਲੈ ਕੇ ਸੂਬੇ ਵਿੱਚ ਰਾਜ ਕਰ ਚੁੱਕੀਆਂ ਸਭ ਪਾਰਟੀਆਂ ਦੀਆਂ ਨੀਤੀਆਂ ਨਾਕਾਮ ਅਤੇ ਨਿਰਾਸ਼ਾਜਨਕ ਰਹੀਆਂ ਹਨ। ਪੰਜਾਬੀ ਵੋਟਰ ਵੋਟਾਂ ਸਮੇਂ ਉਪਰੋਕਤ ਮੁੱਦਿਆਂ ਬਾਰੇ ਸਭ ਪਾਰਟੀਆਂ ਦੀ ਕਾਰਗੁਜ਼ਾਰੀ ਨੂੰ ਜ਼ਰੂਰ ਯਾਦ ਰੱਖਣਗੇ।

ਜੀ.ਡੀ.ਪੀ. ਵਧੀ ਪਰ ਨੌਕਰੀਆਂ ਕਿਉਂ ਨਹੀਂ ?

ਭਾਰਤ ਦੇ ਆਰਥਿਕ ਵਿਕਾਸ ਦਾ ਅਧੂਰਾ ਸੱਚ

ਲੋਕ ਮਿੱਤਰ ਗੌਤਮ



ਕਿਸੇ ਵੀ ਅਰਥਵਿਵਸਥਾ ਦੀ ਅਸਲ ਸਫ਼ਲਤਾ ਸਿਰਫ਼ ਉੱਚੀ ਵਿਕਾਸ ਦਰ, ਉਤਪਾਦਨ ਜਾਂ ਨਿਵੇਸ਼ ਵਿੱਚ ਨਹੀਂ, ਸਗੋਂ ਇਸ ਗੱਲ ਵਿੱਚ ਹੈ ਕਿ ਉਸ ਦਾ ਲਾਭ ਆਮ ਆਦਮੀ ਤੱਕ ਕਿਵੇਂ ਪਹੁੰਚਦਾ ਹੈ। ਭਾਰਤ ਦੀ ਮੌਜੂਦਾ ਆਰਥਿਕ ਸਥਿਤੀ ਵਿੱਚ ਭਾਵੇਂ ਵਿਕਾਸ ਦੇ ਲੱਛਣ ਦਿਖਾਈ ਦੇ ਰਹੇ ਹਨ, ਪਰ ਜੇਕਰ ਨੌਜਵਾਨਾਂ ਲਈ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਨਹੀਂ ਹੁੰਦੇ, ਤਾਂ ਇਹ ਆਰਥਿਕ ਵਿਕਾਸ ਅਧੂਰਾ ਹੀ ਮੰਨਿਆ ਜਾਵੇਗਾ।ਐਚ.ਐਸ.ਬੀ.ਸੀ. ਦੇ ਅਕਤੂਬਰ ਦੇ ਸਰਵੇਖਣ ਅਨੁਸਾਰ ਭਾਰਤ ਵਿੱਚ ਨਿਰਮਾਣ ਅਤੇ ਸੇਵਾਵਾਂ ਦੇ ਖੇਤਰ ਦੀ ਸਰਗਰਮੀ (ਸੂਚਕ ਅੰਕ 56.7) ਵਿੱਚ ਪਿਛਲੇ 4 ਮਹੀਨਿਆਂ ਦੀ ਸਭ ਤੋਂ ਤੇਜ਼ੀ ਆਈ ਹੈ, ਪਰ ਇਸ ਦੇ ਬਾਵਜੂਦ ਰੁਜ਼ਗਾਰ ਵਿੱਚ ਵਾਧਾ ਸਾਲ ਦੇ ਸਭ ਤੋਂ ਨੀਵੇਂ ਪੱਧਰ 'ਤੇ ਹੈ। ਇਹੀ ਵਿਰੋਧਾਭਾਸ (ਕਾਰੋਬਾਰੀ ਤੇਜ਼ੀ ਅਤੇ ਨੌਕਰੀਆਂ ਦੀ ਘੱਟ ਸਿਰਜਣਾ) ਆਰਥਿਕ ਵਿਕਾਸ ਦੇ ਰਵਾਇਤੀ ਮਾਪਦੰਡਾਂ ਨੂੰ ਅਰਥਹੀਣ ਬਣਾ ਦਿੰਦਾ ਹੈ।

ਭਾਰਤ ਦੀ ਆਰਥਿਕਤਾ ਨੂੰ ਦਰਪੇਸ਼ ਰੁਜ਼ਗਾਰ ਚੁਣੌਤੀਆਂ ਨੂੰ ਸਮਝਣ ਲਈ ਸਰਕਾਰੀ ਅੰਕੜੇ ਹੀ ਕਾਫ਼ੀ ਹਨ। ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੇ ਸਤੰਬਰ 2026 ਦੇ ਸਰਵੇਖਣ ਅਨੁਸਾਰ 15 ਸਾਲ ਤੋਂ ਵੱਧ ਉਮਰ ਦੇ ਲੋਕਾਂ ਵਿੱਚ ਬੇਰੁਜ਼ਗਾਰੀ ਦਰ 5 ਫ਼ੀਸਦੀ ਹੈ, ਜੋ ਕਿ ਪਿਛਲੇ ਸਾਲ ਨਾਲੋਂ ਮਹਿਜ਼ 0.2 ਫ਼ੀਸਦੀ ਘੱਟ ਹੈ।ਜਦਕਿ ਲੋੜ 2 ਤੋਂ 2.5 ਫ਼ੀਸਦੀ ਗਿਰਾਵਟ ਦੀ ਸੀ। ਇਹ ਮਾਮੂਲੀ ਸੁਧਾਰ ਸਿਰਫ਼ ਕੰਮ ਦੀ ਘਾਟ ਨੂੰ ਹੀ ਨਹੀਂ, ਸਗੋਂ ਨਿਯਮਤ ਨੌਕਰੀਆਂ ਦੀ ਕਮੀ, ਅਸਥਾਈ ਰੁਜ਼ਗਾਰ ਅਤੇ ਯੋਗਤਾ ਮੁਤਾਬਕ ਕੰਮ ਨਾ ਮਿਲਣ ਦੀ ਗੰਭੀਰ ਸਮੱਸਿਆ ਨੂੰ ਵੀ ਦਰਸਾਉਂਦਾ ਹੈ।

ਸਿਰਫ਼ ਕੰਮ 'ਤੇ ਲੱਗਣਾ ਅਤੇ ਸਨਮਾਨਜਨਕ ਸੁਰੱਖਿਅਤ ਰੁਜ਼ਗਾਰ ਮਿਲਣਾ ਦੋ ਵੱਖ-ਵੱਖ ਗੱਲਾਂ ਹਨ। ਜੀ.ਡੀ.ਪੀ. ਅਤੇ ਕੰਪਨੀਆਂ ਦੇ ਮੁਨਾਫ਼ੇ ਵਧਣ ਦੇ ਬਾਵਜੂਦ ਨੌਕਰੀਆਂ ਨਾ ਵਧਣ ਦਾ ਮੁੱਖ ਕਾਰਨ ਇਹ ਹੈ ਕਿ ਆਧੁਨਿਕ ਸੇਵਾ ਖੇਤਰ, ਡਿਜੀਟਲ ਸੇਵਾਵਾਂ, ਆਟੋਮੇਸ਼ਨ ਅਤੇ ਏ.ਆਈ. ਕਾਰਨ ਕੰਪਨੀਆਂ ਘੱਟ ਕਰਮਚਾਰੀਆਂ ਨਾਲ ਕੰਮ ਚਲਾ ਲੈਂਦੀਆਂ ਹਨ, ਜਦੋਂ ਕਿ ਵੱਡੇ ਪੱਧਰ 'ਤੇ ਰੁਜ਼ਗਾਰ ਪੈਦਾ ਕਰਨ ਲਈ ਕਿਰਤ-ਪ੍ਰਧਾਨ ਉਦਯੋਗਾਂ ਦੀ ਲੋੜ ਹੁੰਦੀ ਹੈ।

ਬੇਰੁਜ਼ਗਾਰੀ ਲਈ ਸਿਰਫ਼ ਤਕਨਾਲੋਜੀ ਨੂੰ ਜ਼ਿੰਮੇਵਾਰ ਠਹਿਰਾਉਣਾ ਗਲਤ ਹੋਵੇ, ਕਿਉਂਕਿ ਤਕਨਾਲੋਜੀ ਨਵੀਆਂ ਨੌਕਰੀਆਂ ਅਤੇ ਨਵੇਂ ਕਾਰੋਬਾਰ ਵੀ ਪੈਦਾ ਕਰਦੀ ਹੈ। ਅਸਲ ਚੁਣੌਤੀ ਕਾਮਿਆਂ ਦੇ ਹੁਨਰਾਂ ਨੂੰ ਬਦਲਦੀਆਂ ਜ਼ਰੂਰਤਾਂ ਅਨੁਸਾਰ ਢਾਲਣਾ ਅਤੇ ਨਵੇਂ ਮੌਕਿਆਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਯਕੀਨੀ ਬਣਾਉਣਾ ਹੈ। ਭਾਰਤ ਨੂੰ ਇੱਕ ਅਜਿਹੀ ਉਦਯੋਗਿਕ ਨੀਤੀ ਦੀ ਲੋੜ ਹੈ ਜੋ ਇਲੈਕਟ੍ਰਾਨਿਕਸ, ਫੂਡ ਪ੍ਰੋਸੈਸਿੰਗ, ਟੈਕਸਟਾਈਲ, ਸੈਰ-ਸਪਾਟਾ, ਨਿਰਮਾਣ, ਸਿਹਤ ਸੰਭਾਲ ਅਤੇ ਆਧੁਨਿਕ ਖੇਤੀ-ਅਧਾਰਿਤ ਉਦਯੋਗਾਂ ਵਰਗੇ ਖੇਤਰਾਂ ਵਿੱਚ ਰੁਜ਼ਗਾਰ ਦੀ ਸੰਭਾਵਨਾ ਨੂੰ ਵਧਾਏ। ਇਨ੍ਹਾਂ ਖੇਤਰਾਂ ਵਿੱਚ ਛੋਟੇ ਅਤੇ ਦਰਮਿਆਨੇ ਉੱਦਮਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।

ਵਿਕਾਸ ਲਈ ਇੱਕ ਹੋਰ ਮਾਪਦੰਡ ਆਮ ਨਾਗਰਿਕ ਦੀ ਖਰੀਦ ਸ਼ਕਤੀ ਹੈ। ਅਕਤੂਬਰ 2026 ਦੇ ਆਰਥਿਕ ਮੁਲਾਂਕਣ 'ਤੇ ਆਧਾਰਿਤ ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ ਦੇ ਅਨੁਸਾਰ, ਸਤੰਬਰ ਵਿੱਚ ਖਪਤਕਾਰ ਕੀਮਤ ਸੂਚਕ ਅੰਕ ਆਧਾਰਿਤ ਮਹਿੰਗਾਈ 5.5 ਫ਼ੀਸਦੀ ਤੱਕ ਪਹੁੰਚ ਗਈ। ਖੁਰਾਕ ਪਦਾਰਥਾਂ, ਈਂਧਨ ਅਤੇ ਹੋਰ ਵਸਤੂਆਂ ਦੀਆਂ ਵਧੀਆਂ ਕੀਮਤਾਂ ਨੇ ਮਹਿੰਗਾਈ ਨੂੰ ਵਧਾਇਆ ਹੈ, ਪਰ ਮਹਿੰਗਾਈ ਦਾ ਪ੍ਰਭਾਵ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਤੱਕ ਸੀਮਤ ਨਹੀਂ ਹੈ। ਇਹ ਪਰਿਵਾਰਕ ਬਜਟ ਨੂੰ ਪ੍ਰਭਾਵਿਤ ਕਰਕੇ ਬੱਚਤ ਘਟਾਉਂਦੀ ਹੈ ਅਤੇ ਸਿੱਖਿਆ, ਸਿਹਤ ਅਤੇ ਹੁਨਰ ਵਿਕਾਸ 'ਤੇ ਖਰਚ ਕਰਨਾ ਮੁਸ਼ਕਿਲ ਬਣਾ ਦਿੰਦੀ ਹੈ।

ਜੇਕਰ ਤਨਖਾਹ ਅਤੇ ਆਮਦਨ ਵਿੱਚ ਵਾਧਾ ਜ਼ਰੂਰੀ ਖਰਚਿਆਂ ਵਿੱਚ ਵਾਧੇ ਦੇ ਨਾਲ ਤਾਲਮੇਲ ਬਿਠਾਉਣ ਵਿੱਚ ਅਸਫਲ ਰਹਿੰਦਾ ਹੈ, ਤਾਂ ਪਰਿਵਾਰਾਂ ਨੂੰ ਵਿੱਤੀ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਜ਼ਿਕਰਯੋਗ ਹੈ ਕਿ ਆਰਥਿਕ ਵਿਕਾਸ ਅਤੇ ਮਹਿੰਗਾਈ ਵਿਚਕਾਰ ਗੁੰਝਲਦਾਰ ਸੰਬੰਧ ਹੈ। ਹਰੇਕ ਮਹਿੰਗਾਈ ਵਾਧੇ ਦਾ ਕਾਰਨ ਮੰਗ ਨਹੀਂ ਹੁੰਦੀ; ਭੋਜਨ ਸਪਲਾਈ, ਊਰਜਾ ਕੀਮਤਾਂ ਅਤੇ ਵਿਸ਼ਵਵਿਆਪੀ ਪ੍ਰਸਥਿਤੀਆਂ ਵੀ ਕੀਮਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ।

ਪੱਛਮੀ ਏਸ਼ੀਆ ਦਾ ਤਣਾਅ, ਊਰਜਾ ਸੰਕਟ ਅਤੇ ਅੰਤਰਰਾਸ਼ਟਰੀ ਅਨਿਸ਼ਚਿਤਤਾਵਾਂ ਭਾਰਤੀ ਅਰਥਵਿਵਸਥਾ ਅਤੇ ਮਹਿੰਗਾਈ ਲਈ ਜੋਖਮ ਪੈਦਾ ਕਰ ਸਕਦੀਆਂ ਹਨ। ਹਾਲਾਂਕਿ ਦੇਸ਼ ਦੀ ਘਰੇਲੂ ਮੰਗ ਅਤੇ ਸੇਵਾ ਖੇਤਰ ਇਸ ਦੀ ਤਾਕਤ ਹਨ, ਪਰ ਇਸ ਨੂੰ ਟਿਕਾਊ ਬਣਾਉਣ ਲਈ ਰੁਜ਼ਗਾਰ ਦੀ ਗੁਣਵੱਤਾ, ਹੁਨਰ ਵਿਕਾਸ ਅਤੇ ਛੋਟੇ ਉੱਦਮਾਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਅਸਲ ਨੀਤੀਗਤ ਸਫ਼ਲਤਾ ਲਈ ਸਰਕਾਰ ਨੂੰ ਵਿਕਾਸ ਦਰ ਦੇ ਅੰਕੜਿਆਂ ਦੇ ਨਾਲ-ਨਾਲ ਰੁਜ਼ਗਾਰ ਦੀ ਸਿਰਜਣਾ ਨੂੰ ਵੀ ਮੁੱਖ ਮਾਪਦੰਡ ਬਣਾਉਣਾ ਚਾਹੀਦਾ ਹੈ। ਇਸ ਲਈ ਤਿੰਨ ਤਰਜੀਹਾਂ ਸਪੱਸ਼ਟ ਹਨ।

ਕਿਰਤ-ਸੰਬੰਧੀ ਉਦਯੋਗਾਂ ਅਤੇ ਛੋਟੇ ਤੇ ਦਰਮਿਆਨੇ ਉੱਦਮਾਂ ਨੂੰ ਵਿੱਤੀ ਮਦਦ ਮਿਲੇ, ਜਿਸ ਨਾਲ ਉਹ ਨਿਯਮਤ ਰੁਜ਼ਗਾਰ ਦਾ ਵਿਸਤਾਰ ਕਰ ਸਕਣ।

ਹੁਨਰਮੰਦ ਸਿਖਲਾਈ ਨੂੰ ਉਦਯੋਗਾਂ ਦੀ ਅਸਲ ਮੰਗ ਨਾਲ ਜੋੜਿਆ ਜਾਵੇ। ਸਿਖਲਾਈ ਦਾ ਮੁੱਲ ਸਰਟੀਫਿਕੇਟਾਂ ਨਾਲ ਨਹੀਂ, ਸਗੋਂ ਸਿਖਲਾਈ ਪ੍ਰਾਪਤ ਨੌਜਵਾਨਾਂ ਨੂੰ ਮਿਲਣ ਵਾਲੇ ਰੁਜ਼ਗਾਰ ਅਤੇ ਉਨ੍ਹਾਂ ਦੀ ਆਮਦਨ ਵਿੱਚ ਸੁਧਾਰ ਤੋਂ ਤੈਅ ਹੋਣਾ ਚਾਹੀਦਾ ਹੈ। ਬਿਹਤਰ ਰੁਜ਼ਗਾਰ ਦੇ ਅੰਕੜੇ ਨਿਯਮਤ ਨੌਕਰੀਆਂ, ਸਮਾਜਿਕ ਸੁਰੱਖਿਆ, ਉਜਰਤਾਂ ਅਤੇ ਔਰਤਾਂ ਦੀ ਭਾਗੀਦਾਰੀ 'ਤੇ ਵਧੇਰੇ ਕੇਂਦ੍ਰਿਤ ਹੋਣੇ ਚਾਹੀਦੇ ਹਨ।

ਮਸਨੂਈ ਬੁੱਧੀ ਅਤੇ ਸਵੈਚਾਲਨ ਦੇ ਯੁੱਗ ਵਿੱਚ ਸਿੱਖਿਆ ਪ੍ਰਣਾਲੀ ਨੂੰ ਬਦਲਦੀ ਅਰਥਵਿਵਸਥਾ ਦੇ ਅਨੁਕੂਲ ਬਣਾਉਣਾ ਹੋਵੇਗਾ। ਸਿਰਫ਼ ਡਿਗਰੀਆਂ ਦੇਣਾ ਕਾਫ਼ੀ ਨਹੀਂ ਹੈ; ਨੌਜਵਾਨਾਂ ਵਿੱਚ ਸਮੱਸਿਆਵਾਂ ਦੇ ਹੱਲ ਵਾਲੇ ਹੁਨਰ, ਡਿਜੀਟਲ ਮੁਹਾਰਤ, ਸੰਚਾਰ, ਤਕਨੀਕੀ ਅਨੁਕੂਲਨ ਅਤੇ ਉੱਦਮਤਾ ਜਿਹੇ ਗੁਣ ਵਿਕਸਤ ਕਰਨੇ ਜ਼ਰੂਰੀ ਹਨ। ਭਾਰਤ ਨੂੰ ਰੁਜ਼ਗਾਰ ਦੀ ਸਮੱਸਿਆ ਦਾ ਹੱਲ ਸਰਕਾਰੀ ਨਿਯੁਕਤੀਆਂ ਰਾਹੀਂ ਲੱਭਣ ਦੀ ਬਜਾਏ ਨਿੱਜੀ ਨਿਵੇਸ਼, ਉੱਦਮਤਾ, ਨਿਰਮਾਣ ਅਤੇ ਸੇਵਾਵਾਂ ਵਿੱਚ ਵਿਆਪਕ ਮੌਕੇ ਪੈਦਾ ਕਰਨੇ ਪੈਣਗੇ।

ਭਾਰਤ ਨੂੰ ਵਿਕਾਸ ਦਰ ਦੀ ਗਤੀ ਨੂੰ ਬਣਾਈ ਰੱਖਦਿਆਂ ਇਸ ਦਾ ਹੋਰ ਵਿਸਤਾਰ ਕਰਨਾ ਹੋਵੇਗਾ। ਇੱਕ ਮਜ਼ਬੂਤ ਜੀ.ਡੀ.ਪੀ., ਵਧਦਾ ਉਤਪਾਦਨ ਅਤੇ ਵਿਸਤ੍ਰਿਤ ਬਾਜ਼ਾਰ ਆਰਥਿਕ ਤਾਕਤ ਦੇ ਮਹੱਤਵਪੂਰਨ ਸੰਕੇਤ ਹਨ, ਪਰ ਉਨ੍ਹਾਂ ਦੀ ਸਮਾਜਿਕ ਮਹੱਤਤਾ ਉਦੋਂ ਹੀ ਪੂਰੀ ਹੁੰਦੀ ਹੈ ਜਦੋਂ ਆਮ ਨਾਗਰਿਕਾਂ ਕੋਲ ਚੰਗੇ ਕੰਮ, ਢੁਕਵੀਂ ਆਮਦਨ ਅਤੇ ਭਵਿੱਖ ਪ੍ਰਤੀ ਭਰੋਸਾ ਹੋਵੇ।

ਆਰਥਿਕ ਨੀਤੀਆਂ ਦੀ ਸਫ਼ਲਤਾ ਦਾ ਮੁਲਾਂਕਣ ਸਿਰਫ਼ ਇਸ ਆਧਾਰ 'ਤੇ ਨਹੀਂ ਹੋਣਾ ਚਾਹੀਦਾ ਕਿ ਕੋਈ ਦੇਸ਼ ਉਤਪਾਦਨ ਵਧਾ ਕੇ ਕਿੰਨਾ ਨਿਵੇਸ਼ ਆਕਰਸ਼ਿਤ ਕਰਦਾ ਹੈ ਜਾਂ ਉਸ ਦਾ ਬਾਜ਼ਾਰ ਕਿੰਨੀ ਤੇਜ਼ੀ ਨਾਲ ਵਧਿਆ ਹੈ, ਸਗੋਂ ਇਹ ਵੀ ਦੇਖਣਾ ਚਾਹੀਦਾ ਹੈ ਕਿ ਕਿੰਨੇ ਨੌਜਵਾਨਾਂ ਨੂੰ ਰੁਜ਼ਗਾਰ ਮਿਲਿਆ ਹੈ ਅਤੇ ਕਿੰਨੇ ਲੋਕਾਂ ਦੀ ਆਰਥਿਕ ਅਸੁਰੱਖਿਆ ਘਟੀ ਹੈ। ਭਾਰਤ ਨੂੰ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਬਣਨ ਦੀ ਬਜਾਏ ਵਧੇਰੇ ਰੁਜ਼ਗਾਰ ਪੈਦਾ ਕਰਨ ਵਾਲੀ ਅਰਥਵਿਵਸਥਾ ਬਣਨਾ ਹੋਵੇਗਾ। ਇਹੀ ਵਿਕਾਸ ਦੀ ਅਸਲ ਚੁਣੌਤੀ ਅਤੇ ਆਉਣ ਸਾਲਾਂ ਦੌਰਾਨ ਸਭ ਤੋਂ ਵੱਡੀ ਆਰਥਿਕ ਪ੍ਰੀਖਿਆ ਹੋਵੇਗੀ।

(ਲੇਖਕ ਵਿਸ਼ੇਸ਼ ਮੀਡੀਆ ਅਤੇ ਖੋਜ ਸੰਸਥਾ 'ਇਮੇਜ ਰਿਫਲੈਕਸ਼ਨ ਸੈਂਟਰ' ਵਿੱਚ ਸੀਨੀਅਰ ਸੰਪਾਦਕ ਹਨ)

ਵਿਦਿਆਰਥੀ ਅੰਦੋਲਨਾਂ ਦਾ ਕੇਂਦਰ ਬਣਿਆ ਯੂਰੋਪ

ਰਮਨਦੀਪ ਸਿੰਘ



19ਵੀਂ ਸਦੀ ਵਿੱਚ ਆਸਟਰੀਆ ਦੇ ਚਾਂਸਲਰ ਡਿਊਕ ਮੈਟਰਨਿਖ ਨੇ ਇੱਕ ਬਹੁਤ ਹੀ ਅਹਿਮ ਗੱਲ ਕਹੀ ਸੀ ਕਿ ਜਦੋਂ ਫਰਾਂਸ ਨੂੰ ਛਿੱਕ ਆਉਂਦੀ ਹੈ, ਤਾਂ ਪੂਰੇ ਯੂਰੋਪ ਨੂੰ ਜ਼ੁਕਾਮ ਹੋ ਜਾਂਦਾ ਹੈ। ਅੱਜ ਦੇ ਮੌਜੂਦਾ ਹਾਲਾਤ ਵਿੱਚ ਇਹ ਕਥਨ ਬਿਲਕੁਲ ਸੱਚ ਸਾਬਿਤ ਹੋ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਯੂਰੋਪ ਦੀਆਂ ਸੜਕਾਂ, ਯੂਨੀਵਰਸਿਟੀਆਂ ਅਤੇ ਹੁਣ ਸਕੂਲਾਂ ਦੇ ਮੈਦਾਨ ਨਵੇਂ ਵਿਦਿਆਰਥੀ ਅੰਦੋਲਨਾਂ ਦਾ ਕੇਂਦਰ ਬਣੇ ਹੋਏ ਹਨ।

ਫਰਾਂਸ, ਜਰਮਨੀ ਅਤੇ ਇਟਲੀ ਵਰਗੇ ਵਿਕਸਤ ਦੇਸ਼ਾਂ ਵਿੱਚ ਨੌਜਵਾਨ, ਕਾਲਜਾਂ ਦੇ ਵਿਦਿਆਰਥੀ ਅਤੇ ਇੱਥੋਂ ਤੱਕ ਕਿ ਸਕੂਲੀ ਬੱਚੇ ਵੀ ਆਪਣੀਆਂ ਮੰਗਾਂ, ਹੱਕਾਂ ਅਤੇ ਆਲਮੀ ਮੁੱਦਿਆਂ ਲਈ ਲਗਾਤਾਰ ਆਵਾਜ਼ ਬੁਲੰਦ ਕਰ ਰਹੇ ਹਨ। ਅਖ਼ਬਾਰਾਂ ਦੀਆਂ ਸੁਰਖੀਆਂ ਬਣ ਰਹੇ ਇਹ ਪ੍ਰਦਰਸ਼ਨ ਮਹਿਜ਼ ਕੁਝ ਵਿੱਦਿਅਕ ਮੰਗਾਂ ਤੱਕ ਸੀਮਤ ਨਹੀਂ ਹਨ, ਸਗੋਂ ਇਹ ਮੌਜੂਦਾ ਵਿਸ਼ਵ ਵਿਵਸਥਾ ਅਤੇ ਸਿਆਸੀ ਢਾਂਚੇ ਪ੍ਰਤੀ ਨਵੀਂ ਪੀੜ੍ਹੀ ਦੀ ਡੂੰਘੀ ਬੇਚੈਨੀ ਦਾ ਪ੍ਰਗਟਾਵਾ ਹਨ।

ਇਸ ਲਹਿਰ ਦਾ ਸਭ ਤੋਂ ਹੈਰਾਨੀਜਨਕ ਅਤੇ ਧਿਆਨ ਖਿੱਚਣ ਵਾਲਾ ਪਹਿਲੂ ਸਕੂਲੀ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਹੈ। ਪਹਿਲਾਂ ਜਿੱਥੇ ਸਿਆਸੀ ਅਤੇ ਸਮਾਜਿਕ ਮੁੱਦਿਆਂ 'ਤੇ ਸਿਰਫ਼ ਯੂਨੀਵਰਸਿਟੀਆਂ ਵਿਚ ਹੀ ਚਰਚਾ ਹੁੰਦੀ ਸੀ, ਹੁਣ ਉੱਥੇ ਹਾਈ ਸਕੂਲਾਂ ਦੇ ਵਿਦਿਆਰਥੀ ਵੀ ਸੜਕਾਂ 'ਤੇ ਉਤਰ ਰਹੇ ਹਨ। ਸਕੂਲੀ ਢਾਂਚੇ ਵਿੱਚ ਸੁਧਾਰ, ਸਕੂਲੀ ਸਿੱਖਿਆ ਵਿਚ ਅਧਿਆਪਕਾਂ ਦੀ ਘਾਟ, ਸਿਲੇਬਸ ਦੇ ਗ਼ੈਰ-ਜ਼ਰੂਰੀ ਬੋਝ, ਵਿਦਿਆਰਥੀਆਂ ਦੀ ਮਾਨਸਿਕ ਸਿਹਤ ਤੇ ਸਿੱਖਿਆ ਦੇ ਵਪਾਰੀਕਰਨ ਖ਼ਿਲਾਫ਼ ਵੀ ਸਕੂਲੀ ਬੱਚੇ ਆਪਣੀ ਆਵਾਜ਼ ਬੁਲੰਦ ਕਰ ਰਹੇ ਹਨ।

ਫਰਾਂਸ ਤੇ ਜਰਮਨੀ ਵਰਗੇ ਦੇਸ਼ਾਂ ਵਿੱਚ ਸਿੱਖਿਆ ਨੀਤੀਆਂ ਅਤੇ ਪ੍ਰੀਖਿਆ ਪ੍ਰਣਾਲੀ ਵਿਚ ਕੀਤੀਆਂ ਗਈਆਂ ਤਬਦੀਲੀਆਂ ਵਿਰੁੱਧ ਸਕੂਲੀ ਵਿਦਿਆਰਥੀਆਂ ਦਾ ਰੋਹ ਇਸ ਗੱਲ ਦਾ ਸਬੂਤ ਹੈ ਕਿ ਅੱਜ ਦਾ ਬੱਚਾ ਆਪਣੇ ਭਵਿੱਖ ਅਤੇ ਅਧਿਕਾਰਾਂ ਪ੍ਰਤੀ ਕਿੰਨਾ ਸੁਚੇਤ ਹੈ। ਉੱਚ ਸਿੱਖਿਆ ਦੇ ਖੇਤਰ ਵਿੱਚ ਵੀ ਅੰਦੋਲਨ ਦਾ ਘੇਰਾ ਬਹੁਤ ਵਿਸ਼ਾਲ ਹੋ ਚੁੱਕਾ ਹੈ। ਵਿਦਿਆਰਥੀ ਯੂਨੀਵਰਸਿਟੀਆਂ ਦੀਆਂ ਵਧਦੀਆਂ ਫੀਸਾਂ, ਰਿਹਾਇਸ਼ ਦੇ ਗੰਭੀਰ ਸੰਕਟ ਅਤੇ ਰੁਜ਼ਗਾਰ ਦੀ ਅਨਿਸ਼ਚਿਤਤਾ ਖ਼ਿਲਾਫ਼ ਲੜ ਰਹੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਚੱਲ ਰਹੇ ਟਕਰਾਵਾਂ, ਖ਼ਾਸ ਕਰਕੇ ਮੱਧ-ਪੂਰਬ ਦੇ ਸੰਕਟ ਅਤੇ ਮਨੁੱਖੀ ਅਧਿਕਾਰਾਂ ਦੇ ਘਾਣ ਪ੍ਰਤੀ ਯੂਰੋਪੀ ਸਰਕਾਰਾਂ ਦੀਆਂ ਨੀਤੀਆਂ ਦਾ ਤਿੱਖਾ ਵਿਰੋਧ ਵੀ ਇਨ੍ਹਾਂ ਅੰਦੋਲਨਾਂ ਵਿੱਚ ਸਾਫ਼ ਨਜ਼ਰ ਆ ਰਿਹਾ ਹੈ।

ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ, ਇਹ ਨੌਜਵਾਨ ਤਾਕਤ ਦਰਸਾਉਂਦੀ ਹੈ ਕਿ ਉਹ ਸਿਰਫ਼ ਆਪਣੀਆਂ ਨਿੱਜੀ ਅਕਾਦਮਿਕ ਲੋੜਾਂ ਤੱਕ ਸੀਮਤ ਨਹੀਂ, ਸਗੋਂ ਵਿਸ਼ਵ ਪੱਧਰੀ ਰਾਜਨੀਤੀ ਅਤੇ ਮਾਨਵਤਾਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ। ਯੂਰਪ, ਜਿਸ ਨੂੰ ਆਧੁਨਿਕ ਲੋਕਤੰਤਰ, ਮਨੁੱਖੀ ਅਧਿਕਾਰਾਂ ਅਤੇ ਆਜ਼ਾਦ ਸੋਚ ਦਾ ਪੰਘੂੜਾ ਮੰਨਿਆ ਜਾਂਦਾ ਹੈ, ਉੱਥੇ ਬੱਚਿਆਂ ਅਤੇ ਨੌਜਵਾਨਾਂ ਦਾ ਇਸ ਤਰ੍ਹਾਂ ਰੋਹ ਵਿਚ ਆਉਣਾ ਸੱਤਾਧਾਰੀਆਂ ਲਈ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਨਵੀਂ ਪੀੜ੍ਹੀ ਮਹਿਸੂਸ ਕਰ ਰਹੀ ਹੈ ਕਿ ਮੌਜੂਦਾ ਸਿਆਸੀ ਤੇ ਆਰਥਿਕ ਢਾਂਚਾ ਉਨ੍ਹਾਂ ਦੀਆਂ ਉਮੀਦਾਂ 'ਤੇ ਖ਼ਰਾ ਨਹੀਂ ਉਤਰ ਰਿਹਾ। ਪੂੰਜੀਵਾਦੀ ਨੀਤੀਆਂ ਕਾਰਨ ਵਧ ਰਹੀ ਮਹਿੰਗਾਈ ਨੇ ਆਮ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਜਿਉਣਾ ਮੁਹਾਲ ਕਰ ਦਿੱਤਾ ਹੈ ਜਿਸ ਕਾਰਨ ਉਨ੍ਹਾਂ ਅੰਦਰ ਪੈਦਾ ਹੋਈ ਨਿਰਾਸ਼ਾ ਹੁਣ ਸੜਕਾਂ 'ਤੇ ਨਾਅਰਿਆਂ ਦੇ ਰੂਪ ਵਿੱਚ ਬਾਹਰ ਆ ਰਹੀ ਹੈ।

ਇਸ ਸਭ ਦੌਰਾਨ ਸਰਕਾਰਾਂ ਤੇ ਪ੍ਰਸ਼ਾਸਨ ਦਾ ਰਵੱਈਆ ਵੀ ਬੇਹੱਦ ਚਿੰਤਾਜਨਕ ਹੈ। ਕਈ ਥਾਵਾਂ 'ਤੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਨਾਬਾਲਗ ਸਕੂਲੀ ਬੱਚਿਆਂ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਨੂੰ ਦਬਾਉਣ ਲਈ ਪੁਲਿਸ ਬਲ ਦੀ ਸਖ਼ਤ ਵਰਤੋਂ ਕੀਤੀ ਗਈ ਹੈ ਤੇ ਵਿੱਦਿਅਕ ਅਦਾਰਿਆਂ ਵਿਚ ਆਜ਼ਾਦੀ ਦੇ ਪ੍ਰਗਟਾਵੇ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਸੱਤਾਧਾਰੀ ਧਿਰਾਂ ਵੱਲੋਂ ਇਨ੍ਹਾਂ ਅੰਦੋਲਨਾਂ ਨੂੰ ਮਹਿਜ਼ 'ਕਾਨੂੰਨ ਅਤੇ ਵਿਵਸਥਾ' ਦੀ ਸਮੱਸਿਆ ਦੱਸ ਕੇ ਖ਼ਾਰਜ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੋਕਤੰਤਰ ਵਿਚ ਵਿਰੋਧ ਦੀ ਆਵਾਜ਼ ਨੂੰ, ਖ਼ਾਸ ਕਰਕੇ ਜਦੋਂ ਉਹ ਆਵਾਜ਼ ਦੇਸ਼ ਦੇ ਬੱਚਿਆਂ ਦੀ ਹੋਵੇ, ਡੰਡੇ ਦੇ ਜ਼ੋਰ ਨਾਲ ਦਬਾਉਣਾ ਹਮੇਸ਼ਾ ਖ਼ਤਰਨਾਕ ਅਤੇ ਉਲਟੇ ਨਤੀਜੇ ਦੇਣ ਵਾਲਾ ਹੁੰਦਾ ਹੈ।

ਯੂਰੋਪ ਵਿੱਚ ਉੱਭਰ ਰਹੇ ਇਹ ਸਕੂਲੀ ਅਤੇ ਵਿਦਿਆਰਥੀ ਅੰਦੋਲਨ ਮਹਿਜ਼ ਕੋਈ ਅਸਥਾਈ ਉਬਾਲ ਜਾਂ ਭਟਕਾਅ ਨਹੀਂ, ਸਗੋਂ ਸਮਾਜਿਕ ਤੇ ਸਿਆਸੀ ਬਦਲਾਅ ਦੀ ਮੰਗ ਕਰਦੀ ਇੱਕ ਮਜ਼ਬੂਤ ਲਹਿਰ ਹਨ। ਇਹ ਅੰਦੋਲਨ ਨੀਤੀ-ਘਾੜਿਆਂ ਲਈ ਇੱਕ ਸਪੱਸ਼ਟ ਸੁਨੇਹਾ ਹਨ ਕਿ ਭਵਿੱਖ ਦੀਆਂ ਯੋਜਨਾਵਾਂ ਬਣਾਉਣ ਸਮੇਂ ਆਉਣ ਵਾਲੀ ਪੀੜ੍ਹੀ ਦੀ ਸੋਚ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਸਮੇਂ ਦੀ ਮੰਗ ਹੈ ਕਿ ਯੂਰੋਪੀ ਦੇਸ਼ਾਂ ਦੀਆਂ ਸਰਕਾਰਾਂ ਟਕਰਾਅ ਦਾ ਰਸਤਾ ਛੱਡ ਕੇ ਇਨ੍ਹਾਂ ਨੌਜਵਾਨਾਂ ਨਾਲ ਸਾਰਥਕ ਗੱਲਬਾਤ ਕਰਨ। ਜੇਕਰ ਸਕੂਲਾਂ ਤੇ ਕਾਲਜਾਂ ਵਿੱਚੋਂ ਉੱਠ ਰਹੀ ਇਸ ਊਰਜਾ ਨੂੰ ਸਮਝ ਕੇ ਸਹੀ ਦਿਸ਼ਾ ਨਾ ਦਿੱਤੀ ਗਈ, ਤਾਂ ਇਹ ਅਸੰਤੁਸ਼ਟੀ ਆਉਣ ਵਾਲੇ ਸਮੇਂ ਵਿਚ ਵੱਡੇ ਸਿਆਸੀ ਤੇ ਸਮਾਜਿਕ ਭੂਚਾਲ ਦਾ ਕਾਰਨ ਬਣ ਸਕਦੀ ਹੈ। ਢਾਂਚੇ ਨੂੰ ਸਮਝਣਾ ਪਵੇਗਾ ਕਿ ਬੱਚਿਆਂ ਤੇ ਨੌਜਵਾਨਾਂ ਨਾਲ ਟਕਰਾਅ ਮੁੱਲ ਲੈ ਕੇ ਕੋਈ ਵੀ ਦੇਸ਼ ਆਪਣੇ ਸੁਰੱਖਿਅਤ ਭਵਿੱਖ ਦੀ ਸਿਰਜਣਾ ਨਹੀਂ ਕਰ ਸਕਦਾ।

ਮੋਹਣ ਸ਼ਰਮਾ

ਪੰਜਾਬ ਨੂੰ ਠੋਸ ਖੇਤੀ ਨੀਤੀ ਦੀ ਲੋੜ



ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ, ਜਿਸ ਨੇ 1967-68 ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਤੋਂ ਲੈ ਕੇ ਕੇਂਦਰੀ ਅਨਾਜ ਪੂਲ ਵਿੱਚ 50 ਫ਼ੀਸਦੀ ਕਣਕ ਅਤੇ 40 ਫ਼ੀਸਦੀ ਚੌਲ ਦਾ ਯੋਗਦਾਨ ਪਾ ਕੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਆਤਮ-ਨਿਰਭਰ ਬਣਾਇਆ। ਕਣਕ ਤੇ ਝੋਨੇ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਅਤੇ ਇਨ੍ਹਾਂ ਦੇ ਯਕੀਨੀ ਮੰਡੀਕਰਨ ਨੇ ਕਿਸਾਨਾਂ ਨੂੰ ਤੇਲ ਬੀਜਾਂ, ਦਾਲਾਂ ਅਤੇ ਬਾਜਰੇ ਵਰਗੀਆਂ ਰਵਾਇਤੀ ਫ਼ਸਲਾਂ ਦੀ ਖੇਤੀ ਤੋਂ ਦੂਰ ਕਰ ਦਿੱਤਾ। ਕੇਂਦਰ ਸਰਕਾਰ ਨੇ ਪਿਛਲੇ ਕੁਝ ਸਾਲਾਂ ਦੌਰਾਨ ਐੱਮ.ਐੱਸ.ਪੀ. ਵਿੱਚ ਮਾਮੂਲੀ ਵਾਧਾ ਕੀਤਾ ਹੈ, ਜਦਕਿ ਖੇਤੀ ਲਾਗਤਾਂ ਲਗਾਤਾਰ ਵਧਣ ਕਾਰਨ ਕਿਸਾਨਾਂ ਦੀ ਆਮਦਨ ਤੇਜ਼ੀ ਨਾਲ ਘਟੀ ਹੈ। ਨਤੀਜੇ ਵਜੋਂ ਪੰਜਾਬ ਸਮੇਤ ਪੂਰੇ ਦੇਸ਼ ਦਾ ਕਿਸਾਨ ਕਰਜ਼ੇ ਦੀ ਦਲਦਲ ਵਿੱਚ ਫ਼ਸਦਾ ਜਾ ਰਿਹਾ ਹੈ। ਕਣਕ ਦੀ ਐੱਮ.ਐੱਸ.ਪੀ. ਵਿੱਚ ਮਾਮੂਲੀ ਵਾਧਾ ਸਪੱਸ਼ਟ ਤੌਰ ’ਤੇ ਸਰਕਾਰ ਦੇ ਸਰਕਾਰੀ ਖ਼ਰੀਦ ਪ੍ਰਬੰਧ ਤੋਂ ਪਿੱਛੇ ਹਟਣ ਦੇ ਰੁਝਾਨ ਨੂੰ ਦਰਸਾਉਂਦਾ ਹੈ। ਡਾ. ਐੱਮ.ਐੱਸ. ਸਵਾਮੀਨਾਥਨ ਕਮਿਸ਼ਨ ਦੀ ਸਿਫ਼ਾਰਸ਼ (ਸੀ-2 + 50 ਫ਼ੀਸਦੀ) ਅਨੁਸਾਰ ਭਾਅ ਨਾ ਮਿਲਣ ਕਾਰਨ ਕਿਸਾਨਾਂ ਦਾ ਭਾਰੀ ਆਰਥਿਕ ਨੁਕਸਾਨ ਹੋਇਆ ਹੈ, ਜਿਸ ਕਾਰਨ ਖ਼ੁਸ਼ਹਾਲ ਮੰਨੇ ਜਾਂਦੇ ਇਸ ਸੂਬੇ ਵਿੱਚ ਵੀ ਕਿਸਾਨੀ ਖ਼ੁਦਕੁਸ਼ੀਆਂ ਵਿੱਚ ਚਿੰਤਾਜਨਕ ਵਾਧਾ ਹੋਇਆ ਹੈ।

ਸੰਸਦ ਵਿੱਚ ਪੇਸ਼ ਅੰਕੜਿਆਂ ਅਨੁਸਾਰ ਪੰਜਾਬ ਦੇ ਹਰੇਕ ਕਿਸਾਨ ਸਿਰ ਔਸਤਨ 1.45 ਲੱਖ ਰੁਪਏ ਦਾ ਕਰਜ਼ਾ ਹੈ। ਇਸ ਲਈ ਕਰਜ਼ਾ ਮੁਕਤੀ ਕਿਸਾਨੀ ਅੰਦੋਲਨਾਂ ਦਾ ਅਹਿਮ ਮੁੱਦਾ ਬਣ ਚੁੱਕੀ ਹੈ। ਸੰਸਦ ਵਿੱਚ ਦਿੱਤੀ ਜਾਣਕਾਰੀ ਮੁਤਾਬਕ ਪਿਛਲੇ ਸਾਲਾਂ ਦੌਰਾਨ ਕਾਰਪੋਰੇਟ ਘਰਾਣਿਆਂ ਦੇ ਲੱਖਾਂ ਕਰੋੜ ਰੁਪਏ ਦੇ ਕਰਜ਼ੇ ਵੱਟੇ ਖਾਤੇ (ਰਾਈਟ-ਆਫ਼) ਪਾਏ ਗਏ ਹਨ; ਅਜਿਹੇ ਵਿੱਚ ਸਵਾਲ ਉੱਠਦਾ ਹੈ ਕਿ ਅੰਨਦਾਤਾ ਕਿਸਾਨਾਂ ਦਾ ਕਰਜ਼ਾ ਮੁਆਫ਼ ਕਿਉਂ ਨਹੀਂ ਕੀਤਾ ਜਾ ਸਕਦਾ? ਸਰਕਾਰ ਖ਼ਰੀਦ ਸ਼ਰਤਾਂ ਸਖ਼ਤ ਕਰਕੇ ਅਤੇ ਨਿਗੂਣਾ ਸਮਰਥਨ ਮੁੱਲ ਦੇ ਕੇ ਕਿਸਾਨਾਂ ਨੂੰ ਕਣਕ-ਝੋਨੇ ਦੇ ਚੱਕਰ ਵਿੱਚੋਂ ਬਾਹਰ ਧੱਕਣ ਦੀ ਕੋਸ਼ਿਸ਼ ਕਰ ਰਹੀ ਹੈ, ਜਦਕਿ ਸਹੀ ਰਾਹ ਇਹ ਹੈ ਕਿ ਡਾ. ਸਵਾਮੀਨਾਥਨ ਦੇ ਫ਼ਾਰਮੂਲੇ ਅਨੁਸਾਰ ਦਾਲਾਂ, ਮੱਕੀ, ਤੇਲ ਬੀਜਾਂ, ਸਬਜ਼ੀਆਂ ਅਤੇ ਫ਼ਲਾਂ ’ਤੇ ਯਕੀਨੀ ਐੱਮ.ਐੱਸ.ਪੀ. ਅਤੇ ਮੰਡੀਕਰਨ ਦਿੱਤਾ ਜਾਵੇ ਤਾਂ ਜੋ ਕਿਸਾਨ ਖ਼ੁਸ਼ੀ ਨਾਲ ਫ਼ਸਲੀ ਵਿਭਿੰਨਤਾ ਵੱਲ ਮੁੜ ਸਕਣ।

ਸੰਘਣੀ ਖੇਤੀ ਨੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਗੰਭੀਰ ਸੰਕਟ ਖੜ੍ਹਾ ਕਰ ਦਿੱਤਾ ਹੈ। ਨਹਿਰੀ ਪਾਣੀ ਦੀ ਘਾਟ ਕਾਰਨ 70 ਫ਼ੀਸਦੀ ਤੋਂ ਵੱਧ ਸਿੰਚਾਈ ਧਰਤੀ ਹੇਠਲੇ ਪਾਣੀ ’ਤੇ ਨਿਰਭਰ ਹੈ, ਜਿਸ ਕਾਰਨ ਪਾਣੀ ਦਾ ਪੱਧਰ ਹਰ ਸਾਲ ਇੱਕ ਤੋਂ ਡੇਢ ਮੀਟਰ ਹੇਠਾਂ ਜਾ ਰਿਹਾ ਹੈ ਅਤੇ ਸੂਬੇ ਦੇ 117 ਬਲਾਕ ਅਤਿ-ਨਾਜ਼ੁਕ (ਡਾਰਕ ਜ਼ੋਨ) ਐਲਾਨੇ ਜਾ ਚੁੱਕੇ ਹਨ। ਮਾਹਿਰਾਂ ਅਨੁਸਾਰ ਪਹਿਲੀਆਂ ਦੋ ਸਤਹਾਂ ਦਾ ਪਾਣੀ ਖ਼ਤਮ ਹੋਣ ਕੰਢੇ ਹੈ ਅਤੇ ਤੀਜੀ ਸਤਹ ਦੇ ਪਾਣੀ ਵਿੱਚ ਯੂਰੇਨੀਅਮ, ਆਰਸੈਨਿਕ ਅਤੇ ਨਾਈਟ੍ਰੇਟ ਵਰਗੇ ਹਾਨੀਕਾਰਕ ਤੱਤ ਮੌਜੂਦ ਹਨ, ਜੋ ਖੇਤੀ ਅਤੇ ਮਨੁੱਖੀ ਸਿਹਤ ਦੋਵਾਂ ਲਈ ਘਾਤਕ ਹਨ। ਇਸ ਸਮੱਸਿਆ ਦਾ ਇੱਕੋ-ਇੱਕ ਹੱਲ ਨਹਿਰੀ ਪਾਣੀ ਦੀ ਪੂਰੀ ਵਰਤੋਂ ਹੈ। ਪਰ ਇਤਿਹਾਸਕ ਤੌਰ ’ਤੇ ਕੇਂਦਰ ਸਰਕਾਰਾਂ ਵੱਲੋਂ ਕੀਤੇ ਗਏ ਸਮਝੌਤਿਆਂ ਰਾਹੀਂ ਗ਼ੈਰ-ਰਿਪੇਰੀਅਨ ਰਾਜਾਂ ਨੂੰ ਪਾਣੀ ਵੰਡਿਆ ਗਿਆ, ਜੋ ਕਿ ਰਿਪੇਰੀਅਨ ਸਿਧਾਂਤ ਦੀ ਉਲੰਘਣਾ ਹੈ। ਪੰਜਾਬ ਪੁਨਰਗਠਨ ਐਕਟ 1966 ਦੀਆਂ ਧਾਰਾਵਾਂ 78, 79 ਅਤੇ 80 ਰਾਹੀਂ ਸੰਘੀ ਢਾਂਚੇ ਅਤੇ ਰਾਜ ਸੂਚੀ ਦੇ ਅਧਿਕਾਰਾਂ ਨੂੰ ਨਜ਼ਰਅੰਦਾਜ਼ ਕਰਕੇ ਪਾਣੀਆਂ ਦਾ ਕੰਟਰੋਲ ਕੇਂਦਰ ਨੇ ਆਪਣੇ ਹੱਥ ਲੈ ਲਿਆ। ਪੰਜਾਬ ਦੀ ਖੇਤੀ ਨੂੰ ਬਚਾਉਣ ਲਈ ਇਨ੍ਹਾਂ ਪੱਖਪਾਤੀ ਧਾਰਾਵਾਂ ਅਤੇ ਗ਼ੈਰ-ਵਾਜਬ ਸਮਝੌਤਿਆਂ ਦੀ ਸਮੀਖਿਆ ਹੋਣੀ ਲਾਜ਼ਮੀ ਹੈ।

ਇਸ ਤੋਂ ਇਲਾਵਾ, ਮੌਸਮੀ ਤਬਦੀਲੀਆਂ ਕਾਰਨ ਬੇਮੌਸਮੀ ਬਾਰਿਸ਼ਾਂ, ਗੜੇਮਾਰੀ, ਸੋਕਾ ਅਤੇ ਫ਼ਸਲੀ ਬਿਮਾਰੀਆਂ ਕਿਸਾਨਾਂ ਦਾ ਲੱਕ ਤੋੜ ਰਹੀਆਂ ਹਨ। ਸਰਕਾਰੀ ਮੁਆਵਜ਼ਾ ਨਿਗੂਣਾ ਹੁੰਦਾ ਹੈ ਅਤੇ ਸਮੇਂ ਸਿਰ ਨਹੀਂ ਮਿਲਦਾ। ਮੌਜੂਦਾ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਵਿੱਚ ਪੂਰੇ ਪਿੰਡ ਜਾਂ ਬਲਾਕ ਨੂੰ ਇਕਾਈ ਮੰਨਿਆ ਜਾਂਦਾ ਹੈ, ਜਿਸ ਕਾਰਨ ਵਿਅਕਤੀਗਤ ਨੁਕਸਾਨ ਦੀ ਭਰਪਾਈ ਨਹੀਂ ਹੁੰਦੀ। ਇਸ ਨੀਤੀ ਵਿੱਚ ਸੁਧਾਰ ਕਰਕੇ ਖੇਤ (ਏਕੜ) ਪੱਧਰ ’ਤੇ ਨੁਕਸਾਨ ਦਾ ਮੁਲਾਂਕਣ ਹੋਣਾ ਚਾਹੀਦਾ ਹੈ।

ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ ਨਾ ਤਾਂ ਕੇਂਦਰ ਅਤੇ ਨਾ ਹੀ ਸੂਬਾ ਪੱਧਰ ’ਤੇ ਕੋਈ ਠੋਸ ਤੇ ਲੰਮੇਰੀ ਖੇਤੀਬਾੜੀ ਨੀਤੀ ਬਣਾਈ ਗਈ ਹੈ। ਉਦਯੋਗਿਕ ਅਤੇ ਸੇਵਾ ਖੇਤਰ ਦੇ ਮੁਕਾਬਲੇ ਖੇਤੀਬਾੜੀ ਖੇਤਰ ਵਿੱਚ ਸਰਕਾਰੀ ਨਿਵੇਸ਼ ਬੇਹੱਦ ਘੱਟ ਹੈ। ਹਰ ਸੀਜ਼ਨ ਦੌਰਾਨ ਕਿਸਾਨਾਂ ਨੂੰ ਡੀ.ਏ.ਪੀ. ਅਤੇ ਯੂਰੀਆ ਖਾਦ ਦੀ ਕਿੱਲਤ ਦਾ ਸਾਹਮਣਾ ਕਰਨਾ ਪੈਂਦਾ ਹੈ। ਖੇਤੀ ਦਾ ਕਾਰਪੋਰੇਟੀਕਰਨ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਜ਼ਮੀਨਾਂ ਤੋਂ ਬੇਦਖ਼ਲ ਕਰਨ ਦਾ ਰਾਹ ਪੱਧਰਾ ਕਰ ਰਿਹਾ ਹੈ। ਸਮੇਂ ਦੀ ਲੋੜ ਹੈ ਕਿ ਖੇਤੀਬਾੜੀ ਲਈ ਇੱਕ ਵੱਖਰਾ ਬਜਟ ਲਿਆਂਦਾ ਜਾਵੇ ਅਤੇ ਸਰਕਾਰੀ ਨਿਵੇਸ਼ ਵਿੱਚ ਵਾਧਾ ਕੀਤਾ ਜਾਵੇ ਸਾਰੀਆਂ ਫ਼ਸਲਾਂ ਦੀ ਐੱਮ.ਐੱਸ.ਪੀ. ’ਤੇ ਖ਼ਰੀਦ ਦੀ ਕਾਨੂੰਨੀ ਗਾਰੰਟੀ, ਮੁਕੰਮਲ ਕਰਜ਼ਾ ਮੁਕਤੀ, ਵਿਆਪਕ ਨਹਿਰੀ ਨੈੱਟਵਰਕ, ਫ਼ੂਡ ਪ੍ਰੋਸੈਸਿੰਗ ਉਦਯੋਗਾਂ ਦਾ ਵਿਕਾਸ, ਸਸਤੇ ਖੇਤੀ ਕਰਜ਼ੇ ਅਤੇ ਕਿਸਾਨ-ਪੱਖੀ ਬੀਮਾ ਪ੍ਰਣਾਲੀ ਹੀ ਪੰਜਾਬ ਦੀ ਖੇਤੀਬਾੜੀ ਨੂੰ ਇਸ ਬਹੁਪੱਖੀ ਸੰਕਟ ਵਿੱਚੋਂ ਕੱਢ ਸਕਦੀ ਹੈ।



ਡਾ. ਕੇਸਰ ਸਿੰਘ ਭੰਗੂ
ਸਾਬਕਾ ਪ੍ਰੋਫੈਸਰ ਤੇ ਡੀਨ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਪੰਜਾਬ ਦੀ ਆਰਥਿਕਤਾ ਤਬਾਹੀ ਵੱਲ ਕਿਉਂ ?

ਪੰਜਾਬ ਵਿੱਚ ਆਰਥਿਕ ਤਰੱਕੀ ਅਤੇ ਸਿੱਖਿਆ ਦੇ ਪਸਾਰ ਨੇ ਖੇਤੀਬਾੜੀ ਤੋਂ ਬਾਹਰ ਵੀ ਮੌਕੇ ਪੈਦਾ ਕਰਕੇ ਸੂਬੇ ਦੇ ਲੋਕਾਂ ਨੂੰ ਖ਼ੁਸ਼ਹਾਲ ਬਣਾਇਆ। ਪਰ ਪੰਜਾਬ ਦੀ ਆਰਥਿਕਤਾ ਹੁਣ ਲੰਮੇ ਸਮੇਂ ਤੋਂ ਆਪਣੀ ਸਮਰੱਥਾ ਤੋਂ ਵੀ ਘੱਟ ਅਤੇ ਧੀਮੀ ਰਫ਼ਤਾਰ ਨਾਲ ਵਿਕਾਸ ਕਰ ਰਹੀ ਹੈ। ਸਾਲ 2000 ਵਿੱਚ ਪੰਜਾਬ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਦੇਸ਼ ਵਿੱਚ ਪਹਿਲੇ ਨੰਬਰ ’ਤੇ ਸੀ, ਪਰ ਪਿਛਲੇ ਦੋ ਦਹਾਕਿਆਂ ਦੌਰਾਨ ਇਹ ਪ੍ਰਮੁੱਖ ਸੂਬਿਆਂ ਤੋਂ ਬਹੁਤ ਪਛੜ ਗਿਆ ਹੈ। ਮਨੁੱਖੀ ਵਿਕਾਸ ਸੂਚਕ ਅੰਕ ਅਤੇ ਬਹੁਪਰਤੀ ਗ਼ਰੀਬੀ ਸੂਚਕ ਅੰਕ ਦੇ ਤਾਜ਼ਾ ਅਨੁਮਾਨਾਂ ਅਨੁਸਾਰ ਪੰਜਾਬ ਪ੍ਰਮੁੱਖ ਸੂਬਿਆਂ ਵਿੱਚੋਂ ਕ੍ਰਮਵਾਰ ਤੀਜੇ ਅਤੇ ਪੰਜਵੇਂ ਸਥਾਨ ’ਤੇ ਹੈ।

ਪੰਜਾਬ ਦੀ ਆਰਥਿਕਤਾ ਨੇ 2015-16 ਤੋਂ 2025-26 ਦਰਮਿਆਨ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ.) ਦੀ 4.5-5.0 ਫ਼ੀਸਦੀ ਵਿਕਾਸ ਦਰ ਹਾਸਲ ਕੀਤੀ ਹੈ। ਪੰਜਾਬ ਦੀ ਆਰਥਿਕਤਾ ਵਧ ਤਾਂ ਰਹੀ ਹੈ ਪਰ ਇਸ ਦੀ ਰਫ਼ਤਾਰ ਬਹੁਤ ਧੀਮੀ ਹੈ। ਪੰਜਾਬ ਸਰਕਾਰ ਅਨੁਮਾਨਾਂ ਅਨੁਸਾਰ ਸਾਲ 2025-26 ਵਿੱਚ ਪੰਜਾਬ ਦੀ ਪ੍ਰਤੀ ਵਿਅਕਤੀ ਆਮਦਨ ਪ੍ਰਚਲਿਤ ਕੀਮਤਾਂ ’ਤੇ 2,30,523 ਰੁਪਏ ਸੀ।

ਪਿਛਲੇ ਦਹਾਕੇ ਤੋਂ ਪੰਜਾਬ ਵਿੱਚ ਆਬਾਦੀ ਵਾਧਾ ਦਰ 1.4 ਫ਼ੀਸਦੀ ਹੈ, ਜੋ ਰਾਸ਼ਟਰੀ ਪੱਧਰ ’ਤੇ 1.8 ਫ਼ੀਸਦੀ ਤੋਂ ਕਿਤੇ ਘੱਟ ਹੋਣ ਦੇ ਬਾਵਜੂਦ ਵੀ ਪੰਜਾਬ ਦੀ ਆਰਥਿਕ ਤਰੱਕੀ ਦੇਸ਼ ਦੀ ਔਸਤ ਦਰ ਤੋਂ ਪਛੜ ਰਹੀ ਹੈ। ਪੰਜਾਬ ਵਿੱਚ ਇਸ ਸਮੇਂ 22.3 ਫ਼ੀਸਦੀ ਨੌਜਵਾਨ (15-29 ਸਾਲ) ਬੇਰੁਜ਼ਗਾਰ ਹਨ, ਜਦਕਿ ਦੇਸ਼ ਵਿੱਚ ਇਹ ਦਰ 15.9 ਫ਼ੀਸਦੀ ਹੈ। ਬੇਰੁਜ਼ਗਾਰਾਂ ਵਿੱਚੋਂ 31 ਫ਼ੀਸਦੀ ਪੜ੍ਹੇ-ਲਿਖੇ ਅਤੇ ਹੁਨਰਮੰਦ ਹਨ ਅਤੇ ਪੰਜਾਬ ਵਿੱਚ ਪੜ੍ਹੇ-ਲਿਖਿਆਂ ਦੀ ਬੇਰੁਜ਼ਗਾਰੀ ਦਰ ਉੱਚੀ ਹੋਣ ਤੋਂ ਇਲਾਵਾ ਨੌਕਰੀਆਂ ਉਨ੍ਹਾਂ ਦੀ ਯੋਗਤਾ ਦੇ ਪੱਧਰ ਦੀਆਂ ਨਹੀਂ ਹਨ। ਜਿਹੜੇ ਪੰਜਾਬੀ ਵਿਦੇਸ਼ਾਂ ਵਿੱਚ ਜਾ ਸਕਦੇ ਹਨ, ਉਹ ਆਪਣੀਆਂ ਜਾਇਦਾਦਾਂ ਵੇਚ ਕੇ ਵਿਦੇਸ਼ ਜਾ ਰਹੇ ਹਨ। ਪੰਜਾਬ ਦੇ ਬੇਰੁਜ਼ਗਾਰ ਨੌਜਵਾਨ ਨਸ਼ਿਆਂ ਦੇ ਜਾਲ ਵਿੱਚ ਫੱਸਦੇ ਜਾ ਰਹੇ ਹਨ, ਜੋ ਸੂਬੇ ਲਈ ਲਗਾਤਾਰ ਖ਼ਤਰਾ ਬਣਿਆ ਹੋਇਆ ਹੈ।

ਪਿਛੋਕੜ ਅਤੇ ਉਦਯੋਗਿਕ ਪਤਨ

ਹਰੀ ਕ੍ਰਾਂਤੀ ਦੇ ਪਹਿਲੇ ਪੜਾਅ ਨੇ ਪੰਜਾਬ ਦੀ ਆਰਥਿਕਤਾ ਵਿੱਚ ਢਾਂਚਾਗਤ ਤਬਦੀਲੀਆਂ ਕੀਤੀਆਂ। ਪੰਜਾਬ ਦੇ ਜੀ.ਐਸ.ਡੀ.ਪੀ. ਵਿੱਚ ਖੇਤੀਬਾੜੀ ਖੇਤਰ ਦਾ ਹਿੱਸਾ 1966-67 ਵਿੱਚ 52.85 ਫ਼ੀਸਦੀ ਤੋਂ ਵਧ ਕੇ 1970-71 ਤੱਕ 54.27 ਫ਼ੀਸਦੀ ਹੋ ਗਿਆ ਸੀ। 1970 ਦੇ ਦਹਾਕੇ ਦੇ ਅੰਤ ਤੱਕ ਖੇਤੀਬਾੜੀ ਖੇਤਰ ਦੀ ਉਤਪਾਦਕਤਾ ਸਿਖ਼ਰ ’ਤੇ ਪਹੁੰਚ ਕੇ 1980 ਤੋਂ ਬਾਅਦ ਇਸ ਦਾ ਸੂਬੇ ਦੀ ਆਰਥਿਕਤਾ ਵਿੱਚ ਹਿੱਸਾ ਘਟਣਾ ਸ਼ੁਰੂ ਹੋ ਗਿਆ। ਖੇਤੀਬਾੜੀ ਦਾ ਜੀ.ਐਸ.ਡੀ.ਪੀ. ਵਿੱਚ ਹਿੱਸਾ 1980-81 ਵਿੱਚ 49.45 ਫ਼ੀਸਦੀ ਅਤੇ ਰੁਜ਼ਗਾਰ ਵਿੱਚ 58 ਫ਼ੀਸਦੀ ਸੀ।



ਸੂਬੇ ਦੀ ਆਰਥਿਕਤਾ ਦੇ ਵੱਖ-ਵੱਖ ਖੇਤਰਾਂ ਦਰਮਿਆਨ ਆਪਸੀ ਸਬੰਧਾਂ ਦੀ ਘਾਟ, ਆਰਥਿਕਤਾ ਦੀ ਘਟਦੀ ਵਿਕਾਸ ਦਰ, ਖੇਤੀ ਉਤਪਾਦਕਤਾ ਵਿੱਚ ਖੜੋਤ ਅਤੇ ਖੇਤੀ ਤੋਂ ਬਾਹਰ ਵਧੀਆ ਰੁਜ਼ਗਾਰ ਦੀ ਅਣਹੋਂਦ ਨੂੰ ਵੱਡੀ ਕਿਸਾਨੀ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਸਮੇਂ ਖੱਬੇ-ਪੱਖੀ ਸਮਾਜਿਕ ਲਹਿਰਾਂ ਨੇ ਪ੍ਰਮੁੱਖ ਸਿਆਸੀ ਪਾਰਟੀਆਂ ਨੂੰ ਆਰਥਿਕ ਖ਼ਤਰੇ ਦਾ ਅਹਿਸਾਸ ਕਰਵਾਇਆ, ਪਰ ਸਿਆਸੀ ਪਾਰਟੀਆਂ ਅਤੇ ਨੇਤਾਵਾਂ ਨੇ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਆਰਥਿਕ ਮੁੱਦਿਆਂ ਨੂੰ ਧਾਰਮਿਕ ਮੁੱਦਿਆਂ ਵਿੱਚ ਬਦਲਣ ਲਈ ਜੋੜ-ਤੋੜ ਸ਼ੁਰੂ ਕਰ ਦਿੱਤੇ। ਰਾਜਨੀਤਕ ਅੰਦੋਲਨ ਦੇ ਧਾਰਮਿਕ ਮੁੱਦਿਆਂ ਨਾਲ ਜੁੜਨ ਨਾਲ ਖੇਤਰੀ ਮੁੱਦੇ ਪ੍ਰਮੁੱਖ ਸਿਆਸੀ ਪਾਰਟੀਆਂ ਦੀ ਸੋਚ ਅਤੇ ਸਿਆਸਤ ’ਤੇ ਭਾਰੂ ਹੋ ਗਏ। ਸਿੱਟੇ ਵਜੋਂ 1980 ਦੇ ਦਹਾਕੇ ਦੀ ਗੜਬੜ ਨੇ ਸਰਕਾਰੀ ਸੰਸਥਾਵਾਂ ਨੂੰ ਤਬਾਹ ਕਰਕੇ ਪੰਜਾਬ ਦੇ ਸਮੁੱਚੇ ਵਿਕਾਸ ਏਜੰਡੇ ਨੂੰ ਪਟੜੀ ਤੋਂ ਲਾਹ ਦਿੱਤਾ।

ਪੰਜਾਬ ਵਿੱਚ ਨੌਕਰਸ਼ਾਹੀ ਅਤੇ ਰਾਜਪਾਲ ਸ਼ਾਸਨ ਦੌਰਾਨ ਸੂਬੇ ਦੀ ਤਰਜੀਹ ਆਰਥਿਕ ਵਿਕਾਸ ਤੋਂ ‘ਸੁਰੱਖਿਆ ਅਤੇ ਸ਼ਾਂਤੀ’ ਦੀਆਂ ਚਿੰਤਾਵਾਂ ਵੱਲ ਤਬਦੀਲ ਹੋਣ ਦੇ ਚਲਦਿਆਂ ਆਰਥਿਕ ਵਿਕਾਸ ਦੀ ਦਰ ਘਟਦੀ ਗਈ। ਸੂਬਾਈ ਪ੍ਰਸ਼ਾਸਨ ਵੱਲੋਂ ਆਪਣੇ ਮੁਫ਼ਾਦਾਂ ਲਈ ਵਪਾਰੀਆਂ ਅਤੇ ਸਨਅਤਕਾਰਾਂ ਤੋਂ ਰਿਸ਼ਵਤ ਮੰਗਣ ਵਾਲੇ ਵਤੀਰੇ ਨੇ ਪੰਜਾਬ ਵਿੱਚ ਬਹੁ-ਪਰਤੀ ਸੰਕਟ ਪੈਦਾ ਕਰ ਦਿੱਤਾ।

ਸਨਅਤੀ ਪੂੰਜੀ ਦਾ ਪ੍ਰਵਾਸ ਸ਼ੁਰੂ ਹੋਣ ਨਾਲ ਪੰਜਾਬ ਵਿੱਚੋਂ ਜ਼ਿਆਦਾਤਰ ਉਦਯੋਗਿਕ ਨਿਵੇਸ਼ ਦੇਸ਼ ਦੇ ਹੋਰ ਸੂਬਿਆਂ ਵਿੱਚ ਚਲਾ ਗਿਆ। ਕਾਰਪੋਰੇਟ ਉਦਯੋਗਿਕ ਨਿਵੇਸ਼ ਦੇ ਨਾਲ-ਨਾਲ ਸਿੱਧੇ ਵਿਦੇਸ਼ੀ ਨਿਵੇਸ਼ ਨੇ ਵੀ ਪੰਜਾਬ ਨੂੰ ਨਿਵੇਸ਼ ਲਈ ਇੱਕ ਮੰਜ਼ਿਲ ਵਜੋਂ ਤਰਜੀਹ ਨਾ ਦਿੱਤੀ। ਮਾਲ ਭਾੜਾ ਬਰਾਬਰੀ ਦੀ ਨੀਤੀ ਖ਼ਤਮ ਹੋਣ ਨਾਲ ਪੰਜਾਬ ਦੇ ਦੋ ਸਨਅਤੀ ਸ਼ਹਿਰਾਂ (ਮੰਡੀ ਗੋਬਿੰਦਗੜ੍ਹ ਅਤੇ ਬਟਾਲਾ) ਵਿੱਚ ਸਟੀਲ ਅਤੇ ਫ਼ਾਊਂਡਰੀ ਉਦਯੋਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਸਨਅਤੀ ਮੁਕਾਬਲੇਬਾਜ਼ੀ ਕਾਰਨ ਜਲੰਧਰ ਅਤੇ ਅੰਮ੍ਰਿਤਸਰ ਦੀਆਂ ਸਨਅਤੀ ਟਾਊਨਸ਼ਿਪਾਂ ਅਤੇ ਉਦਯੋਗਾਂ ਨੂੰ ਬਚਾਉਣ ਲਈ ਲੋੜੀਂਦਾ ਸਰਕਾਰੀ ਸਹਿਯੋਗ ਨਾ ਮਿਲਿਆ।

ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਰੁਕਾਵਟਾਂ ਅਤੇ ਹੱਲ

ਹੁਣ ਸਵਾਲ ਇਹ ਹੈ ਕਿ ਕੀ ਅਸੀਂ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰ ਸਕਦੇ ਹਾਂ? ਜਵਾਬ ਹੈ— ਬਿਲਕੁਲ ਕੀਤਾ ਜਾ ਸਕਦਾ ਹੈ। ਪਰ ਇਸ ਲਈ ਪੰਜਾਬ ਦੀ ਆਰਥਿਕਤਾ ਨੂੰ ਦਰਪੇਸ਼ ਵੱਡੀਆਂ ਰੁਕਾਵਟਾਂ ਅਤੇ ਕਾਰਨਾਂ ਦੀ ਪਛਾਣ ਕਰਨੀ ਜ਼ਰੂਰੀ ਹੈ।

ਪਹਿਲੀ ਅਤੇ ਸਭ ਤੋਂ ਵੱਡੀ ਰੁਕਾਵਟ ਸੂਬੇ ਸਿਰ ਚੜ੍ਹੀ ਕਰਜ਼ੇ ਦੀ ਵੱਡੀ ਪੰਡ ਹੈ। ਪੰਜਾਬ ਸਿਰ ਮਾਰਚ 2027 ਦੇ ਅੰਤ ਤੱਕ 4.50 ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਹੋ ਜਾਵੇਗਾ, ਜੋ ਮਾਰਚ 2022 ਵਿੱਚ 2.82 ਲੱਖ ਕਰੋੜ ਰੁਪਏ ਸੀ। ਦੱਸਣਯੋਗ ਹੈ ਕਿ ਹਰ ਸਾਲ ਲਏ ਜਾਂਦੇ ਕੁੱਲ ਕਰਜ਼ੇ ਵਿੱਚੋਂ ਸਿਰਫ਼ 7.8 ਫ਼ੀਸਦੀ ਹੀ ਸਰਕਾਰ ਨੂੰ ਮਿਲਦਾ ਹੈ ਅਤੇ ਬਾਕੀ 92.2 ਫ਼ੀਸਦੀ ਪਿਛਲੇ ਕਰਜ਼ੇ ਉਤਾਰਨ ’ਤੇ ਖ਼ਰਚ ਹੋ ਜਾਂਦਾ ਹੈ। ਪੰਜਾਬ ਬੁਰੀ ਤਰ੍ਹਾਂ ਕਰਜ਼ੇ ਦੇ ਚੱਕਰਵਿਊ ਵਿੱਚ ਫਸ ਚੁੱਕਾ ਹੈ। ਅਜਿਹੀ ਸਥਿਤੀ ਵਿੱਚ ਹਾਲਾਤ ਨੂੰ ਕਾਬੂ ਕੀਤੇ ਬਗੈਰ ਸੂਬੇ ਦੇ ਆਰਥਿਕ ਵਿਕਾਸ ਦੀ ਪ੍ਰਕਿਰਿਆ ਨੂੰ ਮੁੜ ਸੁਰਜੀਤ ਕਰਨਾ ਸੌਖਾ ਨਹੀਂ ਹੈ।

ਦੂਸਰਾ ਮਹੱਤਵਪੂਰਨ ਪਹਿਲੂ ਸੂਬੇ ਦਾ ਉਤਪਾਦਨ ਅਤੇ ਰੁਜ਼ਗਾਰ ਢਾਂਚਾ ਹੈ, ਜੋ ਪੰਜਾਬ ਦੀ ਆਰਥਿਕ ਪ੍ਰਗਤੀ ਦੀ ਰੋਕ ਨੂੰ ਦਰਸਾਉਂਦਾ ਹੈ। ਪੰਜਾਬ ਦੇ ਖੇਤੀਬਾੜੀ ਖੇਤਰ ਦੇ ਰੁਜ਼ਗਾਰ ਵਿੱਚ ਖੜੋਤ ਆ ਚੁੱਕੀ ਹੈ ਅਤੇ ਉਦਯੋਗਿਕ ਖੇਤਰ ਦਾ ਵੱਡਾ ਹਿੱਸਾ ਘੱਟ ਉਤਪਾਦਕਤਾ ਅਤੇ ਘੱਟ ਉਜਰਤ ਦੀ ਘੁੰਮਣਘੇਰੀ ਵਿੱਚ ਫਸ ਕੇ ਰਹਿ ਗਿਆ ਹੈ। ਉਦਯੋਗਿਕ ਖੇਤਰ ਵਿੱਚ ਰੁਜ਼ਗਾਰ ਸਥਾਨਕ ਮਜ਼ਦੂਰਾਂ ਦੀਆਂ ਆਰਥਿਕ ਲੋੜਾਂ ਨੂੰ ਪੂਰਾ ਨਹੀਂ ਕਰ ਪਾਉਂਦਾ, ਜਦਕਿ ਪੰਜਾਬ ਦੀ ਆਰਥਿਕਤਾ ਤੇ ਰੁਜ਼ਗਾਰ ਨੂੰ ਹੁਣ ਖੇਤੀ ਦੀ ਬਜਾਏ ਉਦਯੋਗੀਕਰਨ ਵਿੱਚ ਤਬਦੀਲ ਕਰਨ ਦੀ ਲੋੜ ਹੈ। ਇਕੀਵੀਂ ਸਦੀ ਨੂੰ ਗਿਆਨ ਦੀ ਆਰਥਿਕਤਾ ਕਿਹਾ ਜਾਂਦਾ ਹੈ ਅਤੇ ਚੌਥੀ ਉਦਯੋਗਿਕ ਕ੍ਰਾਂਤੀ ਇਸ ਦੀ ਗਵਾਹ ਹੈ। ਪੰਜਾਬ ਨੂੰ ਨਵੀਆਂ ਤਕਨੀਕਾਂ ਦੀ ਵਰਤੋਂ ਕਰਦਿਆਂ ਉਦਯੋਗ ਨੂੰ ਰਵਾਇਤੀ ਤੋਂ ਆਧੁਨਿਕ ਅਤੇ ਹਰਿਆਵਲ ਉਦਯੋਗੀਕਰਨ ਵੱਲ ਬਦਲਣ ਲਈ ਨਵੀਂ ਰਣਨੀਤੀ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਹਰੀ ਉਦਯੋਗਿਕ ਤਰੱਕੀ ਲਈ ‘ਰਿਸਰਚ ਐਂਡ ਡਿਵੈਲਪਮੈਂਟ’ ਦੀ ਨਵੀਂ ਮੱਦ ਨੂੰ ਬਜਟ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ।

ਤੀਜੀ ਰੁਕਾਵਟ ਕਰਮਚਾਰੀਆਂ ਦਾ ਹੁਨਰ ਆਧਾਰ ਹੈ। ਪੰਜਾਬੀ ਉੱਦਮ ਅਤੇ ਲੀਡਰਸ਼ਿਪ ਦੇ ਗੁਣਾਂ ਵਿੱਚ ਮੋਹਰੀ ਮੰਨੇ ਜਾਂਦੇ ਹਨ, ਪਰ ਲੰਬੇ ਸਮੇਂ ਦੀ ਧੀਮੀ ਪ੍ਰਗਤੀ ਅਤੇ ਵਿਦਿਅਕ ਤੇ ਸਿਹਤ ਸੰਸਥਾਵਾਂ ਵਿੱਚ ਘਟੇ ਨਿਵੇਸ਼ ਨੇ ਉਨ੍ਹਾਂ ਦੀ ਇਸ ਖ਼ੂਬੀ ਨੂੰ ਕਮਜ਼ੋਰ ਕਰ ਦਿੱਤਾ ਹੈ। ਸਿੱਖਿਆ ਅਤੇ ਸਿਹਤ ਦੇ ਅੰਨ੍ਹੇਵਾਹ ਨਿੱਜੀਕਰਨ ਨੇ ਕਰਮਚਾਰੀਆਂ ਵਿੱਚ ਉੱਚ ਯੋਗਤਾਵਾਂ ਹਾਸਲ ਕਰਨ ਦਾ ਟੀਚਾ ਪ੍ਰਾਪਤ ਨਹੀਂ ਹੋਣ ਦਿੱਤਾ।

ਚੌਥਾ, ਜਨਤਕ ਨੀਤੀ ਲਾਗੂ ਕਰਨ ਅਤੇ ਮੁਲਾਂਕਣ ਕਰਨ ਵਾਲੀਆਂ ਸੰਸਥਾਵਾਂ ਨੇ ਪੰਜਾਬ ਦੇ ਆਰਥਿਕ ਵਿਕਾਸ ਦੇ ਸ਼ੁਰੂਆਤੀ ਦੌਰ ਵਿੱਚ ਵਿਕਾਸ ਦੀ ਪ੍ਰਕਿਰਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਪਰ 1980 ਦੇ ਦਹਾਕੇ ਤੋਂ ਬਾਅਦ ਇਹ ਸੰਸਥਾਵਾਂ ਬੇਅਸਰ ਹੋ ਗਈਆਂ ਅਤੇ ਇਹ ਪ੍ਰਕਿਰਿਆ ਨੌਕਰਸ਼ਾਹੀ ਦੇ ਕਬਜ਼ੇ ਅਤੇ ਦਬਾਅ ਹੇਠ ਆ ਗਈ। ਇਸ ਵਰਤਾਰੇ ਨੇ ਜਨਤਕ ਨੀਤੀ ਬਣਾਉਣ ਵਿੱਚ ਸਬੰਧਿਤ ਧਿਰਾਂ ਨੂੰ ਸ਼ਾਮਲ ਕਰਨ ਦੀ ਪ੍ਰਣਾਲੀ ਨੂੰ ਅਸਫ਼ਲ ਬਣਾ ਦਿੱਤਾ। ਜਦੋਂ ਤੱਕ ਨੀਤੀ ਬਣਾਉਣ, ਨੀਤੀ ਨੂੰ ਲਾਗੂ ਕਰਨ ਅਤੇ ਨੀਤੀ ਮੁਲਾਂਕਣ ਦੇ ਤਿੰਨ ਵਿੰਗਾਂ ਨੂੰ ਸੁਤੰਤਰ ਨਹੀਂ ਬਣਾ ਜਾਂਦਾ, ਉਦੋਂ ਤੱਕ ਕੋਈ ਵੀ ਜਨਤਕ ਨੀਤੀ ਪ੍ਰਕਿਰਿਆ ਚੰਗੇ ਅਤੇ ਲੋੜੀਂਦੇ ਨਤੀਜੇ ਨਹੀਂ ਦੇਵੇਗੀ।

ਪੰਜਾਬ ਅਜੇ ਵੀ ਖੇਤੀ ਸੱਭਿਆਚਾਰ ਦੀ ਪ੍ਰਮੁੱਖਤਾ ਅਧੀਨ ਹੈ। ਪਲ ਰਾਜਨੀਤਕ ਲੀਡਰਸ਼ਿਪ ਅਤੇ ਨੌਕਰਸ਼ਾਹੀ ਦੇ ਆਪਣੇ ਮੁਫ਼ਾਦਾਂ ਲਈ ਰਿਸ਼ਵਤ ਦੀ ਮੰਗ ਨੇ ਪੰਜਾਬ ਨੂੰ ਪ੍ਰਵਾਸੀ ਅਤੇ ਨਿੱਜੀ ਕਾਰਪੋਰੇਟ ਸੈਕਟਰ ਦੇ ਉਦਯੋਗਿਕ ਨਿਵੇਸ਼ ਲਈ ਗ਼ੈਰ-ਦੋਸਤਾਨਾ ਬਣਾ ਦਿੱਤਾ ਹੈ। ਇਨ੍ਹਾਂ ਕਾਰਕਾਂ ਨੇ ਪੰਜਾਬ ਵਿੱਚ ਉਦਯੋਗੀਕਰਨ ਨੂੰ ਢਾਹ ਲਗਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ।

ਜੇਕਰ ਅੰਤਰਰਾਸ਼ਟਰੀ ਸਰਹੱਦ ’ਤੇ ਤਣਾਅ ਘਟਾ ਕੇ ਪਾਕਿਸਤਾਨ ਅਤੇ ਹੋਰ ਦੇਸ਼ਾਂ ਲਈ ਜ਼ਮੀਨੀ ਮਾਰਗ ਰਾਹੀਂ ਵਪਾਰ ਖੋਲ੍ਹਿਆ ਜਾਵੇ, ਤਾਂ ਯਕੀਨਨ ਪੰਜਾਬ ਅਤੇ ਗੁਆਂਢੀ ਸੂਬਿਆਂ— ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਜੰਮੂ-ਕਸ਼ਮੀਰ ਨੂੰ ਵੱਡਾ ਲਾਭ ਹੋ ਸਕਦਾ ਹੈ। ਪੰਜਾਬ ਦੀ ਸਿਆਸੀ ਲੀਡਰਸ਼ਿਪ ਨੂੰ ਨਿਵੇਸ਼ਕਾਂ ਦੇ ਮਨਾਂ ਵਿੱਚੋਂ ਡਰ ਕੱਢ ਕੇ ਇਸ ਅੜਚਨ ਨੂੰ ਦੂਰ ਕਰਨ ਲਈ ਕੇਂਦਰ ਸਰਕਾਰ ਨੂੰ ਮਨਾਉਣ ਲਈ ਦੂਜੇ ਸੂਬਿਆਂ ਤੋਂ ਵੀ ਸਹਿਯੋਗ ਮੰਗਣਾ ਚਾਹੀਦਾ ਹੈ।

(ਲੇਖਕ ਸਾਬਕਾ ਪ੍ਰੋਫੈਸਰ ਅਤੇ ਡੀਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਹਨ)

ਦਰਿਆਈ ਪਾਣੀਆਂ ਦੀ ਗ਼ੈਰ-ਕਾਨੂੰਨੀ ਵੰਡ ਪੰਜਾਬ ਦੀ ਹੋਂਦ ਲਈ ਗੰਭੀਰ ਚੁਣੌਤੀ

ਬਲਦੇਵ ਸਿੰਘ ਨਿਹਾਲਗੜ੍ਹ



ਪੰਜਾਬ ਵਿੱਚ ਦਰਿਆਈ ਪਾਣੀਆਂ ਦੀ ਵੰਡ ਦਾ ਮੁੱਦਾ ਬਹੁਤ ਲੰਬੇ ਸਮੇਂ ਤੋਂ ਚਰਚਾਵਾਂ, ਅੰਦੋਲਨਾਂ ਅਤੇ ਅਦਾਲਤੀ ਕਾਰਵਾਈਆਂ ਦਾ ਹਿੱਸਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ ਜਥੇਬੰਦੀਆਂ ਵੱਲੋਂ ਲਗਾਏ ਗਏ ਚੰਡੀਗੜ੍ਹ ਮੋਰਚੇ ਦੌਰਾਨ ਪੰਜਾਬ ਦੇ ਦਰਿਆਈ ਪਾਣੀਆਂ ਸਬੰਧੀ ਹੋਏ ਵਿਤਕਰੇ, ਧਰਤੀ ਹੇਠਲੇ ਡਿੱਗ ਰਹੇ ਪਾਣੀ ਦੇ ਪੱਧਰ ਅਤੇ ਦਰਿਆਈ ਪਾਣੀਆਂ ਦੇ ਪ੍ਰਦੂਸ਼ਣ ਦਾ ਗੰਭੀਰ ਮਸਲਾ ਬੜੀ ਸ਼ਿੱਦਤ ਨਾਲ ਪੰਜਾਬ ਸਰਕਾਰ ਅਤੇ ਲੋਕਾਂ ਸਾਹਮਣੇ ਚੁੱਕਿਆ ਗਿਆ ਹੈ। ਇਹ ਸੰਕਟ ਇੰਨਾ ਗੰਭੀਰ ਰੂਪ ਅਖ਼ਤਿਆਰ ਕਰ ਚੁੱਕਾ ਹੈ ਕਿ ਨੇੜਲੇ ਭਵਿੱਖ ਵਿੱਚ ਪੰਜਾਬ ਅੰਦਰ ਪੀਣ ਵਾਲੇ ਪਾਣੀ ਦੀ ਭਾਰੀ ਕਿੱਲਤ ਪੈਦਾ ਹੋਣ ਦਾ ਖ਼ਦਸ਼ਾ ਹੈ।

ਪੰਜਾਬ ਦੇ ਪਾਣੀਆਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਪਹਿਲੇ ਵਿਸ਼ਵ ਯੁੱਧ ਤੋਂ ਲਗਭਗ ਇੱਕ ਦਹਾਕਾ ਪਹਿਲਾਂ ਬੀਕਾਨੇਰ ਰਿਆਸਤ ਨੇ ਅੰਗਰੇਜ਼ ਹਕੂਮਤ ਤੋਂ ਪੰਜਾਬ ਦੇ ਦਰਿਆਈ ਪਾਣੀ ਦੀ ਮੰਗ ਕੀਤੀ ਸੀ, ਜਿਸ ਨੂੰ ਉਸ ਸਮੇਂ ਪੰਜਾਬ ਦੇ ਗਵਰਨਰ ਨੇ ਰੱਦ ਕਰ ਦਿੱਤਾ ਸੀ। ਪਰ 1914-18 ਦੇ ਪਹਿਲੇ ਵਿਸ਼ਵ ਯੁੱਧ ਦੌਰਾਨ ਬੀਕਾਨੇਰ ਦੇ ਮਹਾਰਾਜਾ ਗੰਗਾ ਸਿੰਘ ਨੇ ਬਰਤਾਨਵੀ ਫ਼ੌਜਾਂ ਦੀ ਮਦਦ ਲਈ ਆਪਣੀ ਸੈਨਾ ਭੇਜੀ। ਇਸ ਮਦਦ ਦੇ ਇਵਜ਼ ਵਜੋਂ ਅੰਗਰੇਜ਼ ਸਰਕਾਰ ਨੇ ਗੰਗ ਨਹਿਰ ਰਾਹੀਂ ਬੀਕਾਨੇਰ ਰਿਆਸਤ ਨੂੰ ਖੇਤੀਬਾੜੀ ਅਤੇ ਪੀਣ ਲਈ ਪੰਜਾਬ ਦਾ ਪਾਣੀ ਦੇਣਾ ਪ੍ਰਵਾਨ ਕਰ ਲਿਆ। ਇਸ ਪਾਣੀ ਬਦਲੇ ਬੀਕਾਨੇਰ ਰਿਆਸਤ ਵੱਲੋਂ ਪੰਜਾਬ ਨੂੰ ਰਾਇਲਟੀ ਦਿੱਤੀ ਜਾਂਦੀ ਰਹੀ, ਜੋ ਆਜ਼ਾਦੀ ਮਗਰੋਂ 1955 ਤੱਕ ਜਾਰੀ ਰਹੀ; ਪਰ ਬਾਅਦ ਵਿੱਚ ਰਾਜਸਥਾਨ ਸਰਕਾਰ ਨੇ ਇਹ ਰਾਇਲਟੀ ਦੇਣੀ ਬੰਦ ਕਰ ਦਿੱਤੀ ਸੀ।

1947 ਦੀ ਦੇਸ਼ ਵੰਡ ਪੰਜਾਬ ਲਈ ਇੱਕ ਵੱਡੀ ਤ੍ਰਾਸਦੀ ਸਾਬਤ ਹੋਈ। ਕਰੀਬ 10 ਲੱਖ ਲੋਕ ਮਾਰੇ ਗਏ ਅਤੇ ਲੱਖਾਂ ਲੋਕ ਆਪਣੇ ਘਰ-ਬਾਰ ਤੇ ਉਪਜਾਊ ਜ਼ਮੀਨਾਂ ਛੱਡ ਕੇ ਸ਼ਰਨਾਰਥੀ ਬਣ ਗਏ। ਅਜਿਹੇ ਗੰਭੀਰ ਸੰਕਟ ਅਤੇ ਉਜਾੜੇ ਦੇ ਸਮੇਂ ਪੰਜਾਬ ਦੇ ਲੋਕਾਂ ਲਈ ਆਪਣੇ ਦਰਿਆਈ ਹੱਕਾਂ ਪ੍ਰਤੀ ਸੁਚੇਤ ਹੋਣਾ ਸੰਭਵ ਨਹੀਂ ਸੀ। ਕੇਂਦਰ ਸਰਕਾਰ ਨੇ ਇਸ ਨਾਜ਼ੁਕ ਸਥਿਤੀ ਦਾ ਲਾਹਾ ਲੈਂਦਿਆਂ 1955 ਦੇ ਸਮਝੌਤੇ ਅਤੇ 1960 ਦੀ ਸਿੰਧ ਜਲ ਸੰਧੀ ਦੌਰਾਨ ਪੰਜਾਬ ਦੇ ਹਿੱਤਾਂ ਨੂੰ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕਰ ਦਿੱਤਾ। ਗ਼ੈਰ-ਰਿਪੇਰੀਅਨ ਰਾਜਾਂ ਨੂੰ ਪੰਜਾਬ ਦੇ ਪਾਣੀ ਦੀ ਮਨਮਰਜ਼ੀ ਨਾਲ ਵੰਡ ਕਰ ਦਿੱਤੀ ਗਈ ਅਤੇ ਰਾਇਲਟੀ ਦਾ ਮਸਲਾ ਵੀ ਟਾਲ ਦਿੱਤਾ ਗਿਆ।

ਪੁਨਰਗਠਨ ਐਕਟ ਅਤੇ ਪਾਣੀਆਂ ਦਾ ਕੰਟਰੋਲ

ਇਸ ਉਪਰੰਤ 1966 ਦੇ ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਅਤੇ 80 ਰਾਹੀਂ ਕੇਂਦਰ ਨੇ ਪੰਜਾਬ ਦੇ ਪਾਣੀਆਂ ਅਤੇ ਪ੍ਰੋਜੈਕਟਾਂ ਦਾ ਪ੍ਰਬੰਧਕੀ ਕੰਟਰੋਲ ਆਪਣੇ ਹੱਥਾਂ ਵਿੱਚ ਲੈ ਲਿਆ, ਜੋ ਕਿ ਦੇਸ਼ ਦੇ ਸੰਘੀ ਢਾਂਚੇ (ਫੈਡਰਲਿਜ਼ਮ) ਦਾ ਸਿੱਧਾ ਉਲੰਘਣ ਹੈ। ਧਾਰਾ 80 ਸੰਵਿਧਾਨਕ ਤੌਰ 'ਤੇ ਸਭ ਤੋਂ ਵੱਧ ਇਤਰਾਜ਼ਯੋਗ ਹੈ, ਕਿਉਂਕਿ ਇਹ ਪਾਣੀਆਂ ਉੱਤੇ ਪੰਜਾਬ ਦੇ ਪੂਰਨ ਅਧਿਕਾਰ ਨੂੰ ਖ਼ਤਮ ਕਰਦੀ ਹੈ। ਇਹ ਧਾਰਾਵਾਂ ਸੰਵਿਧਾਨ ਦੀ ਧਾਰਾ 162 (ਰਾਜ ਦੀਆਂ ਕਾਰਜਕਾਰੀ ਸ਼ਕਤੀਆਂ), ਧਾਰਾ 14 (ਬਰਾਬਰੀ ਦਾ ਅਧਿਕਾਰ) ਅਤੇ ਰਾਜ ਸੂਚੀ ਦੀ ਐਂਟਰੀ 17 (ਜਿਸ ਤਹਿਤ ਪਾਣੀ ਰਾਜ ਦਾ ਵਿਸ਼ਾ ਹੈ) ਦੀ ਸਪੱਸ਼ਟ ਉਲੰਘਣਾ ਕਰਦੀਆਂ ਹਨ। ਦੇਸ਼ ਵਿੱਚ ਕਿਸੇ ਹੋਰ ਸੂਬੇ ਦੇ ਪੁਨਰਗਠਨ ਸਮੇਂ ਅਜਿਹਾ ਵਿਤਕਰਾ ਨਹੀਂ ਕੀਤਾ ਗਿਆ। ਇਸ ਲਈ ਪੰਜਾਬ ਪੁਨਰਗਠਨ ਐਕਟ ਦੀਆਂ ਇਨ੍ਹਾਂ ਪੱਖਪਾਤੀ ਧਾਰਾਵਾਂ ਨੂੰ ਰੱਦ ਕੀਤੇ ਬਿਨਾਂ ਪੰਜਾਬ ਦੇ ਕੁਦਰਤੀ ਹੱਕ ਬਹਾਲ ਨਹੀਂ ਹੋ ਸਕਦੇ।

1974 ਵਿੱਚ ਕੇਂਦਰ ਸਰਕਾਰ ਨੇ ਐਕਟ ਵਿੱਚ ਸੋਧ ਕਰਕੇ ਬਿਆਸ ਪ੍ਰੋਜੈਕਟ ਨੂੰ ਵੀ ਕੇਂਦਰੀ ਅਧੀਨਗੀ ਹੇਠ ਲਿਆਂਦਿਆਂ ਇਸ ਦਾ ਨਾਂ 'ਭਾਖੜਾ ਬਿਆਸ ਮੈਨੇਜਮੈਂਟ ਬੋਰਡ' ਕਰ ਦਿੱਤਾ। ਇਸ ਕਾਰਵਾਈ ਨੇ ਪੰਜਾਬ ਦੇ ਦਰਿਆਈ ਸਿਸਟਮ 'ਤੇ ਕੇਂਦਰੀ ਕਬਜ਼ਾ ਮਜ਼ਬੂਤ ਕਰ ਦਿੱਤਾ ਅਤੇ ਤਕਨੀਕੀ ਰਿਪੋਰਟਾਂ ਦੀ ਥਾਂ ਸਿਆਸੀ ਹੁਕਮਾਂ ਰਾਹੀਂ ਪਾਣੀ ਦੀ ਵੰਡ ਕੀਤੀ ਗਈ। ਪੁਨਰਗਠਨ ਐਕਟ ਦਾ ਮੂਲ ਮਕਸਦ ਜਾਇਦਾਦਾਂ ਦੀ ਵੰਡ ਕਰਨਾ ਸੀ, ਪਰ ਇਸ ਨੂੰ ਗ਼ੈਰ-ਰਿਪੇਰੀਅਨ ਰਾਜਾਂ ਦੇ ਹੱਕ ਵਿੱਚ ਪਾਣੀ ਲੁਟਾਉਣ ਦਾ ਸਾਧਨ ਬਣਾ ਲਿਆ ਗਿਆ।

ਦੂਜੇ ਪਾਸੇ, ਹਰਿਆਣਾ ਵਿੱਚ ਵਗਦੀ ਜਮੁਨਾ ਨਦੀ ਦੇ ਪਾਣੀ ਨੂੰ ਅਜਿਹੀ ਵੰਡ ਪ੍ਰਣਾਲੀ ਤੋਂ ਬਾਹਰ ਰੱਖਿਆ ਗਿਆ, ਜਦਕਿ ਸਾਂਝੇ ਪੰਜਾਬ ਦੇ ਹਿੱਸੇ ਵਜੋਂ ਜਮੁਨਾ ਵਿੱਚ ਪੰਜਾਬ ਦਾ 60:40 ਦੇ ਅਨੁਪਾਤ ਨਾਲ ਹੱਕ ਬਣਦਾ ਸੀ। ਪੰਜਾਬ ਨਾਲ ਪਾਣੀਆਂ ਦੀ ਵੰਡ ਮੌਕੇ ਭੂਗੋਲਿਕ, ਆਰਥਿਕ, ਕਾਨੂੰਨੀ ਅਤੇ ਕੁਦਰਤੀ ਨਿਯਮਾਂ ਨੂੰ ਪੂਰੀ ਤਰ੍ਹਾਂ ਛਿੱਕੇ ਟੰਗਿਆ ਗਿਆ।

ਅੱਜ ਸਥਿਤੀ ਇਹ ਹੈ ਕਿ ਖੇਤੀਬਾੜੀ ਦੇ ਵਿਸਥਾਰ ਅਤੇ ਬਹੁ-ਫ਼ਸਲੀ ਚੱਕਰ ਕਾਰਨ ਪਾਣੀ ਦੀ ਖ਼ਪਤ ਕਈ ਗੁਣਾ ਵੱਧ ਚੁੱਕੀ ਹੈ। ਨਹਿਰੀ ਪਾਣੀ ਦੀ ਘਾਟ ਕਾਰਨ ਕਿਸਾਨ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਹੋ ਗਏ ਹਨ। ਮਾਹਿਰਾਂ ਦੀਆਂ ਰਿਪੋਰਟਾਂ ਅਨੁਸਾਰ ਆਉਂਦੇ ਕੁਝ ਸਾਲਾਂ ਵਿੱਚ ਪੰਜਾਬ ਹੇਠਲਾ ਧਰਤੀ ਦਾ ਪਾਣੀ ਖ਼ਤਮ ਹੋਣ ਕੰਢੇ ਪੁੱਜ ਜਾਵੇਗਾ, ਜਿਸ ਬਾਰੇ ਸੰਸਦ ਵਿੱਚ ਵੀ ਚਿੰਤਾ ਪ੍ਰਗਟਾਈ ਜਾ ਚੁੱਕੀ ਹੈ। ਜੇਕਰ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਸੂਬੇ ਦਾ ਸੰਪੂਰਨ ਹੱਕ ਬਹਾਲ ਨਾ ਹੋਇਆ, ਤਾਂ ਇੱਥੋਂ ਦੀ ਉਪਜਾਊ ਧਰਤੀ ਬੰਜਰ ਹੋ ਜਾਵੇਗੀ।

ਇਹ ਸਮੁੱਚੇ ਸਮਾਜ ਅਤੇ ਸਰਕਾਰਾਂ ਦੀ ਸਾਂਝੀ ਜ਼ਿੰਮੇਵਾਰੀ ਹੈ ਕਿ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਘਟਾਈ ਜਾਵੇ, ਨਹਿਰੀ ਪ੍ਰਣਾਲੀ ਦਾ ਵਿਸਥਾਰ ਕਰਕੇ ਖੇਤੀਬਾੜੀ ਨੂੰ ਨਹਿਰੀ ਪਾਣੀ ਦਿੱਤਾ ਜਾਵੇ ਅਤੇ ਜਲ ਸਰੋਤਾਂ ਵਿੱਚ ਉਦਯੋਗਿਕ ਕੈਮੀਕਲ ਰਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸਿੰਧ ਜਲ ਸੰਧੀ ਅਤੇ ਪਾਣੀਆਂ ਦੀ ਅਸਲ ਸਥਿਤੀ

ਜਿੱਥੋਂ ਤੱਕ ਸਿੰਧ ਜਲ ਸੰਧੀ ਦਾ ਸਵਾਲ ਹੈ, ਇਹ ਸੰਧੀ 1960 ਵਿੱਚ ਵਿਸ਼ਵ ਬੈਂਕ ਦੀ ਸਾਲਸੀ ਨਾਲ ਭਾਰਤ ਤੇ ਪਾਕਿਸਤਾਨ ਵਿਚਕਾਰ ਹੋਈ ਸੀ। ਇਹ ਸੰਧੀ ਬੇਸਿਨ ਸਿਧਾਂਤ ਅਨੁਸਾਰ ਨਹੀਂ, ਸਗੋਂ ਟੈਰੀਟੋਰੀਅਲ (ਪ੍ਰਾਂਤਿਕ) ਵੰਡ ਸੀ। ਇਸ ਲਈ ਜਿਹੜੇ ਮਾਹਿਰ ਜਾਂ ਹੋਰ ਲੋਕ ਇਸ ਨੂੰ ਬੇਸਿਨ ਦੇ ਆਧਾਰ 'ਤੇ ਹੋਈ ਦੱਸਦੇ ਹਨ, ਉਨ੍ਹਾਂ ਦਾ ਮੰਨਣਾ ਹੈ ਕਿ ਰਾਜਸਥਾਨ ਨੂੰ ਸਿੰਧ ਬੇਸਿਨ ਦੇ ਆਧਾਰ 'ਤੇ ਪਾਣੀ ਮਿਲਿਆ ਹੈ, ਜੋ ਕੋਰਾ ਝੂਠ ਹੈ।

ਇਹ ਸੰਧੀ ਪਾਣੀ ਦੀ ਵੰਡ ਦਾ ਕੋਈ ਅਸੂਲ ਤੈਅ ਨਹੀਂ ਕਰਦੀ। ਇਸ ਸੰਧੀ ਦਾ ਆਧਾਰ ਬੇਸਿਨ ਸਿਧਾਂਤ ਨਹੀਂ, ਸਗੋਂ ਵਿਸ਼ਵ ਬੈਂਕ ਦੇ ਦਸਤਾਵੇਜ਼ਾਂ ਅਨੁਸਾਰ ਟੈਰੀਟੋਰੀਅਲ (ਪ੍ਰਾਂਤਿਕ) ਵੰਡ ਸੀ, ਜੋ ਅਸਲ ਵਿੱਚ ਆਜ਼ਾਦੀ ਤੋਂ ਬਾਅਦ ਪੂਰਬੀ ਤੇ ਪੱਛਮੀ ਪੰਜਾਬ ਵਿਚਾਲੇ ਪਾਣੀ ਵੰਡਣ ਸਬੰਧੀ ਸੀ। ਸਿੰਧ ਸਮੇਤ ਛੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਕੀਤੀ ਗਈ ਸੀ। ਤਿੰਨ ਪੱਛਮੀ ਦਰਿਆ—ਸਿੰਧ, ਜਿਹਲਮ ਤੇ ਚਨਾਬ ਪਾਕਿਸਤਾਨ ਦੇ ਹਿੱਸੇ ਆਏ। ਤਿੰਨ ਪੂਰਬੀ ਦਰਿਆ—ਰਾਵੀ, ਬਿਆਸ ਤੇ ਸਤਲੁਜ ਭਾਰਤ ਦੇ ਹਿੱਸੇ ਆਏ। ਪੂਰਬੀ ਦਰਿਆਵਾਂ ਦੇ ਮੁਕਾਬਲੇ ਪੱਛਮੀ ਦਰਿਆਵਾਂ ਵਿੱਚ ਪਾਣੀ ਦੀ ਮਾਤਰਾ ਕਿਤੇ ਵੱਧ ਸੀ। ਪੱਛਮੀ ਦਰਿਆਵਾਂ ਵਿੱਚ ਲਗਭਗ ਕੁੱਲ ਪਾਣੀ ਦਾ 80 ਫ਼ੀਸਦੀ ਹਿੱਸਾ ਵਹਿੰਦਾ ਹੈ। ਰਾਵੀ ਦਾ ਸਾਰਾ ਪਾਣੀ ਲੈਣ ਲਈ ਭਾਰਤ ਸਰਕਾਰ ਨੇ ਇੱਕ ਮਨਸ਼ਾ ਤਹਿਤ ਰਾਜਸਥਾਨ ਦੇ ਕੁਝ ਇਲਾਕੇ ਨੂੰ ਸਤਲੁਜ ਦੇ ਬੇਸਿਨ ਦੇ ਤੌਰ 'ਤੇ ਦਿਖਾਇਆ ਹੈ, ਜੋ ਕਿ ਨਹੀਂ ਹੈ; ਨਾ ਹੀ ਘੱਗਰ ਦਰਿਆ, ਜੋ ਬਰਸਾਤੀ ਨਾਲੇ ਤੋਂ ਵੱਧ ਕੁਝ ਨਹੀਂ ਹੈ, ਉਹ ਸਤਲੁਜ ਬੇਸਿਨ ਦਾ ਹਿੱਸਾ ਰਿਹਾ ਹੈ।

ਸੋ ਜਦੋਂ ਅਸੀਂ ਆਪਣੇ ਦੇਸ਼ ਅੰਦਰ ਰਿਪੇਰੀਅਨ ਸਿਧਾਂਤ ਅਨੁਸਾਰ ਦੇਖਦੇ ਹਾਂ ਤਾਂ ਰਾਜਸਥਾਨ ਇੱਕ ਗ਼ੈਰ-ਰਿਪੇਰੀਅਨ ਰਾਜ ਹੈ। ਪੰਜਾਬ ਵਿੱਚ ਹੀ ਇਹ ਤਿੰਨ ਦਰਿਆ ਵਗਦੇ ਹਨ, ਇਸ ਲਈ ਇਨ੍ਹਾਂ ਦਰਿਆਵਾਂ 'ਤੇ ਪੰਜਾਬ ਦੀ ਮਾਲਕੀ ਹੋਣੀ ਚਾਹੀਦੀ ਹੈ। ਜੇ ਪੰਜਾਬ ਕੋਲ ਵਰਤੋਂ ਤੋਂ ਜ਼ਿਆਦਾ ਪਾਣੀ ਹੈ ਤਾਂ ਪੰਜਾਬ ਨੂੰ ਰਾਇਲਟੀ ਦੇ ਕੇ ਰਾਜਸਥਾਨ ਪਾਣੀ ਲੈ ਸਕਦਾ ਹੈ। ਜਿੱਥੋਂ ਤੱਕ ਰਾਵੀ ਦੇ ਵਾਧੂ ਪਾਣੀ ਦੇ ਪਾਕਿਸਤਾਨ ਜਾਣ ਦੀ ਗੱਲ ਹੈ, ਇਹ ਸਾਂਭ-ਸੰਭਾਲ ਤੇ ਸੁਚੱਜੀ ਵਰਤੋਂ ਦਾ ਸਵਾਲ ਹੈ। ਇਸ ਨੂੰ ਵਾਧੂ ਪਾਣੀ ਨਹੀਂ ਕਿਹਾ ਜਾ ਸਕਦਾ। ਪੰਜਾਬ ਪੁਨਰਗਠਨ ਐਕਟ ਬਣਾਉਣ ਸਮੇਂ ਧਾਰਾ 78, 79 ਤੇ 80 ਭਾਰਤੀ ਸੰਵਿਧਾਨ ਦੀ ਧਾਰਾ 162 ਦਾ ਉਲੰਘਣ ਕਰਕੇ ਸੰਸਦ ਵਿੱਚ ਪਾਸ ਕੀਤੀਆਂ ਗਈਆਂ, ਜਿਸ ਨਾਲ ਦੇਸ਼ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕੀਤਾ ਗਿਆ ਅਤੇ ਪੰਜਾਬ ਨੂੰ ਅੱਜ ਤੱਕ ਇਸ ਦਾ ਹਰ ਪੱਧਰ 'ਤੇ ਵੱਡਾ ਨੁਕਸਾਨ ਹੋਇਆ ਹੈ। ਇਸ ਕਾਰਨ ਕੇਂਦਰ ਸਰਕਾਰ ਇਨ੍ਹਾਂ ਧਾਰਾਵਾਂ ਨੂੰ ਤੁਰੰਤ ਖ਼ਤਮ ਕਰੇ ਅਤੇ ਪੰਜਾਬ ਨੂੰ ਪਾਣੀਆਂ ਦਾ ਸਾਰਾ ਕੰਟਰੋਲ ਸੌਂਪੇ ਤਾਂ ਜੋ ਸਾਰੇ ਰਾਜਾਂ ਨੂੰ ਕਾਨੂੰਨ ਅਨੁਸਾਰ ਬਣਦਾ ਹੱਕ ਮਿਲ ਸਕੇ। ਭਾਈਚਾਰਾ ਕਾਇਮ ਰੱਖਣ ਲਈ ਹਰ ਇੱਕ ਧਿਰ ਨੂੰ ਆਪਣੇ ਹੱਕ ਲਈ ਖੜ੍ਹਨਾ ਪਵੇਗਾ।

ਸਿਆਸੀ ਬੇਰੁਖ਼ੀ ਅਤੇ ਕਿਸਾਨ ਮੋਰਚਾ

ਜਿੱਥੋਂ ਤੱਕ ਦੇਸ਼ ਵਿੱਚ ਰਾਜਾਂ ਦੇ ਪੁਨਰਗਠਨ ਦਾ ਸਵਾਲ ਹੈ ਤਾਂ ਆਜ਼ਾਦੀ ਮਗਰੋਂ ਤੁਰੰਤ ਕਈ ਰਾਜਾਂ ਦਾ ਪੁਨਰਗਠਨ ਹੋਇਆ, ਜਦਕਿ ਉਸ ਸਮੇਂ ਪੰਜਾਬ ਦਾ ਪੁਨਰਗਠਨ ਨਹੀਂ ਕੀਤਾ ਗਿਆ ਸੀ। 1966 ਵਿੱਚ ਪੰਜਾਬ ਪੁਨਰਗਠਨ ਤੋਂ ਬਾਅਦ ਵੀ ਕਈ ਰਾਜਾਂ (ਮੱਧ ਪ੍ਰਦੇਸ਼-ਛੱਤੀਸਗੜ੍ਹ, ਬਿਹਾਰ-ਝਾਰਖੰਡ, ਯੂ.ਪੀ.-ਉਤਰਾਖੰਡ, ਆਂਧਰਾ-ਤੇਲੰਗਾਨਾ ਆਦਿ) ਦੇ ਪੁਨਰਗਠਨ ਵਿੱਚ ਇੱਕ ਵੀ ਅਜਿਹੀ ਧਾਰਾ ਨਹੀਂ ਜੋੜੀ ਗਈ ਜੋ ਅਧਿਕਾਰ ਕੇਂਦਰ ਨੂੰ ਦਿੰਦੀ ਹੋਵੇ, ਪਰ ਪੰਜਾਬ ਨਾਲ ਹੀ ਬੇਇਨਸਾਫ਼ੀ ਕਿਉਂ?

ਪੁਨਰਗਠਨ ਦੌਰਾਨ ਹਰ ਰਾਜ ਦੀ ਰਾਜਧਾਨੀ ਤੇ ਪਾਣੀਆਂ ਦੇ ਮਸਲੇ ਨੂੰ ਉਸ ਸਮੇਂ ਹੀ ਹੱਲ ਕੀਤਾ ਗਿਆ ਅਤੇ ਹਰ ਰਾਜ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਪਾਣੀ ਦੀ ਵੰਡ ਕੀਤੀ ਗਈ, ਪਰ ਪੰਜਾਬ ਲਈ ਵੱਖਰੇ ਕਾਨੂੰਨ ਤੇ ਦੋਹਰੇ ਮਾਪਦੰਡ ਕਿਉਂ? ਪਿਛਲੇ ਸਮੇਂ ਵਿੱਚ ਆਜ਼ਾਦੀ ਤੋਂ ਅੱਜ ਤੱਕ ਕੇਂਦਰੀ ਹਾਕਮਾਂ ਨੇ ਤਾਂ ਸਾਡੇ ਨਾਲ ਮਤਰੇਈ ਮਾਂ ਵਾਲਾ ਸਲੂਕ ਪੈਰ-ਪੈਰ 'ਤੇ ਕੀਤਾ ਹੀ ਹੈ, ਪਰ ਪੰਜਾਬ ਦੇ ਹਰ ਰੰਗ ਦੇ ਹਾਕਮਾਂ ਨੇ ਵੀ ਪੰਜਾਬ ਨੂੰ ਉਜਾੜਨ ਵਿੱਚ ਕੋਈ ਕਸਰ ਨਹੀਂ ਛੱਡੀ, ਸਿਰਫ਼ ਆਪਣੀ ਕੁਰਸੀ ਬਚਾਉਣ ਵੱਲ ਹੀ ਧਿਆਨ ਦਿੱਤਾ ਗਿਆ।

ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ 1 ਸਤੰਬਰ ਤੋਂ 7 ਸਤੰਬਰ ਤੱਕ ਪਾਣੀਆਂ ਦੀਆਂ ਮੰਗਾਂ, ਧਾਰਾ 78, 79, 80 ਨੂੰ ਰੱਦ ਕਰਾਉਣ ਲਈ, ਆਜ਼ਾਦੀ ਤੋਂ ਬਾਅਦ ਪੰਜਾਬ ਦੇ ਪਾਣੀਆਂ ਸਬੰਧੀ ਹੋਏ ਸਮਝੌਤੇ ਰੱਦ ਕਰਾਉਣ ਅਤੇ ਅਤੇ ਹੋਰ ਬਹੁਤ ਸਾਰੀਆਂ ਮੰਗਾਂ ਲਈ ਮੋਰਚਾ ਲਾਇਆ ਸੀ, ਜਿਸ ਵਿੱਚ ਸਰਕਾਰ ਨੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦ ਕੇ ਇਨ੍ਹਾਂ ਸਾਰੇ ਕਾਨੂੰਨਾਂ ਤੇ ਸਮਝੌਤਿਆਂ ਨੂੰ ਰੱਦ ਕਰਨ ਦਾ ਮਤਾ ਪਾਉਣ ਅਤੇ ਇਨ੍ਹਾਂ ਬਾਰੇ ਕੇਂਦਰ ਨੂੰ ਸਖ਼ਤੀ ਨਾਲ ਆਪਣਾ ਪੱਖ ਰੱਖਣ ਲਈ ਚਿੱਠੀ ਲਿਖਣਾ ਮੰਨਿਆ ਹੈ। ਪੰਜਾਬ ਦੇ ਖੇਤੀਬਾੜੀ ਮੰਤਰੀ ਨੇ ਇਸ ਦਾ ਐਲਾਨ ਸੰਯੁਕਤ ਕਿਸਾਨ ਮੋਰਚੇ ਦੇ ਮੰਚ 'ਤੇ ਆ ਕੇ ਖ਼ੁਦ ਕੀਤਾ ਹੈ।

ਹੁਣ ਦੇਖਦੇ ਹਾਂ ਕਿ ਸਰਕਾਰ ਆਪਣਾ ਵਾਅਦਾ ਕਿੰਨਾ ਜਲਦੀ ਪੂਰਾ ਕਰਦੀ ਹੈ।

ਵਿਰੋਧੀ ਸਿਆਸੀ ਪਾਰਟੀਆਂ ਨੇ ਵੀ ਅੱਜ ਤੱਕ ਧਾਰਾ 78, 79, 80 ਤੇ ਪਾਣੀ ਬਾਰੇ ਹੋਏ ਸਾਰੇ ਪਿਛਲੇ ਸਮਝੌਤਿਆਂ 'ਤੇ ਆਪਣਾ ਦ੍ਰਿਸ਼ਟੀਕੋਣ ਸਪੱਸ਼ਟ ਨਹੀਂ ਕੀਤਾ। ਇਸ ਤੋਂ ਸਪੱਸ਼ਟ ਹੈ ਕਿ ਅੱਜ ਵੀ ਸਾਰੇ ਸਿਆਸੀ ਲੋਕਾਂ ਨੂੰ ਪੰਜਾਬ ਦੇ ਹਿੱਤਾਂ ਦੀ ਬਜਾਏ ਆਪਣੀ ਕੁਰਸੀ ਤੇ ਆਪਣੇ ਹਿੱਤ ਵਧੇਰੇ ਪਿਆਰੇ ਹਨ। ਇਸ ਲਈ ਕੁੱਲ ਹਿੰਦ ਕਿਸਾਨ ਸਭਾ ਪੰਜਾਬ, ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਵਿੱਚ ਇਸ ਵੱਡੇ ਕਾਰਜ ਨੂੰ ਪੂਰੀ ਤਨਦੇਹੀ ਨਾਲ ਲੜੇਗੀ ਅਤੇ ਲੋਕਾਂ ਦੀ ਕਚਹਿਰੀ ਵਿੱਚ ਲੈ ਕੇ ਜਾਵੇਗੀ ਤਾਂ ਕਿ ਦੱਸਿਆ ਜਾਵੇ ਕਿ ਪਾਣੀਆਂ ਦਾ ਮੁੱਦਾ ਸਿਆਸੀ ਮੁੱਦਾ ਨਹੀਂ, ਸਗੋਂ ਇਸ ਤੋਂ ਵਧ ਕੇ ਆਰਥਿਕ ਮੁੱਦਾ ਹੈ, ਜਿਸ ਨਾਲ ਪੰਜਾਬ ਦੀ ਆਰਥਿਕਤਾ, ਖ਼ੁਸ਼ਹਾਲੀ ਅਤੇ ਪੰਜਾਬ ਦੀ ਹੋਂਦ ਜੁੜੀ ਹੋਈ ਹੈ। ਸਮਾਜ ਦੇ ਸਾਰੇ ਵਰਗਾਂ ਨੂੰ ਇੱਕੱਠੇ ਹੋ ਕੇ ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ ਲੜਾਈ ਲੜ ??ਹੀ ਪਵੇਗੀ।

ਆਮ ਲੋਕਾਂ ਦੇ ਹਿੱਤ ਵਿੱਚ ਨਹੀਂ ਮਨੁੱਖੀ ਸੇਵਾਵਾਂ ਦਾ ਵਪਾਰੀਕਰਨ

ਐਡਵੋਕੇਟ ਰਾਜੇਸ਼ਵਰ ਚੌਧਰੀ

ਅਜੋਕੇ ਦੌਰ ਵਿੱਚ ਜਿੱਥੇ ਵਿਗਿਆਨ ਨੇ ਬੇਅੰਤ ਤਰੱਕੀ ਕਰ ਲਈ ਹੈ, ਉੱਥੇ ਹੀ ਮਨੁੱਖੀ ਜੀਵਨ ਨਾਲ ਜੁੜਿਆ ਸਭ ਤੋਂ ਅਹਿਮ ਪਹਿਲੂ ਸਿਹਤ ਅੱਜ ਵੱਡੀ ਚੁਣੌਤੀ ਬਣ ਕੇ ਉੱਭਰਿਆ ਹੈ। ਹਰ ਵਿਅਕਤੀ ਆਪਣੀ ਤੇ ਪਰਿਵਾਰ ਦੀ ਸਿਹਤ ਨੂੰ ਲੈ ਕੇ ਡਾਢੀ ਚਿੰਤਾ ਵਿੱਚ ਹੈ ਪਰ ਦੁੱਖ ਦੀ ਗੱਲ ਇਹ ਹੈ ਕਿ ਜਿਨ੍ਹਾਂ ਹਸਪਤਾਲਾਂ ਨੂੰ ਰੱਬ ਦਾ ਘਰ ਤੇ ਡਾਕਟਰਾਂ ਨੂੰ ਧਰਤੀ ਦੇ ਰੱਬ ਵਜੋਂ ਮਾਨਤਾ ਦਿੱਤੀ ਜਾਂਦੀ ਸੀ, ਅੱਜ ਉਨ੍ਹਾਂ 'ਚੋਂ ਬਹੁਤੇ ਮਹਿਜ਼ ਮੁਨਾਫ਼ਾ ਕਮਾਉਣ ਵਾਲੀਆਂ ਵਪਾਰਕ ਸੰਸਥਾਵਾਂ ਬਣ ਕੇ ਰਹਿ ਗਏ ਹਨ। ਮੈਡੀਕਲ ਖੇਤਰ ਵਿੱਚ ਫੈਲੀ ਅਰਾਜਕਤਾ ਨੂੰ ਨੱਥ ਪਾਉਣ ਲਈ ਸਰਕਾਰਾਂ ਵੱਲੋਂ ਗੰਭੀਰ ਉਪਰਾਲਿਆਂ ਦੀ ਸਖ਼ਤ ਲੋੜ ਹੈ।

ਹਾਲ ਹੀ ਵਿੱਚ ਲੁਧਿਆਣਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਵਾਪਰੀ ਘਟਨਾ, ਜਿੱਥੇ ਇੱਕ ਮ੍ਰਿਤਕ ਦੇਹ ਨੂੰ ਹਾਸਿਲ ਕਰਨ ਲਈ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਦਖ਼ਲ ਦੇਣਾ ਪਿਆ। ਸਾਡੇ ਸੂਬੇ ਦੇ ਸਿਹਤ ਢਾਂਚੇ ਅਤੇ ਨੈਤਿਕਤਾ 'ਤੇ ਇੱਕ ਬਹੁਤ ਵੱਡਾ ਸਵਾਲੀਆ ਚਿੰਨ੍ਹ ਲਗਾਉਂਦੀ ਹੈ। ਇਹ ਪੰਜਾਬ ਵਰਗੇ ਸੰਵੇਦਨਸ਼ੀਲ ਸੂਬੇ ਲਈ ਬੇਹੱਦ ਸ਼ਰਮਨਾਕ ਵਰਤਾਰਾ ਹੈ। ਜਦੋਂ ਕੋਈ ਸੰਸਥਾ ਮ੍ਰਿਤਕ ਦੇਹ ਨੂੰ ਸਿਰਫ਼ ਇਸ ਲਈ ਰੋਕ ਲੈਂਦੀ ਹੈ ਕਿ ਬਿੱਲ ਦਾ ਭੁਗਤਾਨ ਨਹੀਂ ਹੋਇਆ ਤਾਂ ਇਹ ਸਿੱਧੇ ਤੌਰ 'ਤੇ ਮਨੁੱਖੀ ਅਧਿਕਾਰਾਂ ਤੇ ਮਨੁੱਖੀ ਮਰਿਆਦਾ ਦਾ ਅਪਮਾਨ ਹੈ। ਇਹ ਘਟਨਾ ਚੀਕ-ਚੀਕ ਕੇ ਕਹਿ ਰਹੀ ਹੈ ਕਿ ਸਿਹਤ ਖੇਤਰ ਵਿੱਚ ਸਭ ਕੁਝ ਠੀਕ ਨਹੀਂ ਹੈ। ਅੱਜ ਵੱਡੇ-ਵੱਡੇ ਕਾਰਪੋਰੇਟ ਹਸਪਤਾਲਾਂ ਦੇ ਸ਼ੀਸ਼ੇਦਾਰ ਮਹਿਲ ਆਮ ਆਦਮੀ ਨੂੰ ਤ੍ਰੇਲੀਆਂ ਲਿਆ ਦਿੰਦੇ ਹਨ। ਲੱਖਾਂ ਰੁਪਏ ਦੇ ਖਰਚੇ, ਮਹਿੰਗੀਆਂ ਦਵਾਈਆਂ ਤੇ ਗ਼ੈਰ-ਜ਼ਰੂਰੀ ਟੈਸਟਾਂ ਨੇ ਮੱਧ ਵਰਗੀ ਤੇ ਗਰੀਬ ਪਰਿਵਾਰਾਂ ਦਾ ਲੱਕ ਤੋੜ ਦਿੱਤਾ ਹੈ। ਕਈ ਵਾਰ ਅਜਿਹੇ ਟੈਸਟ ਲਿਖੇ ਜਾਂਦੇ ਹਨ, ਜਿਨ੍ਹਾਂ ਦੀ ਮਰੀਜ਼ ਨੂੰ ਲੋੜ ਹੀ ਨਹੀਂ ਹੁੰਦੀ, ਸਿਰਫ਼ ਕਮਿਸ਼ਨਖੋਰੀ ਦੇ ਚੱਕਰ 'ਚ ਮਰੀਜ਼ ਦੀ ਜੇਬ 'ਤੇ ਡਾਕਾ ਮਾਰਿਆ ਜਾਂਦਾ ਹੈ। ਇਕੋ ਸਾਲਟ ਵਾਲੀ ਦਵਾਈ ਵੱਖ-ਵੱਖ ਬ੍ਰਾਂਡਾਂ ਹੇਠ ਅਸਮਾਨੀ ਕੀਮਤਾਂ 'ਤੇ ਵੇਚੀ ਜਾਂਦੀ ਹੈ। ਫਾਰਮਾਸਿਊਟੀਕਲ ਕੰਪਨੀਆਂ ਅਤੇ ਹਸਪਤਾਲਾਂ ਦਾ ਗੱਠਜੋੜ ਆਮ ਜਨਤਾ ਨੂੰ ਦੋਵਾਂ ਹੱਥਾਂ ਨਾਲ ਲੁੱਟ ਰਿਹਾ ਹੈ। ਸਿਹਤ ਕੋਈ ਵਿਕਾਊ ਵਸਤੂ ਜਾਂ ਵਪਾਰ ਨਹੀਂ, ਇਹ ਜੀਵਨ ਦਾ ਮੁਢਲਾ ਅਧਿਕਾਰ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਦਵਾਈਆਂ, ਇਲਾਜ ਤੇ ਲੈਬ ਟੈਸਟਾਂ ਦੀਆਂ ਕੀਮਤਾਂ 'ਤੇ ਸਖ਼ਤ ਨਜ਼ਰ ਰੱਖੇ। ਪ੍ਰਾਈਵੇਟ ਹਸਪਤਾਲਾਂ 'ਚ ਵੱਖ-ਵੱਖ ਬਿਮਾਰੀਆਂ ਦੇ ਇਲਾਜ ਅਤੇ ਅਪਰੇਸ਼ਨਾਂ ਦੀਆਂ ਕੀਮਤਾਂ ਤੈਅ ਹੋਣੀਆਂ ਚਾਹੀਦੀਆਂ ਹਨ, ਤਾਂ ਜੋ ਕੋਈ ਵੀ ਹਸਪਤਾਲ ਮਨਮਰਜ਼ੀ ਦੇ ਪੈਸੇ ਨਾ ਵਸੂਲ ਸਕੇ। ਸਰਕਾਰ ਸਿੱਧੇ ਤੌਰ 'ਤੇ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਦੇ ਮੁਨਾਫ਼ੇ ਦੀ ਸੀਮਾ ਤੈਅ ਕਰੇ, ਤਾਂ ਜੋ ਜੀਵਨ ਰੱਖਿਅਕ ਦਵਾਈਆਂ ਹਰ ਆਮ ਵਿਅਕਤੀ ਦੀ ਪਹੁੰਚ ਵਿੱਚ ਹੋਣ। ਲੁੱਟ ਦਾ ਇਹ ਸਿਲਸਿਲਾ ਸਿਰਫ਼ ਇਲਾਜ ਤੱਕ ਸੀਮਤ ਨਹੀਂ ਹੈ, ਹਸਪਤਾਲਾਂ 'ਚ ਪਾਰਕਿੰਗ ਦੇ ਨਾਂਅ 'ਤੇ ਵੀ ਲੁੱਟ ਕੀਤੀ ਜਾਂਦੀ ਹੈ। ਘੰਟਿਆਂ ਦੇ ਹਿਸਾਬ ਨਾਲ ਵਸੂਲੀਆਂ ਜਾਂਦੀਆਂ ਪਾਰਕਿੰਗ ਦੀਆਂ ਕੀਮਤਾਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਮਰੀਜ਼ ਦੇ ਵਾਰਸਾਂ ਉੱਤੇ ਹੋਰ ਬੋਝ ਪਾਉਂਦੀਆਂ ਹਨ। ਇਨ੍ਹਾਂ ਛੋਟੇ ਲੱਗਣ ਵਾਲੇ ਪਰ ਅਹਿਮ ਮੁੱਦਿਆਂ 'ਤੇ ਵੀ ਸਰਕਾਰੀ ਨਿਯਮਾਂ ਦੀ ਸਖ਼ਤ ਪਾਲਣਾ ਹੋਣੀ ਚਾਹੀਦੀ ਹੈ।

ਸਰਕਾਰ ਨੂੰ ਸਿਰਫ਼ ਨਿੱਜੀ ਖੇਤਰ 'ਤੇ ਹੀ ਨਕੇਲ ਨਹੀਂ ਪਾਉਣੀ ਚਾਹੀਦੀ, ਸਗੋਂ ਆਪਣੇ ਸਰਕਾਰੀ ਸਿਹਤ ਢਾਂਚੇ ਨੂੰ ਇੰਨਾ ਮਜ਼ਬੂਤ ਕਰਨਾ ਚਾਹੀਦਾ ਹੈ ਕਿ ਲੋਕਾਂ ਨੂੰ ਨਿੱਜੀ ਹਸਪਤਾਲਾਂ ਵੱਲ ਮੂੰਹ ਹੀ ਨਾ ਕਰਨਾ ਪਵੇ। ਸਰਕਾਰ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਰਕਾਰੀ ਹਸਪਤਾਲਾਂ 'ਚ ਅਤਿ-ਆਧੁਨਿਕ ਮਸ਼ੀਨਰੀ ਤੇ ਮਾਹਿਰ ਡਾਕਟਰਾਂ ਦੀ ਉਪਲਬਧਤਾ ਹੋਵੇ। ਜੈਨਰਿਕ ਦਵਾਈਆਂ ਦੀ ਉਪਲਬਧਤਾ ਵਧਾਈ ਜਾਵੇ ਤੇ ਡਾਕਟਰਾਂ ਲਈ ਇਹ ਲਾਜ਼ਮੀ ਕੀਤਾ ਜਾਵੇ ਕਿ ਉਹ ਸਿਰਫ਼ ਸਾਲਟ ਦਾ ਨਾਂਅ ਲਿਖਣ। ਜੇ ਕੋਈ ਹਸਪਤਾਲ ਮਰੀਜ਼ ਜਾਂ ਮ੍ਰਿਤਕ ਦੇਹ ਨਾਲ ਗ਼ੈਰ-ਮਨੁੱਖੀ ਵਿਵਹਾਰ ਕਰਦਾ ਹੈ ਤਾਂ ਉਸ ਦਾ ਲਾਇਸੈਂਸ ਤੁਰੰਤ ਰੱਦ ਕਰਨ ਵਰਗੇ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ।

ਅੰਤ ਵਿੱਚ ਇਹ ਕਹਿਣਾ ਵਾਜਿਬ ਹੋਵੇਗਾ ਕਿ ਸਿਹਤ ਸੇਵਾਵਾਂ ਵਿੱਚ ਨੈਤਿਕਤਾ ਦੀ ਵਾਪਸੀ ਬੇਹੱਦ ਜ਼ਰੂਰੀ ਹੈ। ਜੇ ਅੱਜ ਅਸੀਂ ਇਸ ਗੰਭੀਰ ਮੁੱਦੇ 'ਤੇ ਆਵਾਜ਼ ਨਾ ਉਠਾਈ ਤੇ ਸਰਕਾਰਾਂ ਨੇ ਸਖ਼ਤ ਕਾਨੂੰਨ ਨਾ ਬਣਾਏ ਤਾਂ ਆਉਣ ਵਾਲੇ ਸਮੇਂ 'ਚ ਇਲਾਜ ਕਰਵਾਉਣਾ ਆਮ ਆਦਮੀ ਦੇ ਵਸ ਤੋਂ ਬਾਹਰ ਹੋ ਜਾਵੇਗਾ। ਮਨੁੱਖੀ ਜਾਨ ਦੀ ਕੀਮਤ ਨੂੰ ਪੈਸਿਆਂ ਨਾਲ ਨਹੀਂ ਤੋਲਿਆ ਜਾ ਸਕਦਾ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਪਾਰਕ ਹਿੱਤਾਂ ਤੋਂ ਉੱਪਰ ਉੱਠ ਕੇ ਲੋਕ ਹਿੱਤਾਂ ਦੀ ਰਾਖੀ ਕਰੇ ਅਤੇ ਸਿਹਤ ਖੇਤਰ ਨੂੰ ਇੱਕ ਸਾਫ਼-ਸੁਥਰਾ ਤੇ ਸੇਵਾ-ਭਾਵਨਾ ਵਾਲਾ ਖੇਤਰ ਬਣਾਉਣ ਲਈ ਠੋਸ ਨੀਤੀਆਂ ਉਲੀਕੀਆਂ ਜਾਣ।







ਪਰਵਾਜ਼-ਏ-ਹਵਾ

ਜਗਮੋਹਨ ਸਿੰਘ 'ਲੱਕੀ'
9463819174

ਮੱਘਰ ਨਾ ਜਾਈਂ ਚੰਨਾ





ਅੰਮ੍ਰਿਤ ਵੇਲੇ ਰੁਮਕਦੀ ਠੰਡੀ ਸ਼ੀਤਲ ਹਵਾ, ਚੜ੍ਹਦੇ ਸੂਰਜ ਦੀ ਚੁਫੇਰੇ ਫੈਲੀ ਲਾਲੀ, ਵਾਤਾਵਰਣ ਵਿੱਚ ਗੂੰਜਦਾ ਦੇਸੀ ਅਤੇ ਪਰਵਾਸੀ ਪੰਛੀਆਂ ਦੀਆਂ ਮਨਮੋਹਨੀਆਂ ਆਵਾਜ਼ਾਂ ਵਾਲਾ ਸੰਗੀਤ, ਨਰਮ ਘਾਹ ਅਤੇ ਫੁੱਲ ਪੌਦਿਆਂ 'ਤੇ ਪਈਆਂ ਤਰੇਲ ਦੀਆਂ ਬੂੰਦਾਂ, ਹਰ ਪਾਸੇ ਹੁੰਦੇ ਵਿਆਹਾਂ ਦੀ ਗੂੰਜਦੀ ਸ਼ਹਿਨਾਈ, ਵੱਜਦੇ ਢੋਲ ਨਗਾੜੇ ਅਤੇ ਪੈਂਦੇ ਗਿੱਧੇ ਭੰਗੜੇ ਦੀ ਧਮਕ, ਵਿਆਹ ਸਮਾਗਮਾਂ ਵਿੱਚ ਲਾੜੀਆਂ ਦੀਆਂ ਭੈਣਾਂ ਅਤੇ ਸਹੇਲੀਆਂ ਦਾ ਗੂੰਜਦਾ ਹਾਸਾ, ਠਾਰੀ ਸਵੇਰ 'ਚ ਗਰਮ ਚਾਹ ਪੀਣ ਨੂੰ ਕਰਦਾ ਜੀਅ ਮੱਘਰ ਮਹੀਨੇ ਦੀ ਆਮਦ ਦਾ ਸੂਚਕ ਹਨ।

ਮੱਘਰ ਮਹੀਨੇ ਵਿੱਚ ਮਿਸਰ ਰੁੱਤ ਹੁੰਦੀ ਹੈ, ਜੋ ਕਿ ਪੋਹ ਮਹੀਨੇ ਵੀ ਜਾਰੀ ਰਹਿੰਦੀ ਹੈ। ਮੱਘਰ ਮਹੀਨਾ ਗ੍ਰੇਗਰੀ ਅਤੇ ਜੂਲੀਅਨ ਕੈਲੰਡਰਾਂ ਵਿੱਚ ਅੱਧਾ ਨਵੰਬਰ ਮਹੀਨੇ ਅਤੇ ਅੱਧਾ ਦਸੰਬਰ ਮਹੀਨੇ ਆਉਂਦਾ ਹੈ। ਇਹ ਨਵੰਬਰ ਦੇ ਅੱਧ ਵਿੱਚ ਸ਼ੁਰੂ ਹੋ ਕੇ ਦਸੰਬਰ ਮਹੀਨੇ ਦੇ ਅੱਧ ਤੱਕ ਰਹਿੰਦਾ ਹੈ। ਮੱਘਰ ਮਹੀਨੇ ਵਿੱਚ ਪੋਹ ਮਾਘ ਵਰਗੀ ਸਖ਼ਤ ਸਰਦੀ ਪੈਣ ਤੋਂ ਪਹਿਲਾਂ ਜੋ ਦਰਮਿਆਨੀ ਠੰਡ ਪੈਂਦੀ ਹੈ, ਉਸ ਨੂੰ ਗੁਲਾਬੀ ਠੰਡ ਕਹਿੰਦੇ ਹਨ।

ਮੱਘਰ ਮਹੀਨੇ ਬਾਰੇ ਬੁੱਲੇ ਸ਼ਾਹ ਨੇ ਲਿਖਿਆ ਹੈ

ਮਘਰਿ ਮੈਂ ਪਾਰਿ ਮਿਤ੍ਰ ਨਾ ਜਾਂਦਾ
ਰਾਖਸ਼ ਨੇਹੁ ਹੱਡਾਂ ਨੂੰ ਖਾਂਦਾ

ਇਸੇ ਤਰਾਂ ਫਜ਼ਲ ਸ਼ਾਹ ਨੇ ਮੱਘਰ ਮਹੀਨੇ ਬਾਰੇ ਲਿਖਿਆ ਹੈ

ਚੜੇ ਮਘਰ ਹੋਈ ਨਿਰਾਸ਼
ਟੁੱਟ ਗਈ ਆਸ
ਪੋਤਾ ਮਾਸ, ਸਮੇਂ ਦੇ ਤੀਰ ਨੇ।

ਮੱਘਰ ਮਹੀਨੇ ਦਾ ਵਰਣਨ ਆਪਣੀਆਂ ਰਚਨਾਵਾਂ ਵਿਚ ਕਰਦੇ ਹੋਏ ਗੁਲਾਮ ਹੁਸੈਨ ਨੇ ਲਿਖਿਆ ਹੈ

ਮੱਘਰ ਚੜੇ ਜੋ ਸਰਦੀ ਹੋਈ
ਬੰਦੀ ਬ੍ਰਿਹੋ ਨੇ ਬੰਨ ਪਰੋਈ

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਸੂਫ਼ੀ ਕਵੀਆਂ, ਫਕੀਰਾਂ ਨੇ ਆਪਣੀਆਂ ਰਚਨਾਵਾਂ ਵਿਚ ਮੱਘਰ ਮਹੀਨੇ ਦਾ ਵਰਨਣ ਖੂਬਸੂਰਤ ਤਰੀਕੇ ਨਾਲ ਕੀਤਾ ਹੈ।

ਮੱਘਰ ਮਹੀਨੇ ਬਾਰੇ ਸਿਆਣੇ ਲੋਕ ਕਹਿੰਦੇ ਹਨ ਕਿ ਇਸ ਮਹੀਨੇ ਵਿਆਹ ਕਰਵਾਉਣ ਵਾਲੇ ਜੋੜੇ ਲੰਮੀਂ ਉਮਰ ਭੋਗਦੇ ਹਨ ਅਤੇ ਚੰਗੀ ਸੰਤਾਨ ਦੀ ਪ੍ਰਾਪਤੀ ਵੀ ਜਲਦੀ ਹੁੰਦੀ ਹੈ। ਪਰਵਾਸੀ ਪੰਜਾਬੀ ਵੀ ਇਸ ਮਹੀਨੇ ਪੰਜਾਬ ਆ ਕੇ ਆਪਣੇ ਜਾਂ ਆਪਣੇ ਧੀਆਂ ਪੁੱਤਾਂ ਦੇ ਵਿਆਹ ਧੂਮ ਧਾਮ ਨਾਲ ਕਰਦੇ ਹਨ। ਪੰਜਾਬ ਦੇ ਲੋਕ ਗੀਤਾਂ ਵਿੱਚ ਜਿਕਰ ਆਉਂਦਾ ਹੈ ਕਿ ਮੱਘਰ ਮਹੀਨੇ ਹੀ ਧੀ ਆਪਣੇ ਬਾਬਲ ਨੂੰ ਆਪਣਾ ਵਿਆਹ ਮੱਘਰ ਮਹੀਨੇ ਹੀ ਕਰਨ ਲਈ ਕਹਿੰਦੀ ਹੈ, ਗੀਤ ਦੇ ਬੋਲ ਹਨ–

ਮੈਂ ਤੈਨੂੰ ਬਾਬਲ ਆਖਦੀ,
ਮੇਰਾ ਮੱਘਰ ਕਰੀਂ ਵਿਆਹ ਵੇ,
ਤੇਰਾ ਭੱਤ ਨਾ ਬੁੱਸੇ
ਤੇਰਾ ਗੋਤ ਨਾ ਰੁੱਸੇ
ਤੇਰਾ ਦਹੀਂ ਨਾ ਫਿੱਟਿਆ ਜਾਉ ਵੇ।

ਜਿਨ੍ਹਾਂ ਮੁਟਿਆਰਾਂ ਦੇ ਕੰਤ ਪਰਦੇਸੀ ਹੁੰਦੇ ਹਨ ਉਹ ਮੁਟਿਆਰਾਂ ਆਪਣੇ ਕੰਤ ਨੂੰ ਮੱਘਰ ਮਹੀਨੇ ਪਰਦੇਸ ਨਾ ਜਾਣ ਲਈ ਅਰਜੋਈ ਕਰਦੀਆਂ ਹਨ

ਮੱਘਰ ਨਾ ਜਾਈਂ ਚੰਨਾ, ਲੇਫ ਰੰਗਾਵਣੇ
ਪੋਹ ਨਾ ਜਾਈਂ ਚੰਨਾ ਰਾਤਾਂ ਵੇ ਕਾਲੀਆਂ।

ਮੱਘਰ ਮਹੀਨੇ ਗਰਮ ਸ਼ਾਲ ਲਈ ਬੈਠੀਆਂ ਔਰਤਾਂ ਅਕਸਰ ਹੀ ਸਵੈਟਰ, ਕੋਟੀਆਂ, ਦਸਤਾਨੇ, ਮਫ਼ਲਰ ਬੁਣਦੀਆਂ ਨਜ਼ਰ ਆ ਜਾਂਦੀਆਂ ਹਨ।



ਪੰਜਾਬ ਦੀ ਨਵੀਂ ਪੀੜ੍ਹੀ ਨੂੰ ਅੰਗ੍ਰੇਜ਼ੀ ਮਹੀਨਿਆਂ ਬਾਰੇ ਤਾਂ ਪੂਰੀ ਜਾਣਕਾਰੀ ਹੁੰਦੀ ਹੈ ਪਰ ਪੰਜਾਬ ਦੇ ਦੇਸੀ ਮਹੀਨਿਆਂ ਬਾਰੇ ਉਹਨਾਂ ਨੂੰ ਗਿਆਨ ਘੱਟ ਹੁੰਦਾ ਹੈ। ਇਸੇ ਕਾਰਨ ਇਸ ਕਾਲਮ ਰਾਹੀਂ ਪੰਜਾਬ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਪੰਜਾਬ ਦੀ ਅਨਮੋਲ ਵਿਰਾਸਤ ਦੇਸੀ ਮਹੀਨਿਆਂ ਬਾਰੇ ਜਾਣਕਾਰੀ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਇਹਨਾਂ ਦੇਸੀ ਮਹੀਨਿਆਂ ਅਨੁਸਾਰ ਹੀ ਪੰਜਾਬ ਦੀਆਂ ਰੁੱਤਾਂ ਦੀ ਆਮਦ ਅਤੇ ਰਵਾਨਗੀ ਹੁੰਦੀ ਹੈ ਅਤੇ ਰੁੱਤਾਂ ਤੇ ਦੇਸੀ ਮਹੀਨਿਆਂ ਬਾਰੇ ਆਪਸੀ ਤਾਲਮੇਲ ਵੇਖਣਯੋਗ ਹੁੰਦਾ ਹੈ।

ਅੱਜ ਭਾਵੇਂ ਰੈਡੀਮੇਡ ਗਰਮ ਕਪੜਿਆਂ ਦਾ ਹੀ ਜ਼ਮਾਨਾ ਹੈ ਪਰ ਫਿਰ ਵੀ ਮੇਰੇ ਵਰਗੇ ਲੋਕ ਘਰ ਦੀ ਬੁਣੀ ਕੋਟੀ ਪਾਉਣ ਵਿੱਚ ਮਾਣ ਮਹਿਸੂਸ ਕਰਦੇ ਹਨ।

ਇਹ ਇੱਕ ਹਕੀਕਤ ਹੈ ਕਿ ਇਸ ਮਹੀਨੇ ਹੁੰਦੇ ਵਿਆਹਾਂ ਵਿੱਚ ਔਰਤਾਂ ਦੇ ਗਰਮ ਕੱਪੜੇ ਘੱਟ ਹੀ ਪਾਏ ਦਿਖਾਈ ਦਿੰਦੇ ਹਨ। ਵੱਡੀ ਗਿਣਤੀ ਔਰਤਾਂ ਵਿਆਹਾਂ ਮੌਕੇ ਲਹਿੰਗਾ, ਚੋਲੀ ਜਾਂ ਇਸ ਤਰਾਂ ਦੇ ਹੀ ਹੋਰ ਕੱਪੜੇ ਪਾਉਂਦੀਆਂ ਹਨ। ਮੱਘਰ ਮਹੀਨੇ ਵਿੱਚ ਵਿਆਹਾਂ ਵਿੱਚ ਪਰੋਸੇ ਜਾਣ ਵਾਲੇ ਪਦਾਰਥ ਵੀ ਬਦਲ ਜਾਂਦੇ ਹਨ। ਭਾਵੇਂ ਕੋਲਡ ਡਰਿੰਕ ਅਤੇ ਆਈਸਕ੍ਰੀਮ ਪੂਰੀ ਸਰਦੀ ਵਿੱਚ ਵੀ ਅੱਜ ਕੱਲ੍ਹ ਖਾਧੀ ਜਾਂਦੀ ਹੈ ਪਰ ਵਿਆਹਾਂ ਵਿੱਚ ਗਾਜਰ ਦਾ ਹਲਵਾ, ਖੋਏ ਦੇ ਬਣੇ ਪਕਵਾਨ ਅਤੇ ਹੋਰ ਗਰਮ ਚੀਜ਼ਾਂ ਵਧੇਰੇ ਪਰੋਸੀਆਂ ਜਾਂਦੀਆਂ ਹਨ। ਇਸੇ ਤਰਾਂ ਮੱਘਰ ਮਹੀਨੇ ਵਿੱਚ ਬਾਜ਼ਾਰਾਂ ਵਿੱਚ ਵਿਕਣ ਵਾਲੀਆਂ ਚੀਜ਼ਾਂ ਵਿੱਚ ਵੀ ਬਦਲਾਓ ਆ ਜਾਂਦਾ ਹੈ। ਜੇਠ ਹਾੜ ਵਿੱਚ ਲੱਗੀਆਂ ਥਾਂ ਥਾਂ ਨਿੰਬੂ ਪਾਣੀ, ਲੈਮਨ, ਜਲ ਜੀਰਾ ਤੇ ਕੁਲਫ਼ੀਆਂ ਦੀਆਂ ਰੇਹੜੀਆਂ ਦੀ ਥਾਂ ਉੱਬਲੇ ਅੰਡੇ, ਪੀਜਾ, ਟਿੱਕੀਆਂ ਦੀਆਂ ਵਧੇਰੇ ਰੇਹੜੀਆਂ ਲੱਗ ਜਾਂਦੀਆਂ ਹਨ। ਹੋਟਲਾਂ ਤੇ ਰੈਸਟੋਰੈਂਟਾਂ ਵਿੱਚ ਵੀ ਠੰਡੀ ਖੀਰ ਦੀ ਥਾਂ ਗਰਮ ਖੀਰ ਪਰੋਸਣੀ ਸ਼ੁਰੂ ਹੋ ਜਾਂਦੀ ਹੈ। ਬਰਗਰ ਤੇ ਹਾਟ ਡਾਗ ਵਾਲੀਆਂ ਦੁਕਾਨਾਂ ਉਪਰ ਨੌਜਵਾਨ ਮੁੰਡੇ ਕੁੜੀਆਂ ਦੇ ਝੁੰਡ ਦਿਖਾਈ ਦਿੰਦੇ ਹਨ ਜੋ ਕਿ ਇਹਨਾਂ ਚੀਜ਼ਾਂ ਨੂੰ ਖਾਣ ਦੇ ਨਾਲ ਹੀ ਗਰਮ ਕੌਫੀ ਦੇ ਘੁੱਟ ਵੀ ਭਰਦੇ ਹੋਏ ਆਪਣੀਆਂ ਗੱਲਾਂ ਵਿੱਚ ਹੀ ਮਸਤ ਹੁੰਦੇ ਹਨ, ਦੁਨੀਆਂ ਦੀ ਉਹਨਾਂ ਨੂੰ ਕੋਈ ਪਰਵਾਹ ਨਹੀਂ ਹੁੰਦੀ।

ਪੁਰਾਣੇ ਸਮੇਂ ਵਾਂਗ ਪੰਜਾਬ ਦੇ ਕਈ ਇਲਾਕਿਆਂ ਵਿੱਚ ਅੱਜ ਵੀ ਮੁਟਿਆਰਾਂ ਮੱਘਰ ਮਹੀਨੇ ਵਿੱਚ ਰਾਤ ਸਮੇਂ ਚਰਖਾ ਡਾਹ ਲੈਂਦੀਆਂ ਹਨ। ਇਸ ਮਹੀਨੇ ਕਪਾਹ ਤਾਜ਼ੀ ਤਾਜ਼ੀ ਆਈ ਹੁੰਦੀ ਹੈ ਅਤੇ ਤਾਜ਼ੀ ਕਪਾਹ ਨੂੰ ਚਰਖੇ ਉੱਪਰ ਰਾਤ ਸਮੇਂ ਮਿੱਠੀ ਮਿੱਠੀ ਠੰਡ ਵਿੱਚ ਕੱਤਣ ਦਾ ਆਪਣਾ ਵੱਖਰਾ ਹੀ ਆਨੰਦ ਹੈ। ਕਈ ਮੁਟਿਆਰਾਂ ਆਪਣੇ ਪੇਕੇ ਜਾ ਕੇ ਚਰਖਾ ਕੱਤਦੀਆਂ ਹਨ। ਕਈ ਮੁਟਿਆਰਾਂ ਚਰਖਾ ਕੱਤਦੀਆਂ ਹੋਈਆਂ ਆਪਣੀ ਸੁਰੀਲੀ ਆਵਾਜ਼ ਵਿੱਚ ਲੰਮੀਂ ਹੇਕ ਵੀ ਲਾ ਦਿੰਦੀਆਂ ਹਨ। ਟਿਕੀ ਚੰਨ ਚਾਨਣੀ ਰਾਤ ਵਿੱਚ ਚਰਖਾ ਕੱਤਦੀ ਕਿਸੇ ਮੁਟਿਆਰ ਵੱਲੋਂ ਗਾਇਆ ਜਾਂਦਾ ਸੁਰੀਲਾ ਗੀਤ ਸੁਣਕੇ ਕਈ ਗੱਭਰੂ ਗੁਲਾਬੀ ਰੰਗੇ ਸੁਪਨੇ ਵੇਖਣ ਲੱਗ ਜਾਂਦੇ ਹਨ।







TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE



FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਆਸਟ੍ਰੇਲੀਆ ਦੀ ਆਰਥਿਕ ਅਤੇ ਸਮਾਜਿਕ ਤਸਵੀਰ ਵਿੱਚ ਆਏ ਵੱਡੇ ਬਦਲਾਅ

ਬਿੰਦਰ ਸਿੰਘ ਖੁੱਡੀ ਕਲਾਂ

ਪੰਜਾਬੀ ਭਾਈਚਾਰੇ ਲਈ ਕੈਨੇਡਾ ਵਾਂਗ ਹੀ ਆਸਟ੍ਰੇਲੀਆ ਵੀ ਹਮੇਸ਼ਾ ਤੋਂ ਹੀ ਉੱਚ ਸਿੱਖਿਆ, ਵਧੀਆ ਜੀਵਨ-ਸ਼ੈਲੀ ਅਤੇ ਸੁਨਹਿਰੀ ਭਵਿੱਖ ਦੀਆਂ ਆਸਾਂ ਦਾ ਇੱਕ ਵੱਡਾ ਕੇਂਦਰ ਰਿਹਾ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਲੱਖਾਂ ਪੰਜਾਬੀ ਨੌਜਵਾਨ ਸਟੂਡੈਂਟ ਵੀਜ਼ਾ, ਸਕਿਲਡ ਵਰਕਰ ਵੀਜ਼ਾ ਅਤੇ ਪੱਕੀ ਰਿਹਾਇਸ਼ ਦੀ ਆਸ ਵਿੱਚ ਆਸਟਰੇਲੀਆ ਦੇ ਵੱਖ-ਵੱਖ ਸ਼ਹਿਰਾਂ ਜਿਵੇਂ ਕਿ ਮੈਲਬਰਨ, ਸਿਡਨੀ, ਬ੍ਰਿਸਬੇਨ ਅਤੇ ਪਰਥ ਆਦਿ ਵੱਲ ਗਏ ਹਨ।

ਆਸਟ੍ਰੇਲੀਆ ਦਾ ਸਾਫ਼-ਸੁਥਰਾ ਵਾਤਾਵਰਣ, ਉੱਚ ਦਰਜੇ ਦਾ ਸਿੱਖਿਆ ਢਾਂਚਾ, ਮਜ਼ਬੂਤ ਅਰਥਚਾਰਾ ਅਤੇ ਮਿਹਨਤ ਦੀ ਪੂਰੀ ਕਦਰ ਕਰਨ ਵਾਲਾ ਕਲਚਰ ਨੌਜਵਾਨਾਂ ਨੂੰ ਆਪਣੇ ਵੱਲ ਖਿੱਚਦਾ ਰਿਹਾ ਹਾਲਾਂਕਿ ਅੱਜ ਦੇ ਮੌਜੂਦਾ ਦੌਰ ਵਿੱਚ ਆਸਟ੍ਰੇਲੀਆ ਦੀ ਆਰਥਿਕ ਅਤੇ ਸਮਾਜਿਕ ਤਸਵੀਰ ਵਿੱਚ ਕਾਫ਼ੀ ਵੱਡੇ ਬਦਲਾਅ ਆ ਚੁੱਕੇ ਹਨ। ਅੰਤਰਰਾਸ਼ਟਰੀ ਪੱਧਰ 'ਤੇ ਵਧੀ ਮਹਿੰਗਾਈ, ਹਾਊਸਿੰਗ ਸੰਕਟ ਅਤੇ ਇਮੀਗ੍ਰੇਸ਼ਨ ਨੀਤੀਆਂ ਵਿੱਚ ਆਈਆਂ ਤਬਦੀਲੀਆਂ ਕਾਰਨ ਪੰਜਾਬੀ ਨੌਜਵਾਨਾਂ ਲਈ ਰੁਜ਼ਗਾਰ, ਰਿਹਾਇਸ਼, ਗਰੌਸਰੀ ਦੇ ਖ਼ਰਚੇ ਅਤੇ ਅੰਤ ਵਿੱਚ ਆਪਣਾ ਘਰ ਖ਼ਰੀਦਣ ਦਾ ਸੁਪਨਾ ਪੂਰਾ ਕਰਨਾ ਹੁਣ ? ਆਸਾਨ ਨਹੀਂ ਰਿਹਾ। ਆਸਟ੍ਰੇਲੀਆ ਦਾ ਮੌਜੂਦਾ ਮਾਹੌਲ ਪੰਜਾਬੀ ਨੌਜਵਾਨਾਂ ਲਈ ਕਿੰਨਾ ਕੁ ਸਾਜ਼ਗਾਰ ਜਾਂ ਅਨੁਕੂਲ ਹੈ, ਇਸ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕਰਨਾ ਅੱਜ ਬਹੁਤ ਜ਼ਰੂਰੀ ਹੋ ਗਿਆ ਹੈ।

ਰੁਜ਼ਗਾਰ ਅਤੇ ਕੰਮ ਦੇ ਮੌਕਿਆਂ ਦੀ ਦ੍ਰਿਸ਼ਟੀ ਤੋਂ ਆਸਟ੍ਰੇਲੀਆ ਵਿੱਚ ਪੰਜਾਬੀ ਨੌਜਵਾਨਾਂ ਲਈ ਸਥਿਤੀ ਦੋਹਰੀ ਬਣ ਚੁੱਕੀ ਹੈ। ਇੱਕ ਪਾਸੇ ਜਿੱਥੇ ਆਸਟ੍ਰੇਲੀਆ ਵਿੱਚ ਘੱਟੋ-ਘੱਟ ਮਜ਼ਦੂਰੀ ਦਰ ਦੁਨੀਆ ਦੇ ਹੋਰਨਾਂ ਦੇਸ਼ਾਂ ਦੇ ਮੁਕਾਬਲੇ ਕਾਫ਼ੀ ਵਧੀਆ ਹੈ, ਉੱਥੇ ਹੀ ਨਵੀਂ ਆਬਾਦੀ ਦੇ ਭਾਰੀ ਵਾਧੇ ਕਾਰਨ ਆਮ ਜਾਂ ਗੈਰ-ਹੁਨਰਮੰਦ ਕੰਮਾਂ ਦੀ ਪ੍ਰਾਪਤੀ ਵਿੱਚ ਬਹੁਤ ਵੱਡਾ ਮੁਕਾਬਲਾ ਪੈਦਾ ਹੋ ਚੁੱਕਾ ਹੈ। ਪਿਛਲੇ ਸਮੇਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਰੈਸਟੋਰੈਂਟਾਂ, ਗੈਸ ਸਟੇਸ਼ਨਾਂ, ਰੀਟੇਲ ਸਟੋਰਾਂ, ਸਕਿਊਰਿਟੀ, ਡਿਲੀਵਰੀ ਅਤੇ ਵੇਅਰਹਾਊਸਾਂ ਵਿੱਚ ਕੰਮ ਆਸਾਨੀ ਨਾਲ ਮਿਲ ਜਾਂਦਾ ਸੀ, ਪਰ ਹੁਣ ਵੱਡੀ ਗਿਣਤੀ ਵਿੱਚ ਪਹੁੰਚ ਚੁੱਕੇ ਵਿਦਿਆਰਥੀਆਂ ਅਤੇ ਵਰਕ ਪਰਮਿਟ ਧਾਰਕਾਂ ਕਾਰਨ ਪਾਰਟ-ਟਾਈਮ ਕੰਮ ਲੱਭਣਾ ਵੀ ਇੱਕ ਵੱਡੀ ਚੁਣੌਤੀ ਬਣ ਗਿਆ ਹੈ। ਬਹੁਤ ਸਾਰੇ ਨਵੇਂ ਆਏ ਨੌਜਵਾਨਾਂ ਨੂੰ ਕੰਮ ਦੀ ਭਾਲ ਵਿੱਚ ਕਈ-ਕਈ ਮਹੀਨੇ ਸੰਘਰਸ਼ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਆਸਟ੍ਰੇਲੀਅਨ ਸਰਕਾਰ ਵੱਲੋਂ ਸਟੂਡੈਂਟ ਵੀਜ਼ਾ ਦੇ ਕੰਮ ਕਰਨ ਦੇ ਘੰਟਿਆਂ 'ਤੇ ਲਗਾਈਆਂ ਗਈਆਂ ਸੀਮਾਵਾਂ ਕਾਰਨ ਵੀ ਵਿਦਿਆਰਥੀਆਂ ਦੀ ਕਮਾਈ ਦਾ ਦਾਇਰਾ ਸੀਮਤ ਹੋ ਜਾਂਦਾ ਹੈ।



ਹਾਲਾਂਕਿ ਜਿਹੜੇ ਨੌਜਵਾਨ ਤਕਨੀਕੀ ਜਾਂ ਪੇਸ਼ੇਵਰ ਹੁਨਰ ਰੱਖਦੇ ਹਨ ਜਿਵੇਂ ਕਿ ਆਈ.ਟੀ. ਮਾਹਿਰ, ਨਰਸਾਂ, ਏਜਡ ਕੇਅਰ ਵਰਕਰ, ਚਾਈਲਡ ਕੇਅਰ ਵਰਕਰ, ਇੰਜਨੀਅਰ, ਅਕਾਊਂਟੈਂਟ ਅਤੇ ਟਰੇਡ ਵਰਕਰ (ਜਿਵੇਂ ਪਲੰਬਰ, ਵਿਲਡਰ, ਇਲੈਕਟ੍ਰੀਸ਼ਨ) ਆਦਿ ਲਈ ਆਸਟ੍ਰੇਲੀਆ ਵਿੱਚ ਅੱਜ ਵੀ ਰੁਜ਼ਗਾਰ ਦੇ ਬਹੁਤ ਸਾਜ਼ਗਾਰ ਮੌਕੇ ਮੌਜੂਦ ਹਨ। ਅਜਿਹੇ ਪੇਸ਼ੇਵਰ ਨੌਜਵਾਨ ਨਾ ਕੇਵਲ ਵਧੀਆ ਕਮਾਈ ਕਰਦੇ ਹਨ, ਸਗੋਂ ਉਨ੍ਹਾਂ ਲਈ ਪੱਕੀ ਰਿਹਾਇਸ਼ ਪ੍ਰਾਪਤ ਕਰਨ ਦਾ ਰਸਤਾ ਵੀ ਕਾਫ਼ੀ ਹੱਦ ਤੱਕ ਆਸਾਨ ਹੋ ਜਾਂਦਾ ਹੈ, ਪਰ ਬਿਨਾਂ ਕਿਸੇ ਖ਼ਾਸ ਹੁਨਰ ਦੇ ਆਏ ਨੌਜਵਾਨਾਂ ਲਈ ਸ਼ੁਰੂਆਤੀ ਦਿਨਾਂ ਵਿੱਚ ਆਪਣਾ ਖ਼ਰਚਾ ਕੱਢਣਾ ਅਤੇ ਫੀਸਾਂ ਭਰਨਾ ਇੱਕ ਭਾਰੀ ਮਾਨਸਿਕ ਅਤੇ ਵਿੱਤੀ ਬੋਝ ਬਣ ਜਾਂਦਾ ਹੈ।

ਰਿਹਾਇਸ਼ ਦਾ ਮੁੱਦਾ ਅੱਜ ਦੇ ਸਮੇਂ ਵਿੱਚ ਆਸਟ੍ਰੇਲੀਆ ਵਿੱਚ ਪੰਜਾਬੀ ਨੌਜਵਾਨਾਂ ਲਈ ਸਭ ਤੋਂ ਵੱਡਾ ਅਤੇ ਵਿਰਾਟ ਸੰਕਟ ਬਣ ਕੇ ਉੱਭਰਿਆ ਹੈ। ਆਸਟ੍ਰੇਲੀਆ ਦੇ ਪ੍ਰਮੁੱਖ ਸ਼ਹਿਰਾਂ ਜਿਵੇਂ ਕਿ ਮੈਲਬਰਨ, ਸਿਡਨੀ, ਬ੍ਰਿਸਬੇਨ ਅਤੇ ਪਰਥ ਵਿੱਚ ਕਿਰਾਏ ਦੇ ਮਕਾਨਾਂ ਦੀ ਭਾਰੀ ਘਾਟ ਹੈ, ਜਿਸ ਕਾਰਨ ਕਿਰਾਏ ਦੀਆਂ ਦਰਾਂ ਅਸਮਾਨੀਂ ਛੂਹ ਰਹੀਆਂ ਹਨ। ਇੱਕ ਛੋਟਾ ਅਪਾਰਟਮੈਂਟ ਜਾਂ ਕਮਰਾ ਕਿਰਾਏ 'ਤੇ ਲੈਣਾ ਆਮ ਨੌਜਵਾਨ ਦੀ ਜੇਬ 'ਤੇ ਬਹੁਤ ਭਾਰੀ ਪੈਂਦਾ ਹੈ। ਇਸ ਹਾਊਸਿੰਗ ਸੰਕਟ ਦੇ ਚੱਲਦਿਆਂ ਨਵੇਂ ਆਏ ਸਟੂਡੈਂਟਸ ਅਤੇ ਨੌਜਵਾਨਾਂ ਨੂੰ ਆਪਣੇ ਰਹਿਣ ਦੇ ਖ਼ਰਚੇ ਘਟਾਉਣ ਲਈ ਇੱਕ-ਇੱਕ ਕਮਰੇ ਵਿੱਚ ਤਿੰਨ-ਤਿੰਨ ਜਾਂ ਚਾਰ-ਚਾਰ ਜਣਿਆਂ ਨਾਲ ਸ਼ੇਅਰਿੰਗ ਵਿੱਚ ਰਹਿਣਾ ਪੈਂਦਾ ਹੈ।

ਅਜਿਹੀ ਸਥਿਤੀ ਵਿੱਚ ਨੌਜਵਾਨਾਂ ਦੀ ਨਿੱਜਤਾ, ਸੁੱਖ-ਸਹੂਲਤ, ਮਾਨਸਿਕ ਸ਼ਾਂਤੀ ਅਤੇ ਪੜ੍ਹਾਈ ਦਾ ਮਾਹੌਲ ਬਹੁਤ ਪ੍ਰਭਾਵਿਤ ਹੁੰਦਾ ਹੈ। ਕਈ ਵਾਰ ਸ਼ਹਿਰ ਦੇ ਮੁੱਖ ਹਿੱਸਿਆਂ ਵਿੱਚ ਕਿਰਾਏ ਬਹੁਤ ਮਹਿੰਗੇ ਹੋਣ ਕਰਕੇ ਨੌਜਵਾਨਾਂ ਨੂੰ ਸ਼ਹਿਰ ਤੋਂ ਬਹੁਤ ਦੂਰ ਦੁਰਾਡੇ ਇਲਾਕਿਆਂ ਵਿੱਚ ਰਹਿਣਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਦਾ ਆਉਣ-ਜਾਣ ਦਾ ਸਮਾਂ ਅਤੇ ਟ੍ਰੈਫਿਕ ਜਾਂ ਪਬਲਿਕ ਟਰਾਂਸਪੋਰਟ ਦਾ ਖ਼ਰਚਾ ਵੀ ਕਾਫ਼ੀ ਵਧ ਜਾਂਦਾ ਹੈ। ਇਸ ਤਰ੍ਹਾਂ ਰਿਹਾਇਸ਼ ਦੇ ਪੱਖੋਂ ਆਸਟਰੇਲੀਆ ਦੀ ਮੌਜੂਦਾ ਸਥਿਤੀ ਨੌਜਵਾਨਾਂ ਲਈ ਬਹੁਤੀ ਸਾਜ਼ਗਾਰ ਨਹੀਂ ਕਹੀ ਜਾ ਸਕਦੀ, ਸਗੋਂ ਇਹ ਉਨ੍ਹਾਂ ਦੀ ਰੋਜ਼ਾਨਾ ਜੀਵਨ-ਸ਼ੈਲੀ ਦਾ ਸਭ ਤੋਂ ਚੁਣੌਤੀਪੂਰਨ ਪਹਿਲੂ ਬਣ ਚੁੱਕੀ ਹੈ।

ਗਰੌਸਰੀ ਅਤੇ ਰੋਜ਼ਾਨਾ ਖਾਣ-ਪੀਣ ਦੀਆਂ ਲੋੜਾਂ ਦੀ ਗੱਲ ਕਰੀਏ ਤਾਂ ਆਸਟ੍ਰੇਲੀਆ ਵਿੱਚ ਮਹਿੰਗਾਈ ਦਾ ਅਸਰ ਸਪੱਸ਼ਟ ਤੌਰ 'ਤੇ ਵੇਖਣ ਨੂੰ ਮਿਲ ਰਿਹਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਸੁਪਰ ਮਾਰਕੀਟਾਂ ਵਿੱਚ ਦੁੱਧ, ਸਬਜ਼ੀਆਂ, ਫਲ, ਆਟਾ, ਦਾਲਾਂ, ਮਾਸ ਅਤੇ ਹੋਰ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਪੰਜਾਬੀ ਨੌਜਵਾਨਾਂ ਲਈ ਆਪਣੀ ਦੇਸੀ ਖ਼ੁਰਾਕ ਬਣਾ ਕੇ ਖਾਣਾ ਅਤੇ ਮਹਿੰਗੀ ਗਰੌਸਰੀ ਦਾ ਪ੍ਰਬੰਧ ਕਰਨਾ ਇੱਕ ਵਿੱਤੀ ਅਨੁਸ਼ਾਸਨ ਮੰਗਦਾ ਹੈ। ਆਸਟਰੇਲੀਆ ਵਿੱਚ ਵੱਡੀਆਂ ਸੁਪਰ ਮਾਰਕੀਟ ਚੇਨਾਂ ਜਿਵੇਂ ਕਿ 'ਕੋਲਜ਼' ਅਤੇ 'ਵੂਲਵਰਥਸ' ਤੋਂ ਇਲਾਵਾ 'ਐਲਡੀ' ਵਰਗੇ ਬਜਟ ਸਟੋਰ ਵੀ ਮੌਜੂਦ ਹਨ, ਜਿੱਥੋਂ ਨੌਜਵਾਨ ਸਸਤੇ ਭਾਅ 'ਤੇ ਸਾਮਾਨ ਖ਼ਰੀਦ ਕੇ ਬਜਟ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਇਲਾਵਾ ਆਸਟ੍ਰੇਲੀਆ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਭਾਰਤੀ ਅਤੇ ਪੰਜਾਬੀ ਗਰੌਸਰੀ ਸਟੋਰਾਂ ਦੀ ਵੱਡੀ ਭਰਮਾਰ ਹੈ, ਜਿੱਥੋਂ ਪੰਜਾਬੀ ਖਾਣ-ਪੀਣ ਦਾ ਹਰ ਸਾਮਾਨ ਜਿਵੇਂ ਕਿ ਦੇਸੀ ਘਿਓ, ਦਾਲਾਂ, ਮਸਾਲੇ ਅਤੇ ਰਵਾਇਤੀ ਵਸਤੂਆਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਗਰੌਸਰੀ ਦੇ ਪੱਖੋਂ ਇੱਕ ਚੰਗੀ ਗੱਲ ਇਹ ਹੈ ਕਿ ਆਸਟ੍ਰੇਲੀਆ ਵਿੱਚ ਖਾਣ-ਪੀਣ ਦੀਆਂ ਵਸਤੂਆਂ ਦੀ ਗੁਣਵੱਤਾ, ਸਫ਼ਾਈ ਅਤੇ ਸ਼ੁੱਧਤਾ ਬਹੁਤ ਉੱਚੇ ਮਿਆਰ ਦੀ ਹੁੰਦੀ ਹੈ। ਹਾਲਾਂਕਿ ਵਧਦੀ ਮਹਿੰਗਾਈ ਦੇ ਕਾਰਨ ਮਹੀਨੇ ਦਾ ਰਸੋਈ ਬਜਟ ਪਹਿਲਾਂ ਨਾਲੋਂ ਕਾਫ਼ੀ ਵਧ ਗਿਆ ਹੈ। ਜਿਸ ਨਾਲ ਨੌਜਵਾਨਾਂ ਨੂੰ ਆਪਣੇ ਫਾਲਤੂ ਖ਼ਰਚਿਆਂ ਅਤੇ ਬਾਹਰ ਖਾਣ-ਪੀਣ 'ਤੇ ਕੰਟਰੋਲ ਕਰਨਾ ਪੈਂਦਾ ਹੈ। ਇਸ ਲਈ ਗਰੌਸਰੀ ਦੇ ਪੱਖੋਂ ਮਾਹੌਲ ਉੱਥੇ ਉਪਲੱਬਧਤਾ ਦੇ ਹਿਸਾਬ ਨਾਲ ਤਾਂ ਬਹੁਤ ਵਧੀਆ ਹੈ, ਪਰ ਖ਼ਰਚੇ ਦੇ ਲਿਹਾਜ਼ ਨਾਲ ਸਾਵਧਾਨੀ ਦੀ ਮੰਗ ਕਰਦਾ ਹੈ।

ਆਪਣਾ ਘਰ ਖ਼ਰੀਦਣਾ ਹਰ ਪੰਜਾਬੀ ਦਾ ਇੱਕ ਵੱਡਾ ਸੁਫ਼ਨਾ ਅਤੇ ਸਮਾਜਿਕ ਪ੍ਰਾਪਤੀ ਦਾ ਪ੍ਰਤੀਕ ਹੁੰਦਾ ਹੈ, ਪਰ ਆਸਟ੍ਰੇਲੀਆ ਵਿੱਚ ਇਹ ਸੁਪਨਾ ਸਾਕਾਰ ਕਰਨਾ ਹੁਣ ਅਤਿਅੰਤ ਕਠਿਨ ਹੋ ਗਿਆ ਹੈ। ਆਸਟ੍ਰੇਲੀਆਈ ਰੀਅਲ ਅਸਟੇਟ ਮਾਰਕੀਟ ਦੁਨੀਆ ਦੀਆਂ ਸਭ ਤੋਂ ਮਹਿੰਗੀਆਂ ਮਾਰਕੀਟਾਂ ਵਿੱਚੋਂ ਇੱਕ ਗਿਣੀ ਜਾਂਦੀ ਹੈ। ਮੈਲਬਰਨ ਅਤੇ ਸਿਡਨੀ ਵਰਗੇ ਸ਼ਹਿਰਾਂ ਵਿੱਚ ਘਰਾਂ ਦੀਆਂ ਕੀਮਤਾਂ ਬਹੁਤ ਜ਼ਿਆਦਾ ਹਨ। ਇਸ ਤੋਂ ਇਲਾਵਾ ਆਸਟ੍ਰੇਲੀਆ ਦੇ ਰਿਜ਼ਰਵ ਬੈਂਕ ਥੋਕ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਵਧਾਈਆਂ ਗਈਆਂ ਵਿਆਜ ਦਰਾਂ ਨੇ ਘਰ ਖ਼ਰੀਦਣ ਦੀ ਲਾਗਤ ਨੂੰ ਬਹੁਤ ਵਧਾ ਦਿੱਤਾ ਹੈ। ਘਰ ਖ਼ਰੀਦਣ ਲਈ ਨੌਜਵਾਨਾਂ ਨੂੰ ਘੱਟੋ-ਘੱਟ 10% ਤੋਂ 20% ਤੱਕ ਦੀ ਡਾਊਨ ਪੇਮੈਂਟ ਜਮ੍ਹਾਂ ਕਰਵਾਉਣੀ ਪੈਂਦੀ ਹੈ ਜੋ ਕਿ ਲੱਖਾਂ ਡਾਲਰ ਬਣਦੀ ਹੈ। ਅੱਜ ਦੇ ਸਮੇਂ ਵਿੱਚ ਨਵੇਂ ਪੱਕੇ ਹੋਏ ਨੌਜਵਾਨਾਂ ਲਈ ਇੰਨੀ ਵੱਡੀ ਰਕਮ ਇਕੱਠੀ ਕਰਨਾ ਆਪਣੇ ਆਪ ਵਿੱਚ ਇੱਕ ਵੱਡਾ ਪਹਾੜ ਤੋੜਨ ਸਮਾਨ ਹੈ। ਜੋ ਨੌਜਵਾਨ ਘਰ ਖ਼ਰੀਦਣ ਵਿੱਚ ਕਾਮਯਾਬ ਹੋ ਵੀ ਜਾਂਦੇ ਹਨ, ਉਨ੍ਹਾਂ ਨੂੰ ਹਰ ਮਹੀਨੇ ਭਾਰੀ ਮੋਰਟਗੇਜ਼ ਦੀਆਂ ਕਿਸ਼ਤਾਂ ਭਰਨੀਆਂ ਪੈਂਦੀਆਂ ਹਨ ਜਿਸ ਨਾਲ ਉਨ੍ਹਾਂ ਦੀ ਕਮਾਈ ਦਾ ਵੱਡਾ ਹਿੱਸਾ ਬੈਂਕਾਂ ਦੀਆਂ ਕਿਸ਼ਤਾਂ ਵਿੱਚ ਹੀ ਚਲਾ ਜਾਂਦਾ ਹੈ। ਪਹਿਲਾਂ ਦੇ ਸਮੇਂ ਵਿੱਚ ਪੰਜਾਬੀ ਨੌਜਵਾਨ ਪੀਆਰ ਮਿਲਣ ਦੇ ਕੁਝ ਹੀ ਸਾਲਾਂ ਬਾਅਦ ਆਪਣਾ ਘਰ ਖ਼ਰੀਦ ਲੈਂਦੇ ਸਨ, ਪਰ ਹੁਣ ਦੋਹਰੀ ਆਮਦਨ (ਪਤੀ ਅਤੇ ਪਤਨੀ ਦੋਵਾਂ ਦੇ ਕੰਮ ਕਰਨ) ਅਤੇ ਚੰਗੀਆਂ ਉੱਚੀਆਂ ਤਨਖਾਹਾਂ ਤੋਂ ਬਿਨਾਂ ਘਰ ਖ਼ਰੀਦਣਾ ਲਗਭਗ ਅਸੰਭਵ ਜਾਪਦਾ ਹੈ। ਇਸ ਲਈ ਘਰ ਖ਼ਰੀਦਣ ਦੇ ਪੱਖੋਂ ਮੌਜੂਦਾ ਸਮਾਂ ਪੰਜਾਬੀ ਨੌਜਵਾਨਾਂ ਲਈ ਬਿਲਕੁਲ ਵੀ ਸਾਜ਼ਗਾਰ ਨਹੀਂ ਹੈ।

(ਬਾਕੀ ਸਫ਼ਾ 27 'ਤੇ)

ਕੈਨੇਡਾ ਦੀ ਪੱਤਝੜ ਤੇ ਪੰਜਾਬ ਦੀ ਬਹਾਰ

ਪ੍ਰਿੰ: ਸਰਵਣ ਸਿੰਘ

ਕੈਨੇਡਾ ਦੀ ਪੱਤਝੜ ਦੇ ਨਜ਼ਾਰੇ ਬੇਹੱਦ ਹੁਸੀਨ ਹੁੰਦੇ ਨੇ। ਰੰਗਾਂ ਦੀ ਛਹਿਬਰ ਲੱਗ ਜਾਂਦੀ ਹੈ। ਕੁਦਰਤ ਦੀ ਰੰਗਲੀ ਲੀਲ੍ਹਾ! ਪੱਤਝੜ ਦੇ ਰੰਗ ਬਹਾਰ ਦੇ ਰੰਗਾਂ ਨੂੰ ਵੀ ਮਾਤ ਪਾ ਦਿੰਦੇ ਨੇ। ਰੰਗਾਂ ਦਾ ਜਲੌਅ ਵੀ ਚੜ੍ਹਦੇ ਤੋਂ ਚੜ੍ਹਦਾ, ਸ਼ੋਖ ਤੋਂ ਸ਼ੋਖ ਤੇ ਸੋਹਣੇ ਤੋਂ ਸੋਹਣਾ। ਮੈਂ ਅਕਤੂਬਰ ਦੀਆਂ ਸ਼ਾਮਾਂ ਨੂੰ ਛਿਪਦੇ ਸੂਰਜ ਦੀ ਲਾਲੀ 'ਚ ਪਾਰਕਾਂ ਤੇ ਰੱਖਾਂ ਦੀਆਂ ਪਹੀਆਂ 'ਤੇ ਸੈਰ ਕਰਦਿਆਂ ਰੁੱਖਾਂ/ਝਾੜੀਆਂ ਉੱਤੇ ਅਤੇ ਹੇਠਾਂ ਧਰਤੀ 'ਤੇ ਰਚੀ ਰੰਗਾਂ ਦੀ ਅਪਾਰ ਲੀਲ੍ਹਾ ਵੇਖਦਾ ਹਾਂ। ਪੱਤਿਆਂ, ਝਾੜੀਆਂ, ਫਲਾਂ-ਫੁੱਲਾਂ, ਘਾਹ-ਫੂਸ, ਰੁੱਖਾਂ-ਬੂਟਿਆਂ ਤੇ ਆਲੇ-ਦੁਆਲੇ ਰੰਗ ਵਟਾ ਰਹੀ ਬਨਸਪਤੀ ਦੇ ਅਨੇਕ ਰੰਗ ਹੁੰਦੇ ਨੇ। ਹੈਰਾਨੀ ਹੁੰਦੀ ਹੈ ਐਨੇ ਰੰਗ! ਖੜ੍ਹ-ਖੜ੍ਹ ਵੇਖੀਦਾ ਤੇ ਵੇਖ-ਵੇਖ ਤੁਰੀਦਾ ਹੈ। ਕੁਦਰਤ ਦੇ ਬਲਿਹਾਰੇ ਜਾਈਦਾ ਹੈ। ਖਿੜਨ ਵੇਲੇ ਤਾਂ ਰੰਗਾਂ ਨੇ ਟਹਿਕਣਾ ਹੀ ਹੋਇਆ, ਇਹ ਤਾਂ ਮੁਰਝਾਉਣ ਲੱਗੇ ਵੀ ਟਹਿਕਦੇ ਨੇ!

ਧਰਤੀ ਦੇ ਰੰਗ ਵੇਖਦਿਆਂ ਕਦੇ-ਕਦੇ ਨਿਗ੍ਹਾ ਅੰਬਰ ਵੱਲ ਵੀ ਉੱਠਦੀ ਹੈ। ਅੰਬਰ 'ਚ ਤੈਰਦੀਆਂ ਤਿੱਤਰ-ਖੰਭੀਆਂ ਬੱਦਲੀਆਂ ਕਦੇ ਬੱਗੀਆਂ, ਕਾਲੀਆਂ ਤੇ ਕਦੇ ਸਾਂਵਲੀਆਂ ਹੋ ਜਾਂਦੀਆਂ ਨੇ। ਕਦੇ ਸੂਰਜ ਦੀ ਲਿਸ਼ਕੋਰ 'ਚ ਸੰਤਰੀ ਭਾਹ ਮਾਰਦੀਆਂ ਨੇ। ਲੱਗਦੈ ਜਿਵੇਂ ਬੱਦਲੀਆਂ ਦੀਆਂ ਕੰਨੀਆਂ ਨੂੰ ਗੁਲਾਨਾਰੀ ਗੋਟਾ-ਕਿਨਾਰੀ ਲੱਗੀ ਹੋਵੇ। ਉੱਡਦੇ ਪੰਖੇਰੂਆਂ ਦੇ ਖੰਭ ਪਲ-ਪਲ ਰੰਗ ਵਟਾਉਂਦੇ ਲੱਗਦੇ ਨੇ। ਕਦੇ ਕਾਲੇ, ਚਿੱਟੇ, ਕੇਸਰੀ ਤੇ ਕਦੇ ਕਪਾਹੀ ਦਿਸਦੇ ਹਨ। ਕਦੇ ਉੱਘੜਵੇਂ, ਮੱਧਮ, ਨਿੱਖਰੇ ਤੇ ਕਦੇ ਘਸਮੈਲੇ। ਹੇਠਾਂ ਰੁੱਖਾਂ ਤੇ ਵੇਲਾਂ 'ਤੇ ਰੰਗ ਖੇਡਦੇ ਨੇ, ਉੱਤੇ ਬੱਦਲਾਂ ਅਤੇ ਪੰਛੀਆਂ ਦੇ ਖੰਭਾਂ 'ਤੇ ਰੰਗ ਕਲੋਲਾਂ ਕਰਦੇ ਨੇ।

ਮੈਨੂੰ ਪੰਜਾਬ ਦੇ ਧਰਤ-ਦ੍ਰਿਸ਼ ਵੀ ਚੇਤੇ ਆਉਣ ਲੱਗਦੇ ਨੇ। ਰੰਗ ਵਟਾਉਂਦੀ ਪ੍ਰਕਿਰਤੀ ਮੈਨੂੰ ਹਮੇਸ਼ਾ ਸਰਸ਼ਾਰ ਕਰਦੀ ਰਹੀ ਹੈ। ਪੰਜਾਬ ਦੀਆਂ ਪੈਲੀਆਂ ਦੇ ਰੰਗ ਵੀ ਕਮਾਲ ਦੇ ਨੇ। ਦੂਰ-ਦਿਸਹੱਦਿਆਂ ਤੱਕ ਝੋਨਿਆਂ ਦੀ ਹਰਿਆਵਲ ਦਾ ਲਹਿਲਹਾਉਣਾ, ਬੰਬੀਆਂ ਦੀਆਂ ਚਾਂਦੀ-ਰੰਗੀਆਂ ਧਾਰਾਂ ਦਾ ਵਹਿਣਾ, ਚਰ੍ਹੀਆਂ ਦੀ ਵਾਸ਼ਨਾ, ਬਾਜਰੇ ਦੇ ਗੁੰਦਵੇਂ ਸਿੱਟੇ, ਮੱਕੀਆਂ ਦੇ ਬੁੰਬਲਦਾਰ ਬਾਵੂ, ਹਰੇ ਭਰੇ ਲੂਸਣ, ਬਰਸੀਮ, ਗਿੱਲੀ ਮਿੱਟੀ ਦੀ ਮਹਿਕ, ਸੁਨਹਿਰੀ ਕਣਕਾਂ ਦਾ ਝੂਮਣਾ ਤੇ ਸੂਰਜਮੁਖੀ ਦੇ ਫੁੱਲਾਂ ਦਾ ਦਗ਼ਦੇ ਸੁਨਹਿਰੇ ਰੰਗਾਂ ਨਾਲ ਮੂੰਹ ਵਿਖਾਉਣਾ ਮੈਨੂੰ ਕਦੇ ਨਹੀਂ ਭੁੱਲਿਆ। ਸਰ੍ਹੋਂ ਦੇ ਪੀਲੇ ਫੁੱਲਾਂ ਦੀ ਬਹਾਰ ਦਾ ਆਪਣਾ ਰੰਗ ਹੈ ਤੇ ਤਿਲਾਂ ਦੇ ਚਿੱਟੇ ਅਤੇ ਅਲਸੀ ਦੇ ਅਲਸਾਏ ਫੁੱਲਾਂ ਦਾ ਆਪਣਾ। ਤਦੇ ਤਾਂ ਲੋਕ ਗੀਤ ਜੁੜਿਆ: ਨਣਦ ਚੱਲੀ ਮੁਕਲਾਵੇ ਅਲਸੀ ਦੇ ਫੁੱਲ ਵਰਗੀ।



ਮੈਨੂੰ ਉਹ ਦ੍ਰਿਸ਼ ਮੁੜ-ਮੁੜ ਦਿਖਾਈ ਦਿੰਦੇ ਨੇ ਜਦੋਂ ਟਿੱਬਿਆਂ ਉੱਤੋਂ ਦੀ ਛਿਪਦਾ ਸੰਧੂਰੀ ਸੂਰਜ ਕਿਸੇ ਰੁੱਖ ਦੇ ਦੁਸਾਂਗ ਉੱਤੇ ਠੋਡੀ ਰੱਖ ਕੇ ਝਾਤ ਕਰਦਾ ਤੇ ਸਵੇਰਸਾਰ ਸੁਨਹਿਰੀ ਕਿਰਨਾਂ ਦਾ ਛੱਟਾ ਦਿੰਦਾ ਫਿਰ ਹਾਜ਼ਰ ਹੋ ਜਾਂਦਾ। ਉਹਦੀਆਂ ਲਿਸ਼ਕਦੀਆਂ ਕਿਰਨਾਂ ਵਿੱਚ ਕਣਕਾਂ ਦੇ ਹਰੇ ਕਚੂਰ ਪੱਤਿਆਂ ਨਾਲ ਲਟਕਦੇ ਤ੍ਰੇਲ ਤੁਪਕੇ ਅਨੇਕਾਂ ਰੰਗਾਂ 'ਚ ਚਮਕਦੇ। ਕਦੇ ਉਹ ਹੀਰੇ ਮੋਤੀ ਬਣ ਜਾਂਦੇ ਤੇ ਉਨ੍ਹਾਂ 'ਚ ਪਈਆਂ ਸਤਰੰਗੀਆਂ ਪੀਂਘਾਂ ਦੇ ਹੁਲਾਰੇ ਨੱਚਦੇ ਦਿਸਦੇ। ਨ੍ਹਾਤੇ ਧੋਤੇ ਪੱਤਿਆਂ 'ਤੇ ਮੋਰ ਦੀ ਧੌਣ ਤੇ ਕਲਗੀ ਵਰਗੀ ਸਾਵੀ-ਸੁਨਹਿਰੀ ਭਾਹ ਲਿਸ਼ਕਦੀ। ਲਵੀਆਂ ਕਣਕਾਂ ਤੋਤੇਰੰਗੀ ਸ਼ਨੀਲ ਦੀ ਭਾਹ ਮਾਰਦੀਆਂ। ਸੂਰਜ ਦੀ ਲਿਸ਼ਕੋਰ ਵਿੱਚ ਇਹ ਭਾਹ ਮੇਰੇ ਨਾਲ-ਨਾਲ ਤੁਰੀ ਜਾਂਦੀ।

ਪੰਜਾਬ ਤੋਂ ਕੈਨੇਡਾ ਆ ਕੇ ਜਦੋਂ ਮੈਂ ਕੈਨੇਡਾ ਦੀ ਪੱਤਝੜ ਦੇ ਅਨੰਤ ਰੰਗ ਵੇਖਣ ਲੱਗਾ ਹਾਂ ਤਾਂ ਕੁਦਰਤ ਦੇ ਹੋਰ ਵੀ ਬਲਿਹਾਰੇ ਜਾਣ ਨੂੰ ਜੀਅ ਕਰਦਾ ਹੈ। ਬਾਬੇ ਦੀ ਬਾਣੀ ਵੀ ਕਹਿੰਦੀ ਹੈ: ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥ ਇੱਥੇ ਕਿਸੇ ਉੱਚੇ ਥਾਂ ਖੜ੍ਹ ਕੇ ਹੇਠਾਂ ਪਸਰੀਆਂ ਰੱਖਾਂ ਤੇ ਢਲਵਾਣਾਂ 'ਤੇ ਝਾਤ ਮਾਰਦਾ ਹਾਂ ਤਾਂ ਰੰਗਾਂ ਦੀ ਦਿਵਾਲੀ ਜਗਦੀ ਜਾਪਦੀ ਹੈ। ਅਨੇਕ ਰੰਗਾਂ ਦੀਆਂ ਫੁਲਝੜੀਆਂ ਚੱਲਦੀਆਂ ਮਲੂਮ ਹੁੰਦੀਆਂ ਨੇ। ਰੰਗਾਂ ਦੀ ਆਤਿਸ਼ਬਾਜ਼ੀ, ਉੱਪਰ ਆਕਾਸ਼ 'ਚ ਨਹੀਂ, ਧਰਤੀ 'ਤੇ ਹੋ ਰਹੀ ਲੱਗਦੀ ਹੈ। ਕਦੇ-ਕਦੇ ਮੈਂ ਰੁੱਖਾਂ ਬੂਟਿਆਂ ਤੇ ਫੁੱਲਾਂ ਝਾੜੀਆਂ ਕੋਲ ਖੜ੍ਹ ਕੇ ਉਨ੍ਹਾਂ ਦੇ ਰੰਗ ਨਿਹਾਰਦਾ ਹੈਰਾਨ ਹੁੰਦਾ ਹਾਂ ਕਿ ਕੁਦਰਤ ਨੇ ਏਨੇ ਰੰਗ ਬਖ਼ਸ਼ੇ ਕਿੱਥੋਂ ਨੇ ? ਕਿਹਾ ਜਾਂਦਾ ਹੈ ਕਿ ਹਰਾ, ਲਾਲ ਤੇ ਨੀਲਾ ਮੁੱਖ ਰੰਗ ਹਨ। ਉਲੰਪਿਕ ਖੇਡਾਂ ਦੇ ਝੰਡੇ 'ਤੇ ਵੀ ਇਨ੍ਹਾਂ ਰੰਗਾਂ ਦੇ ਹੀ ਚੱਕਰ ਪਰੋਏ ਨੇ। ਇਹ ਵੀ ਕਿਹਾ ਜਾਂਦਾ ਹੈ ਕਿ ਸਾਰੇ ਰੰਗ ਇਨ੍ਹਾਂ ਦੇ ਘੁਲਣ ਮਿਲਣ 'ਚੋਂ ਹੀ ਨਿਕਲੇ ਹਨ ਤੇ ਉਹ ਏਨੇ ਰੰਗ ਬਣ ਗਏ ਨੇ ਕਿ ਗਿਣਤੀ ਹੀ ਕੋਈ ਨਹੀਂ। ਹਰ ਬੋਲੀ 'ਚ ਇਨ੍ਹਾਂ ਰੰਗਾਂ ਦੇ ਵੱਖ-ਵੱਖ ਨਾਂ ਰੱਖੇ ਗਏ ਨੇ। ਰੰਗਾਂ ਦੀ ਸ਼ਨਾਖ਼ਤ ਕਰਨ 'ਚ ਪੰਜਾਬੀ ਬੋਲੀ ਵੀ ਕਿਸੇ ਤੋਂ ਘੱਟ ਨਹੀਂ।

ਸੈਰ ਕਰਦਾ ਮੈਂ ਵੇਖਦਾ ਹਾਂ ਕਿਸੇ ਪੱਤੇ/ਪੱਤੀ, ਫਲ/ਫੁੱਲ ਤੇ ਝਾੜ/ਝਾੜੀ ਦਾ ਰੰਗ ਸੁਰਮਈ ਹੈ, ਕਿਸੇ ਦਾ ਅੰਗੂਰੀ, ਕਿਸੇ ਦਾ ਦਾਖੀ, ਕਿਸੇ ਦਾ ਅੰਬਰੀ ਤੇ ਕਿਸੇ ਦਾ ਕਥਈ। ਕੋਈ ਬਲੰਭਰੀ ਹੈ, ਕੋਈ ਦਾਲਚੀਨੀ, ਕੋਈ ਮੂੰਗੀਆ, ਕੋਈ ਫਿਰੋਜ਼ੀ ਤੇ ਕੋਈ ਅੰਡਰਈ। ਕਿਸੇ ਦਾ ਗੁਲਾਬਾਸੀ, ਦੁਧੀਆ, ਰਾਣੀ ਕਲਰ, ਕਰੀਮ ਕਲਰ, ਕੱਚਾ ਪੀਲਾ, ਪੱਕਾ ਪੀਲਾ, ਸ਼ਬਨਮੀ, ਸੰਦਲੀ, ਲੂਸਣੀ, ਲਾਖਾ, ਸਾਵਾ, ਬੱਗਾ, ਬੂਰਾ, ਚਿਤਕਬਰਾ, ਮਟਮੈਲਾ, ਘਸਮੈਲਾ ਤੇ ਕੋਈ ਅਰਬੀ ਐ। ਕਿਸੇ ਦਾ ਰੰਗ ਮੋਰਪੰਖੀਆ, ਗੁਲਮੋਹਰੀ, ਯਾਕੂਤੀ ਤੇ ਕਿਸੇ ਦਾ ਸ਼ਰਬਤੀ!

ਖਿੱਲਰੇ ਪੱਤਿਆਂ ਤੇ ਖਿੜੇ ਫੁੱਲਾਂ ਦੀਆਂ ਪੱਤੀਆਂ ਤੇ ਫਲਾਂ ਦੇ ਰੰਗ ਰਾਹ ਜਾਂਦਿਆਂ ਨੂੰ ਰੋਕਦੇ ਨੇ। ਕਿਤੇ ਗੂੜ੍ਹੇ ਰੰਗਾਂ ਦੇ ਪੱਕੇ ਫਲ ਦਿਸਦੇ ਨੇ ਤੇ ਕਿਤੇ ਹਲਕੇ ਰੰਗਾਂ ਦੇ ਕੱਚੇ ਫਲ। ਕਿਸੇ ਫਲ ਦਾ ਰੰਗ ਅਨਾਰੀ ਹੈ, ਬਦਾਮੀ, ਬਿਸਕੁਟੀ, ਗਾਜਰੀ ਤੇ ਕਿਸੇ ਦਾ ਸੰਤਰੀ। ਮਧਰੀਆਂ ਝਾੜੀਆਂ ਨੂੰ ਲੱਗੇ ਮਲ੍ਹਿਆਂ ਦੇ ਬੇਰਾਂ ਵਰਗੇ ਨਿੱਕੇ ਸੁਰਖ਼ ਫਲ ਖਾਣ ਨੂੰ ਜੀਅ ਕਰਦਾ ਹੈ। ਸੰਧੂਰੀ ਅੰਬੀਆਂ ਵਰਗੇ ਰੱਤੇ ਸੇਬ ਲੱਗੇ ਹੁੰਦੇ ਨੇ। ਕਦੇ-ਕਦੇ ਤੋੜ ਵੀ ਬੈਠਦੇ ਹਾਂ। ਝਾੜੀਆਂ ਦੇ ਪੱਤੇ ਭਾਵੇਂ ਨਿੱਕੇ ਹੁੰਦੇ ਨੇ ਪਰ ਉਨ੍ਹਾਂ ਦੇ ਰੰਗਾਂ ਦਾ ਵੀ ਅੰਤ ਨਹੀਂ। ਟਾਹਣੀਓਂ ਟੁੱਟ ਕੇ ਤਾਂ ਉਹ ਹੋਰ ਹੀ ਰੰਗ ਵਟਾ ਲੈਂਦੇ ਨੇ। ਕਿਸੇ ਦੀ ਪੱਤੀ ਦਾ ਰੰਗ ਮੋਤੀਆ, ਬਡਮੋਤੀਆ, ਕੱਦੂਮੋਤੀਆ, ਕਪੂਰੀ, ਘਿਉਕਪੂਰੀ, ਕਿਸੇ ਦਾ ਪਿਆਜ਼ੀ ਤੇ ਕਿਸੇ ਦਾ ਹਵਾਪਿਆਜ਼ੀ।

ਕੈਨੇਡਾ ਦਾ ਰਾਸ਼ਟਰੀ ਰੁੱਖ ਮੇਪਲ ਟ੍ਰੀ ਹੈ। ਮੇਪਲ ਦਾ ਪੱਤਾ ਕੈਨੇਡਾ ਦੇ ਰਾਸ਼ਟਰੀ ਝੰਡੇ 'ਤੇ ਅੰਕਿਤ ਹੈ। ਕੈਨੇਡਾ 'ਚ ਉਂਝ ਵੀ ਮੇਪਲ ਰੁੱਖਾਂ ਦੀ ਭਰਮਾਰ ਹੈ। ਰੁੱਖ ਭਾਵੇਂ ਕੋਈ ਵੀ ਹੈ ਪੱਤੇ ਉਹਦੇ ਮੇਪਲ ਵਰਗੇ ਹੀ ਲੱਗਦੇ ਨੇ। ਪੱਤਝੜ 'ਚ ਮੇਪਲ ਦੇ ਪੱਤੇ ਵੀ ਅਨੇਕ ਰੰਗ ਵਟਾਉਂਦੇ ਨੇ। ਮੇਪਲ ਜਦੋਂ ਹਰਿਆ ਭਰਿਆ ਹੋਵੇ ਤਾਂ ਤੋਤੇਰੰਗਾ ਹੁੰਦੈ ਜਿਨ੍ਹਾਂ 'ਚ ਤੋਤੇ ਲੁਕ ਵੀ ਸਕਦੇ ਨੇ। ਇਹਦੇ ਪੱਤੇ ਕਦੇ ਤਰਬੂਜ਼ੀਆ, ਬੈਂਗਣੀ, ਜਾਮਣੀ, ਮਹਿੰਦੀ ਰੰਗੇ, ਨਸਵਾਰੀ ਤੇ ਕਦੇ ਲਾਜਵਰੀ ਰੰਗਾਂ 'ਚ ਰੰਗੇ ਜਾਂਦੇ ਨੇ। ਪੱਤਝੜ ਦੀ ਰੁੱਤੇ ਪੱਤੇ ਤੇ ਫੁੱਲ, ਰੁੱਖਾਂ ਤੇ ਬੂਟਿਆਂ ਉੱਤੇ ਹੀ ਰੰਗ ਵਟਾਉਂਦੇ ਰਹਿੰਦੇ ਨੇ। ਰੁੱਖ ਇੰਝ ਲੱਗਦੇ ਨੇ ਜਿਵੇਂ ਰੰਗ ਬਰੰਗੀਆਂ ਚੀਨੀ/ਜਪਾਨੀ ਛਤਰੀਆਂ ਤਾਣੀਆਂ ਹੋਣ। ਧਰਤੀ 'ਤੇ ਡਿੱਗੇ ਪਏ ਪੱਤਿਆਂ ਤੇ ਫੁੱਲ-ਪੱਤੀਆਂ 'ਤੇ ਝਾਤ ਮਾਰੀਏ ਤਾਂ ਇਉਂ ਲੱਗਦੈ ਜਿਵੇਂ ਰੰਗੀਨ ਫੁਲਕਾਰੀਆਂ ਵਿਛਾ ਰੱਖੀਆਂ ਹੋਣ। ਉਨ੍ਹਾਂ 'ਚ ਅਸਮਾਨੀ ਰੰਗ ਵੀ ਹੁੰਦੇ ਨੇ, ਸਰ੍ਹੋਂ-ਫੁੱਲੇ ਵੀ, ਊਦੇ ਵੀ, ਮੋਰਪੰਖੀਏ ਵੀ, ਗਿੱਦੜਰੰਗੇ ਵੀ ਤੇ ਘੁੱਗੀਰੰਗੇ ਵੀ। ਕਿਸੇ ਪੱਤੇ ਦਾ ਰੰਗ ਕਾਸ਼ਨੀ ਹੁੰਦੈ, ਭਗਵਾਂ, ਗੇਰੂਆ, ਗੁਲਾਨਾਰੀ, ਉਨਾਭੀ, ਜਾਮਣੀ, ਗੁਲਾਬੀ, ਕਬੂਤਰੀ ਤੇ ਕਿਸੇ ਦਾ ਕਿਰਮਚੀ।

ਇੱਕ ਦਿਨ ਬੱਦਲ ਛਾਏ ਹੋਏ ਸਨ। ਮੈਂ ਬਾਰੀ 'ਚੋਂ ਬਾਹਰ ਵੇਖਿਆ, ਅੰਬਰ ਸੁਰਮਈ/ਸਲੇਟੀ ਹੋਇਆ ਪਿਆ ਸੀ। ਗੂੜ੍ਹੇ ਬੱਦਲਾਂ 'ਤੇ ਕਾਲੋਂ ਫਿਰੀ ਹੋਈ ਸੀ। ਬੱਦਲ ਖਿੰਡੇ ਤਾਂ ਚੁਫੇਰੇ ਚਿੱਟਾ ਚਾਨਣ ਹੋ ਗਿਆ।

(ਬਾਕੀ ਸਫ਼ਾ 27 'ਤੇ)

ਸ਼ਹੀਦੀ ਦਿਵਸ 'ਤੇ ਵਿਸ਼ੇਸ਼



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਬਾਬਾ ਦੀਪ ਸਿੰਘ ਜੀ ਸ਼ਹੀਦ

ਸਿੱਖ ਧਰਮ ਇਕ ਸਮਾਜ ਸੁਧਾਰ ਲਹਿਰ ਹੈ। ਮਾਨਵਵਾਦੀ ਸੋਚ ਹੈ ਕਿ ਸਿੱਖ ਧਰਮ ਤੇ ਚਲਦਿਆਂ ਆਪਣੀ ਸਵੈ ਰੱਖਿਆ ਅਤੇ ਸਵੈਮਾਣ ਵਾਲਾ ਜੀਵਨ ਜਿਊਣ ਲਈ ਤਿਆਰ ਹੋਣ। ਸਿਆਸੀ ਤਾਕਤ ਜਨ ਸਾਧਾਰਨ ਨੂੰ ਹਾਸਲ ਹੋਵੇ। ਇਸ ਲਈ ਦ੍ਰਿੜ ਨਿਸ਼ਚੇ ਵਾਲੀ ਅਗਵਾਈ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਗ੍ਰਹਿਸਥ ਨੂੰ ਰੂਹਾਨੀ ਵਿਸਥਾਰ ਮੰਨਿਆ। ਸਮਾਜ ਨੂੰ ਝੂਠੇ ਕਰਮਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਗੁਰੂ ਸਾਹਿਬਾਨ ਨੇ ਨਾਬਰਾਬਰੀ ਵਾਲੇ ਸਮਾਜ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਦਸ਼ਾ ਨੂੰ ਬਦਲਿਆ। ਉਨ੍ਹਾਂ ਨੇ ਬੇਗਰਜ਼ ਸੇਵਾ ਤੇ ਜ਼ੋਰ ਦਿੱਤਾ। ਸਮਾਜ ਨੂੰ ਜਾਤ ਪਾਤ ਦੇ ਬੰਧਨਾਂ ਤੋਂ ਉਪਰ ਚੁੱਕ ਕੇ ਮਾਨਵਵਾਦੀ ਇਨਕਲਾਬ ਨਾਲ ਜੋੜ ਦਿੱਤਾ। ਸਮੇਂ ਦੀਆਂ ਮੁਗਲ ਹਕੂਮਤਾਂ ਨੇ ਸਿੱਖੀ ਨੂੰ ਖਤਮ ਕਰਨ ਲਈ ਹਰ ਅਣਮਨੁੱਖੀ ਹੀਲਾ ਵਰਤਿਆ। ਮੁਗਲ ਹਾਕਮਾਂ ਦੀ ਜਬਰੀ ਧਰਮ ਪਰਿਵਰਤਨ ਦੀ ਖ਼ੂਨੀ ਨੀਤੀ ਨੇ ਸਮਾਜਿਕ ਇਖਲਾਕ ਨੂੰ ਭਾਰੀ ਸੱਟ ਮਾਰੀ।

ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵੀ ਬਰਾਬਰੀ ਲਈ ਖ਼ਾਲਸਾ ਪੰਥ ਸਾਜ ਕੇ ਮੁਗਲ ਸਾਮਰਾਜ ਦੇ ਧਾਰਮਿਕ ਅਤੇ ਸਿਆਸੀ ਅਤਿਆਚਾਰ ਵਿਰੁਧ ਸੰਘਰਸ਼ ਕੀਤਾ। ਇਸ ਸਿਆਸੀ ਉਥਲ ਪੁਥਲ ਵਿਚ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਛੱਡਣਾ ਪਿਆ। ਉਪਰੰਤ ਚਮਕੌਰ ਅਤੇ ਮੁਕਤਸਰ ਦੇ ਜੰਗ ਹੋਏ। ਗੁਰੂ ਸਾਹਿਬ ਜੀ ਤੋਂ ਬਾਅਦ ਡੇਢ ਸਾਲ ਵਿਚ ਹੀ ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਸਰਹਿੰਦ ਫਤਹਿ ਕਰ ਲਿਆ। ਜੂਨ 9,1716 ਨੂੰ ਬਾਬਾ ਜੀ ਦੀ ਸ਼ਹੀਦੀ ਤੋਂ ਬਾਅਦ ਸਿੰਘਾਂ ਤੇ ਜ਼ੁਲਮ ਹੋਰ ਵੀ ਵਧ ਗਏ। ਪਰ ਖਾਲਸੇ ਨੇ ਗੁਰੂ ਗ੍ਰੰਥ ਸਾਹਿਬ ਜੀ ਤੇ ਨਿਸ਼ਚੈ ਰੱਖਿਆ। ਦ੍ਰਿੜ ਇਰਾਦੇ ਅਤੇ ਬਹਾਦਰੀ ਨਾਲ ਸਿੱਖ ਸੰਘ ਸੰਗਠਿਤ ਕਰ ਲਿਆ। ਮਹਾਰਾਜਾ ਰਣਜੀਤ ਸਿੰਘ ਜੀ ਨੇ 12 ਮਿਸਲਾਂ ਨੂੰ ਇਕੱਠਾ ਕਰਕੇ ਵਿਸ਼ਾਲ ਖ਼ਾਲਸਾ ਰਾਜ ਸਥਾਪਤ ਕਰ ਲਿਆ। ਮਿਸਲ ਸ਼ਹੀਦਾਂ ਦੇ ਬਾਨੀ ਬਾਬਾ ਦੀਪ ਸਿੰਘ ਜੀ ਸਨ। ਇਸ ਮਿਸਲ ਦੇ ਕੋਲ ਸ਼ਾਹਜਾਦਪੁਰ, ਕੇਸਮੀ, ਰਣਖੰਡੀ, ਬੜਥਾ, ਜਮਾਈ-ਸਹਾਰਨਪੁਰ ਦੇ ਇਲਾਕੇ ਸਨ। ਆਪ ਜੀ ਦਾ ਜਨਮ 26 ਜਨਵਰੀ 1682 ਈ. ਪਿੰਡ ਪਹੂਵਿੰਡ ਜ਼ਿਲ੍ਹਾ ਤਰਨ ਤਾਰਨ ਦੇ ਸਾਧਾਰਣ ਪਰਿਵਾਰ ਭਾਈ ਜਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਪ ਜੀ ਦਾ ਨਾਉਂ ਦੀਪਾ ਰੱਖਿਆ ਗਿਆ। ਜਦੋਂ 18 ਸਾਲ ਦੇ ਸਨ ਤਾਂ ਉਹ ਆਪਣੇ ਮਾਤਾ ਪਿਤਾ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨਾਂ ਲਈ ਅਨੰਦਪੁਰ ਗਏ ਸਨ। ਕੁਝ ਦਿਨਾਂ ਬਾਅਦ ਉਨ੍ਹਾਂ ਦੇ ਮਾਪੇ ਤਾਂ ਪਿੰਡ ਪਰਤ ਗਏ ਪਰ ਗੁਰੂ ਸਾਹਿਬ ਜੀ ਨੇ ਦੀਪੇ ਨੂੰ ਆਪਣੇ ਕੋਲ ਹੀ ਰੱਖ ਲਿਆ। ਨੌਜਵਾਨ ਦੀਪੇ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲਈ ਤੇ ਨਾਂ ਦੀਪ ਸਿੰਘ ਹੋ ਗਿਆ।

ਉਨ੍ਹਾਂ ਨੇ ਸਾਸ਼ਤਰ ਅਤੇ ਸ਼ਸਤਰ ਵਿਦਿਆ ਵਿਚ ਮਾਨਤਾ ਪ੍ਰਾਪਤ ਕਰ ਲਈ। ਤਦ 22 ਸਾਲ ਦੀ ਉਮਰ ਵਿਚ ਵਿਦਵਾਨ ਭਾਈ ਮਨੀ ਸਿੰਘ ਜੀ ਪਾਸੋਂ ਗੁਰਬਾਣੀ ਦਾ ਗਿਆਨ ਪ੍ਰਾਪਤ ਕੀਤਾ। ਆਪ ਇਕ ਅਭਿਆਸੀ ਸੰਤ ਸਿਪਾਹੀ ਸਨ। ਗਠੀਲਾ ਸਰੀਰ, ਮਜਬੂਤ ਇਰਾਦਾ, ਸੂਰਮੇ ਜਿਹਾ ਜਲਾਲ ਅਤੇ ਨਿਪੁੰਨ ਯੋਧੇ, ਵਿਦਵਾਨ ਲਿਖਾਰੀ ਅਤੇ ਕੀਰਤਨੀਏ ਬਣ ਗਏ। ਕੁਝ ਸਮੇਂ ਲਈ ਪਿੰਡ ਪਰਤ ਗਏ ਸਨ। ਉੱਥੇ ਉਨ੍ਹਾਂ ਆਪਣੇ ਇਲਾਕੇ ਵਿਚ ਸਿੱਖ ਧਰਮ ਦਾ ਬੜਾ ਪ੍ਰਚਾਰ ਕੀਤਾ। ਸੰਗਤਾਂ ਵਿਚ ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰ-ਪਿਤਾ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨਾਲ ਸਹਿਯੋਗ ਕੀਤਾ। ਆਪ ਜੀ ਨੇ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਚਾਰ ਤਖਤਾਂ ਨੂੰ ਭੇਜੇ ਸਨ।

ਜਦੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦੱਖਣ ਵੱਲ ਵਧਣਾ ਸੀ, ਤਾਂ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਬਾਬਾ ਜੀ ਨੂੰ ਸੌਂਪ ਦਿੱਤੀ ਸੀ। ਜੰਗੀ ਜੀਵਨ ਵਿਚ ਬਾਬਾ ਜੀ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਨਾਲ ਜੰਗਾਂ ਵਿਚ ਹਿੱਸਾ ਲਿਆ ਅਤੇ ਭਰਪੂਰ ਸਾਥ ਦਿੱਤਾ। ਬਾਬਾ ਜੀ ਦੀ ਬਹਾਦਰੀ ਤੋਂ ਦੁਸ਼ਮਣ ਡਰ ਕੇ ਦੌੜ ਜਾਂਦੇ ਸਨ। ਆਪ ਜੀ ਦਾ ਜਥਾ 'ਸ਼ਹੀਦੀ ਜਥਾ' ਵਜੋਂ ਮਸ਼ਹੂਰ ਹੋਇਆ। ਸੰਨ੍ਹ 1738 ਵਿਚ ਜ਼ਕਰੀਆ ਖਾਨ ਨੇ ਅੰਮ੍ਰਿਤਸਰ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਸਿੰਘ ਮਾਲਵੇ ਵਲ ਵਧ ਗਏ। ਇਸ ਤੋਂ ਬਾਅਦ ਹੋਈਆਂ ਝੜਪਾਂ ਵਿਚ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਮਾਰਿਆ ਗਿਆ। ਜ਼ਕਰੀਆ ਖਾਨ ਖੁਦ ਮੈਦਾਨ ਵਿਚ ਉਮਰ ਆਇਆ। ਸੈਂਕੜੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਈ ਮਨਜੀ ਸਿੰਘ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। ਅਗਸਤ 14, 1740 ਨੂੰ ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਜੋ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬੇਅਦਬੀ ਦਾ ਦੋਸ਼ੀ ਸੀ, ਨੂੰ ਸਬਕ ਸਿਖਾਉਣ ਲਈ ਬੀਕਾਨੇਰ ਤੋਂ ਤੁਰੇ ਤਾਂ ਉਹ ਰਸਤੇ ਵਿਚ ਬਾਬਾ ਜੀ ਕੋਲ ਦਮਦਮਾ ਸਾਹਿਬ ਠਹਿਰੇ ਅਤੇ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਵਾਪਸੀ ਤੇ ਵੀ ਦਮਦਮਾ ਸਾਹਿਬ ਠਹਿਰੇ ਸਨ।

ਅਹਿਮਦ ਸ਼ਾਹ ਅਬਦਾਲੀ ਨੇ 1755-56 ਵਿਚ ਚੌਥੀ ਵਾਰ ਭਾਰਤ ਤੇ ਹਮਲਾ ਕੀਤਾ। ਉਸ ਦੇ ਸੈਨਿਕ ਸੋਨਾ ਚਾਂਦੀ ਅਤੇ ਹੋਰ ਕੀਮਤੀ ਸਾਮਾਨ ਅਤੇ ਹਜ਼ਾਰਾਂ ਔਰਤਾਂ ਵੀ ਲੈ ਤੁਰੇ। ਬਾਬਾ ਜੀ ਦਾ ਜਥਾ ਮਾਰਕੰਡਾ ਨਦੀ ਤੇ ਤਾਇਨਾਤ ਸੀ। ਸਿੰਘਾਂ ਨੇ ਅਬਦਾਲੀ ਦੇ ਸਿਪਾਹੀਆਂ ਤੇ ਹਮਲਾ ਕਰ ਦਿੱਤਾ। ਸਾਰਾ ਸਾਮਾਨ ਲੁੱਟ ਲਿਆ ਅਤੇ ਔਰਤਾਂ ਨੂੰ ਸੁਰੱਖਿਅਤ ਉਨ੍ਹਾਂ ਦੇ ਘਰ ਪਹੁੰਚਾਇਆ।

ਅਬਦਾਲੀ ਨੇ 1757 ਵਿਚ ਜਹਾਨ ਖਾਨ ਨੂੰ ਅੰਮ੍ਰਿਤਸਰ ਦਾ ਹਾਕਮ ਨਿਯੁਕਤ ਕੀਤਾ। ਉਸ ਨੇ ਮਈ 1757 ਵਿਚ ਅੰਮ੍ਰਿਤਸਰ ਨੂੰ ਲੁੱਟਿਆ। ਅੰਮ੍ਰਿਤਸਰ ਦੇ ਮੁਖੀ ਜਮਾਲ ਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਅਤੇ ਪਵਿੱਤਰ ਸਰੋਵਰ ਨੂੰ ਵੀ ਪੂਰ ਦਿੱਤਾ। ਉਸ ਨੇ ਰਾਮਰੌਣੀ ਦੇ ਕਿਲੇ ਨੂੰ ਵੀ ਢਾਹ ਦਿੱਤਾ। ਇਸ ਬੇਪਤੀ ਦੀ ਖਬਰ ਬਾਬਾ ਜੀ ਨੇ ਜਥੇਦਾਰ ਭਾਗ ਸਿੰਘ ਜੀ ਤੋਂ ਤਲਵੰਡੀ ਸਾਬੋ ਮਿਲੀ ਤਾਂ ਬਾਬਾ ਜੀ ਨੇ ਰੋਹ ਵਿਚ ਆ ਕੇ ਪਵਿੱਤਰਤਾ ਭੰਗ ਕਰਨ ਵਾਲਿਆਂ ਨਾਲ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਸਿੰਘਾਂ ਨੂੰ ਕਿਹਾ ਚਲੋ ਹੁਣ ਬੰਦੀ ਛੋੜ ਦਿਵਸ ਅੰਮ੍ਰਿਤਸਰ ਹੀ ਮਨਾਇਆ ਜਾਵੇਗਾ। ਅਣਗਿਣਤ ਸਿੰਘ ਬਾਬਾ ਜੀ ਦੀ ਅਗਵਾਈ ਹੇਠ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਰੱਖਿਆ ਲਈ ਇਕੱਠੇ ਹੋ ਗਏ। ਉਹ ਜਥਾ ਅੰਮ੍ਰਿਤਸਰ ਵਲ ਵਧ ਪਿਆ। ਰਸਤੇ ਵਿਚੋ ਜਦੋਂ ਤਰਨ ਤਾਰਨ ਪਹੁੰਚੇ ਤਾਂ ਸਿੰਘਾਂ ਦੀ ਗਿਣਤੀ 5000 ਹੋ ਗਈ। ਬਾਬਾ ਜੀ ਨੇ ਵੰਗਾਰਿਆ ਕਿ ਇਸ ਧਰਮ ਯੁੱਧ ਵਿਚ ਜੋ ਮਰ ਮਿਟਣ ਅਤੇ ਸ਼ਹੀਦ ਹੋਣ ਲਈ ਤਿਆਰ ਹਨ ਤਾਂ ਉਹ ਹੀ ਸਾਡੇ ਨਾਲ ਤੁਰਨ। ਸਾਰੇ ਸਿੰਘ ਬਾਬਾ ਜੀ ਨਾਲ ਤੁਰ ਪਏ।

ਜਹਾਨ ਖਾਂ ਨੇ ਵੀ 20000 ਦੀ ਫੌਜ ਲੈ ਕੇ ਤਰਨ ਤਾਰਨ ਵਲ ਵਧਣਾ ਸ਼ੁਰੂ ਕਰ ਦਿੱਤਾ। ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਪਿੰਡ ਗੋਹਲਵਾਲ ਜਾ ਕੇ ਬਾਬਾ ਜੀ ਨੇ ਦੁਸ਼ਮਣ ਦੀ ਫੌਜ ਨੂੰ ਲਲਕਾਰਿਆ ਜਿੱਥੇ ਗੁਰਦੁਆਰਾ 'ਲਲਕਾਰ ਸਾਹਿਬ' ਸਥਿਤ ਹੈ। ਜਹਾਨ ਖਾਨ ਨੇ ਵੀ ਅਤਾਈ ਖਾਨ ਨੂੰ ਹਮਲਾ ਕਰਨ ਦਾ ਹੁਕਮ ਦੇ ਦਿੱਤਾ। ਜਹਾਨ ਖਾਨ ਆਪ ਵੀ ਘੋੜ ਸਵਾਰ ਫੌਜ ਲੈ ਕੇ ਗੋਹਲਵਾਲ ਪਹੁੰਚ ਗਿਆ। ਸਿੰਘਾਂ ਅਤੇ ਅਫ਼ਗਾਨਾਂ ਵਿਚ ਲਹੂ ਡੋਲਵੀਂ ਜੰਗ ਹੋਈ। ਅਫ਼ਗਾਨ ਫੌਜ ਸਿੰਘਾਂ ਦਾ ਸਾਹਮਣਾ ਨਾ ਕਰ ਸਕੀ। ਗਹਿਗੱਚ ਜੰਗ ਹੋਈ। ਸਿੰਘ ਇਕ ਇਕ ਕਰਕੇ ਸ਼ਹੀਦ ਹੋਣ ਲੱਗੇ। ਜੰਗ ਹੁਣ ਚਰਮ-ਸੀਮਾ ਤੇ ਆ ਕੇ ਹੋਰ ਵੀ ਭਿਅੰਕਰ ਹੋ ਗਈ। ਦੂਰ ਦੂਰ ਤੱਕ ਲਾਸ਼ਾਂ ਦੇ ਢੇਰ ਸਨ। ਇਸ ਸਮੇਂ ਤੱਕ ਯਾਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਮੁਕਾਬਲੇ ਤੇ ਆ ਗਏ। ਸਿੰਘ ਏਨੀ ਬਹਾਦਰੀ ਨਾਲ ਲੜੇ ਕਿ ਦੁਸ਼ਮਣ ਦੀਆਂ ਫੌਜਾਂ ਚਾਰੇ ਪਾਸਿਆਂ ਤੋਂ ਭੱਜਣ ਲੱਗੀਆਂ। ਸਿੰਘ ਅੰਮ੍ਰਿਤਸਰ ਵਲ ਵਧਦੇ ਗਏ। ਬਾਬਾ ਜੀ ਆਪਣਾ 18 ਸੇਰ ਦਾ ਖੰਡਾ (ਦੋਧਾਰੀ ਤਲਵਾਰ) ਖੜਕਾਉਂਦੇ ਰਾਮਸਰ ਕੋਲ ਪਹੁੰਚ ਗਏ। ਉਹ ਵੈਰੀਆਂ ਨੂੰ ਮੁਕਾਉਂਦੇ ਜਾ ਰਹੇ ਸਨ।

ਯਾਕੂਬ ਖਾਂ ਅਤੇ ਬਾਬਾ ਜੀ ਵਿਚਕਾਰ ਫਸਵੀਂ ਟੱਕਰ ਹੋਈ। ਬਾਬਾ ਜੀ ਦੇ ਵਾਰ ਨਾਲ ਯਾਕੂਬ ਖਾਂ ਢੇਰੀ ਹੋ ਗਿਆ। ਤਕ ਅਸਮਾਨ ਖਾਂ ਜੰਗ ਦੇ ਮੈਦਾਨ ਵਿਚ ਆ ਗਿਆ। ਬਾਬਾ ਜੀ ਦੀ ਉਸ ਨਾਲ ਆਹਮੋ-ਸਾਹਮਣੇ ਟੱਕਰ ਹੋ ਗਈ। ਇਕ ਸਾਂਝੇ ਵਾਰ ਵਿਚ ਅਸਮਾਨ ਖਾਂ ਮਾਰਿਆ ਗਿਆ। ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਲੱਗਾ। ਉਨ੍ਹਾਂ ਦੀ ਗਰਦਨ ਲਗਭਗ ਵੱਖ ਹੋਣ ਤੇ ਸੀ। ਬਾਬਾ ਜੀ ਨੇ ਖੱਬੇ ਹੱਥ ਦੀ ਟੇਕ ਨਾਲ ਸੀਸ ਨੂੰ ਸੰਭਾਲਿਆ ਅਤੇ ਸੱਜੇ ਹੱਥ ਨਾਲ ਖੰਡਾ ਖੜਕਾਉਂਦੇ ਲੜਦੇ ਗਏ। ਦੁਸ਼ਮਣਾਂ ਦੇ ਆਹੂ ਲਾਹੁੰਦੇ ਗਏ। ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਤੱਕ ਜਾ ਪਹੁੰਚੇ। ਬਾਬਾ ਜੀ 15 ਨਵੰਬਰ 1757 ਨੂੰ ਸੱਚਖੰਡ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਿਚ ਸ਼ਹੀਦੀ ਪਾ ਗਏ।

ਬਾਬਾ ਜੀ ਇਕ ਸੰਜਮੀ ਯੋਧੇ ਸਨ। ਦੁਸ਼ਮਣ ਉਨ੍ਹਾਂ ਦੀ ਬਹਾਦਰੀ ਤੋਂ ਥਰ ਥਰ ਕੰਬਦੇ ਸਨ। ਉਨ੍ਹਾਂ ਨੂੰ ਆਪਣੀ ਬਹਾਦਰੀ ਦਾ ਹੰਕਾਰ ਨਹੀਂ ਸੀ। ਉਹ ਆਪਣੇ ਸਾਥੀ ਸਿੰਘਾਂ ਨਾਲ ਹਰਿਮੰਦਰ ਸਾਹਿਬ ਜੀ ਦੀ ਮਰਯਾਦਾ ਨੂੰ ਬਹਾਲ ਰੱਖਣ ਲਏ ਸ਼ਹੀਦ ਹੋਏ। ਉਹ ਬਹਾਦਰ ਅਤੇ ਦਲੇਰ ਸ਼ਹੀਦ ਵਜੋਂ ਯਾਦ ਕੀਤੇ ਜਾਂਦੇ ਹਨ। ਉਨ੍ਹਾਂ ਨੇ ਕੌਮ ਨੂੰ ਜ਼ੁਲਮ ਦੇ ਵਿਰੁਧ ਲੜਦੇ ਰਹਿਣ ਲਈ ਉਤਸ਼ਾਹਤ ਕੀਤਾ। ਉਨ੍ਹਾਂ ਦਾ ਯਾਦ ਵਿਚ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾ ਵਾਲੀ ਛੱਤ ਤੇ ਜਿੱਥੇ ਉਨ੍ਹਾਂ ਨੇ ਆਪਣਾ ਸੀਸ ਭੇਟ ਕੀਤਾ, ਗੁਰਦੁਆਰਾ ਸਾਹਿਬ ਹੈ। ਦੂਜਾ ਸ਼ਹੀਦ ਗੰਜ ਬਾਬਾ ਦੀਪ ਸਿੰਘ ਸ਼ਹੀਦ ਗੁਰਦੁਆਰਾ ਰਾਮਸਰ ਦੇ ਨੇੜੇ ਜਿੱਥੇ ਦੇਹ ਸਸਕਾਰ ਹੋਇਆ ਸੁਸ਼ੋਭਿਤ ਹੈ। ਬਾਬਾ ਜੀ ਦਾ ਦੋਧਾਰੀ ਖੰਡਾ ਅਕਾਲ ਤਖਤ ਸਾਹਿਬ ਜੀ ਦੇ ਸਸਤਰਾਂ ਵਿਚ ਸੰਭਾਲਿਆ ਪਿਆ ਹੈ। ਹਰ ਰੋਜ਼ ਸ਼ਾਮ ਨੂੰ ਸ਼ਸ਼ਤਰਾਂ ਦੇ ਦਰਸ਼ਨ ਬੜੀ ਸ਼ਰਧਾ ਭਾਵਨਾ ਨਾਲ ਸੰਗਤਾਂ ਨੂੰ ਕਰਵਾਏ ਜਾਂਦੇ ਹਨ।

ਅੰਤਿਕਾ : ਹੇ ਭਾਈ ਜੇ ਤੈਨੂੰ ਪ੍ਰਭੂ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਆਪਣਾ ਸਿਰ ਤਲੀ 'ਤੇ ਰੱਖ ਕੇ ਮੇਰੀ ਗਲੀ ਵਿਚ ਆ। ਲੋਕ ਲਾਜ਼ ਨੂੰ ਛੱਡ ਕੇ, ਹਉਮੈ ਦੂਰ ਕਰਕੇ ਆ। ਪ੍ਰਭੂ ਪ੍ਰੀਤ ਦੇ ਇਸ ਰਸਤੇ 'ਤੇ ਤਦੇ ਹੀ ਪੈਰ ਧਰਿਆ ਜਾ ਸਕਦਾ ਹੈ, ਜਦੋਂ ਸਿਰ ਭੇਂ ਕੀਤਾ ਜਾਵੇ, ਪਰ ਕੋਈ ਝਿਜਕ ਨਾਂਹ ਕੀਤੀ ਜਾਵੇ। ਜਦੋਂ ਬਿਨਾਂ ਝਿਜਕ ਦੇ ਲੋਕ ਲਾਜ਼ ਅਤੇ ਹਉਮੈ ਛੱਡੀ ਜਾਵੇ। ਅੰਗ-1412

ਮਹਾਨ ਜਰਨੈਲ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ

ਅਵਤਾਰ ਸਿੰਘ ਆਨੰਦ

ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਨੂੰ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਪਿੰਡ ਪਹੂਵਿੰਡ ਵਿੱਚ ਮਾਤਾ ਜਿਊਣੀ ਜੀ ਅਤੇ ਪਿਤਾ ਭਗਤਾ ਜੀ ਦੇ ਘਰ ਹੋਇਆ। 1699 ਵਿੱਚ ਜਦੋਂ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਸਿੱਖ ਸੰਗਤ ਨੂੰ ਆਉਣ ਲਈ ਆਖਿਆ ਸੀ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਜੀ ਆਪਣੇ ਮਾਤਾ-ਪਿਤਾ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਏ ਸਨ। ਉਦੋਂ ਹੀ ਉਨ੍ਹਾਂ ਨੇ ਅੰਮ੍ਰਿਤ ਦੀ ਦਾਤ ਹਾਸਲ ਕੀਤੀ। ਕਾਫ਼ੀ ਸਮਾਂ ਉਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੀ ਗੁਰੂ ਗੋਬਿੰਦ ਸਿੰਘ ਜੀ ਕੋਲ ਰਹੇ।

ਬਾਬਾ ਦੀਪ ਸਿੰਘ ਜੀ ਨੇ ਭਾਈ ਮਨੀ ਸਿੰਘ ਨਾਲ ਵੀ ਕਾਫੀ ਸਮਾਂ ਗੁਜ਼ਾਰਿਆ। ਇਥੇ ਹੀ ਉਨ੍ਹਾਂ ਨੇ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਨਾਲ ਹੀ ਉਨ੍ਹਾਂ ਸ਼ਸਤਰ ਵਿਦਿਆ ਵੀ ਹਾਸਲ ਕੀਤੀ। ਬਾਬਾ ਜੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਆਪਣੇ ਹੱਥਾਂ ਨਾਲ ਉਤਾਰਾ ਕਰ ਕੇ ਵੱਖ-ਵੱਖ ਥਾਵਾਂ 'ਤੇ ਭੇਜਿਆ ਕਰਦੇ। ਬਾਬਾ ਜੀ ਨੇ ਗੁਰੂ ਸਾਹਿਬਾਨ ਦੀ ਬਾਣੀ ਤੇ ਸ਼ਬਦਾਂ ਦੀ ਵਿਆਖਿਆ ਕੀਤੀ।

ਦੋ ਸਾਲ ਆਨੰਦਪੁਰ ਸਾਹਿਬ ਰਹਿ ਕੇ ਉਹ ਆਪਣੇ ਪਿੰਡ ਪਰਤ ਆਏ। ਇਧਰ ਆਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ ਤਾਂ ਗੁਰੂ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਬਾਬਾ ਦੀਪ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਅਤੇ ਆਨੰਦਪੁਰ ਸਾਹਿਬ ਦੇ ਸਮੇਂ ਨਾਲ ਨਾ ਰਹਿਣ ਦੀ ਮੁਆਫ਼ੀ ਮੰਗੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਗਲ ਨਾਲ ਲਾਇਆ ਅਤੇ ਕਿਹਾ, 'ਆਪ ਦੇ ਹਿੱਸੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਅਜੇ ਬਾਕੀ ਹਨ, ਜੋ ਤੁਸੀਂ ਪੂਰੀਆਂ ਕਰਨੀਆਂ ਹਨ।'

ਧੀਰਮੱਲੀਏ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇਣ ਤੋਂ ਮੁੱਕਰ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਸੇਵਾ ਸੌਂਪ ਕੇ ਬੀੜ ਤਿਆਰ ਕਰਵਾਈ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ। ਬਾਬਾ ਜੀ ਨੇ ਉਸ ਬੀੜ ਦਾ ਪਾਠ ਸਿੱਖਾਂ ਨੂੰ ਅਰਥਾਂ ਸਮੇਤ ਪੜ੍ਹਾਇਆ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਦੱਖਣ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਸੇਵਾ-ਸੰਭਾਲ ਲਈ ਭੇਜ ਦਿੱਤਾ ਅਤੇ ਬਾਬਾ ਦੀਪ ਸਿੰਘ ਤਲਵੰਡੀ ਸਾਬੋ ਵਿਖੇ ਰਹਿ ਕੇ ਗੁਰਬਾਣੀ ਲਿਖਵਾਉਣ ਅਤੇ ਪੜ੍ਹਾਉਣ ਦੀ ਸੇਵਾ ਕਰਨ ਲੱਗੇ।

1748 ਨੂੰ ਵਿਸਾਖੀ ਵਾਲੇ ਦਿਨ ਦਲ ਖਾਲਸਾ ਦੇ 65 ਜਥਿਆਂ ਨੂੰ 12 ਮਿਸਲਾਂ ਵਿਚ ਪੁਨਰਗਠਿਤ ਕੀਤਾ ਗਿਆ ਤੇ ਉਨ੍ਹਾਂ 12 ਮਿਸਲਾਂ 'ਚੋਂ ਬਾਬਾ ਦੀਪ ਸਿੰਘ ਜੀ ਨੂੰ 'ਸ਼ਹੀਦ ਮਿਸਲ' ਦਾ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ ਜਦੋਂ 1746 ਈਸਵੀ ਵਿੱਚ ਯਹੀਆ ਖਾਨ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ ਵਿੱਚ ਸਿੱਖਾਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਸੀ ਤਾਂ ਉਹ ਉਸ ਸਮੇਂ ਆਪਣੀ ਫੌਜੀ ਟੁਕੜੀ ਲੈ ਕੇ ਤਲਵੰਡੀ ਸਾਬੋ ਅਤੇ ਕਾਨੂਵਾਲ ਦੇ ਜੰਗਲਾਂ ਵਿੱਚ ਲੜਨ ਲਈ ਪਹੁੰਚੇ ਸਨ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

1756 ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਚੌਥਾ ਹਮਲਾ ਕੀਤਾ। ਜਦੋਂ ਉਹ ਇੱਥੇ ਲੁੱਟ ਕਰ ਕੇ ਕਾਬਲ ਪਰਤ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਦੀ 'ਸ਼ਹੀਦ ਮਿਸਲ' ਨੇ ਕੁਰੂਕਸ਼ੇਤਰ ਦੇ ਕੋਲ ਪਿਪਲੀ ਅਤੇ ਮਾਰਕੰਡੇ ਦੇ ਦਰਿਆ ਤੋਂ ਲਗਭਗ ਤਿੰਨ ਸੌ ਔਰਤਾਂ ਦੇ ਨਾਲ ਨਾਲ ਬਹੁਤ ਸਾਰਾ ਕੀਮਤੀ ਸਮਾਨ ਵਾਪਸ ਕਰਵਾਇਆ। ਇਸ ਦਾ ਬਦਲਾ ਲੈਣ ਲਈ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਕੇ ਸਿੱਖਾਂ ਨੂੰ ਖ਼ਤਮ ਕਰਨ ਅਤੇ ਗੁਰਦੁਆਰਿਆਂ ਨੂੰ ਢਾਹੁਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਬਾਰੇ ਪਤਾ ਲੱਗਣ 'ਤੇ ਬਾਬਾ ਦੀਪ ਸਿੰਘ ਨੇ ਤੈਮੂਰ ਸ਼ਾਹ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕਰ ਲਿਆ।

ਬਾਬਾ ਜੀ ਦਮਦਮਾ ਸਾਹਿਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਸਾਹਿਬ ਵੱਲ ਤੁਰ ਪਏ। ਅੰਮ੍ਰਿਤਸਰ ਤਕ ਆਉਂਦਿਆਂ ਇਹ ਜਥਾ ਪੰਜ ਹਜ਼ਾਰ ਸਿੰਘਾਂ ਦਾ ਹੋ ਗਿਆ। ਤਰਨ ਤਾਰਨ ਤੋਂ ਥੋੜੀ ਦੂਰ ਆ ਕੇ ਉਨ੍ਹਾਂ ਆਪਣੀ ਤਲਵਾਰ ਨਾਲ ਜ਼ਮੀਨ 'ਤੇ ਲਕੀਰ ਖਿੱਚੀ ਅਤੇ ਕਿਹਾ ਕਿ ਜਿਹੜੇ ਸਿੰਘ ਕੁਰਬਾਨੀਆਂ ਲਈ ਤਿਆਰ ਹਨ, ਉਹ ਇਹ ਲਕੀਰ ਟੱਪ ਕੇ ਉਨ੍ਹਾਂ ਵੱਲ ਆ ਜਾਣ ਅਤੇ ਜਿਨ੍ਹਾਂ ਨੇ ਘਰ ਜਾਣਾ ਹੈ, ਉਹ ਦੂਜੇ ਪਾਸੇ ਹੀ ਰਹਿਣ। ਇਸ ਦੌਰਾਨ ਕਾਫੀ ਸਿੰਘ ਬਾਬਾ ਜੀ ਨਾਲ ਤੁਰੇ।

ਲਾਹੌਰ ਦਰਬਾਰ ਵਿੱਚ ਜਦੋਂ ਪਤਾ ਲੱਗਾ ਤਾਂ ਜਹਾਨ ਖਾਨ ਨੇ ਘਬਰਾ ਕੇ ਇਸ ਲੜਾਈ ਨੂੰ 'ਇਸਲਾਮ ਖਤਰੇ ਵਿੱਚ ਹੈ' ਕਹਿ ਕੇ 20 ਹਜ਼ਾਰ ਫ਼ੌਜੀਆਂ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਸਿੰਘ ਇਸ ਵੇਲੇ ਆਰ-ਪਾਰ ਦੀ ਲੜਾਈ ਲਈ ਤੁਲੇ ਹੋਏ ਸਨ। ਬਾਬਾ ਦੀਪ ਸਿੰਘ ਅਤੇ ਬਾਕੀ ਸਿੱਖ ਅਜਿਹੀ ਬਹਾਦਰੀ ਨਾਲ ਜੰਗ ਦੇ ਮੈਦਾਨ ਵਿੱਚ ਨਿੱਤਰੇ ਕਿ ਜਹਾਨ ਖਾਨ ਦੀ ਫੌਜ ਵਿੱਚ ਭਾਜੜ ਮਚ ਗਈ। ਦੂਜੇ ਪਾਸੇ ਜਹਾਨ ਖਾਨ ਦਾ ਨਾਇਬ ਫ਼ੌਜੀ ਜਮਾਲ ਸ਼ਾਹ ਅੱਗੇ ਵਧਿਆ ਅਤੇ ਬਾਬਾ ਜੀ ਨੂੰ ਲਲਕਾਰਨ ਲਗਾ। ਦੋਹਾਂ ਵਿੱਚ ਘਮਾਸਾਨ ਲੜਾਈ ਹੋਈ। ਉਸ ਸਮੇਂ ਬਾਬਾ ਦੀਪ ਸਿੰਘ ਜੀ ਦੀ ਉਮਰ 75 ਸਾਲ ਦੀ ਸੀ, ਜਦੋਂ ਕਿ ਜਮਾਲ ਸ਼ਾਹ ਦੀ ਉਮਰ ਲਗਭਗ 40 ਸਾਲ ਸੀ। ਬਾਬਾ ਜੀ ਨੇ ਪੈਂਤਰਾ ਬਦਲ ਕੇ ਇੱਕ ਖੰਡੇ ਦਾ ਵਾਰ ਜਮਾਲ ਸ਼ਾਹ ਦੀ ਗਰਦਨ 'ਤੇ ਕੀਤਾ ਪਰ ਇਸ ਦੌਰਾਨ ਜਮਾਲ ਸ਼ਾਹ ਨੇ ਬਾਬਾ ਜੀ 'ਤੇ ਵੀ ਪੂਰੇ ਜੋਸ਼ ਨਾਲ ਤਲਵਾਰ ਦਾ ਵਾਰ ਕਰ ਦਿੱਤਾ, ਜਿਸ ਕਾਰਨ ਦੋਹਾਂ ਦੀਆਂ ਗਰਦਨਾਂ ਇੱਕੋ ਵੇਲੇ ਜ਼ਮੀਨ 'ਤੇ ਡਿੱਗ ਪਈਆਂ। ਉਦੋਂ ਕੋਲ ਖੜ੍ਹੇ ਬਾਬਾ ਦਿਆਲ ਸਿੰਘ ਨੇ ਬਾਬਾ ਜੀ ਨੂੰ ਕਿਹਾ, 'ਖਾਲਸਾ ਜੀ ਤੁਸੀਂ ਤਾਂ ਕਿਹਾ ਸੀ ਕਿ ਮੈਂ ਆਪਣਾ ਸਿਰ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰਾਂਗਾ। ਤੁਸੀ ਤਾਂ ਇੱਥੇ ਰਸਤੇ ਵਿੱਚ ਸਰੀਰ ਤਿਆਗ ਰਹੇ ਹੋ ?' ਉਸੇ ਵੇਲੇ ਬਾਬਾ ਜੀ ਉਠ ਖੜ੍ਹੇ ਹੋਏ ਅਤੇ ਆਪਣਾ ਖੰਡਾ ਅਤੇ ਕੱਟਿਆ ਹੋਇਆ ਸੀਸ ਹਥੇਲੀ 'ਤੇ ਚੁੱਕ ਕੇ ਦਰਬਾਰ ਸਾਹਿਬ ਵੱਲ ਚਾਲੇ ਪਾ ਦਿੱਤੇ। ਇਸ ਢੰਗ ਨਾਲ ਰਣਭੂਮੀ ਵਿੱਚ ਜੂਝਦੇ ਹੋਏ ਵੇਖ ਕੇ ਦੁਸ਼ਮਣ ਫ਼ੌਜਾਂ ਵਿੱਚ ਭਗਦੜ ਮਚ ਗਈ।

ਆਪਣੇ ਦੋਧਾਰੀ 18 ਸੇਰ ਦੇ ਖੰਡੇ ਨਾਲ ਦੁਸ਼ਮਣ ਫੌਜ ਨਾਲ ਲੜਦੇ ਹੋਏ ਬਾਬਾ ਜੀ ਅੰਤ ਦਰਬਾਰ ਸਾਹਿਬ ਪਹੁੰਚ ਗਏ। ਪਰਿਕਰਮਾ ਵਿੱਚ ਜਾ ਕੇ ਗੁਰੂਘਰ ਨੂੰ ਨਮਸਕਾਰ ਕੀਤਾ ਅਤੇ ਉਥੇ ਹੀ ਉਹ 13 ਨਵੰਬਰ 1757 ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਕਿਤੇ ਅਜਾਇਬ ਘਰਾਂ ਜੋਗੀ ਨਾ ਰਹਿ ਜਾਵੇ ਪੇਟੀ

ਅੰਮ੍ਰਿਤ ਕੌਰ

ਇਹ ਸੱਚ ਹੈ ਕਿ ਪੇਟੀ ਅੰਦਰਲੀ ਹਰ ਚੀਜ਼ ਬੀਤੇ ਵੇਲਿਆਂ ਦੀਆਂ ਰੌਣਕਾਂ ਚੇਤੇ ਕਰਵਾਉਂਦੀ ਹੈ। ਸਫ਼ਾਈ ਕਰਦਿਆਂ ਕਰਾਉਂਦਿਆਂ ਸੋਚਿਆ ਦਿਵਾਲੀ ਆ ਰਹੀ ਹੈ। ਬਰਸਾਤ ਲੰਘੀ ਹੈ ਕਿਉਂ ਨਾ ਪੇਟੀ ਵਾਲੇ ਕੱਪੜਿਆਂ ਨੂੰ ਵੀ ਧੁੱਪ ਲਵਾ ਲਈਏ। ਪੇਟੀ ਵਿਚਲੇ ਸਾਮਾਨ ਵਿੱਚੋਂ ਬਹੁਤ ਘੱਟ ਚੀਜ਼ਾਂ ਵਰਤੋਂ ਵਿੱਚ ਆਈਆਂ, ਬਾਕੀ ਸਾਰੀਆਂ ਤਾਂ ਉਸੇ ਤਰ੍ਹਾਂ ਪਈਆਂ ਹਨ। ਦੋ-ਤਿੰਨ ਕੁ ਦਰੀਆਂ ਵਰਤੋਂ ਵਿੱਚ ਆਈਆਂ। ਐਨੇ ਕੁ ਹੀ ਖੇਸ ਅਤੇ ਰਜਾਈਆਂ। ਰਾਤਾਂ ਜਾਗ-ਜਾਗ ਕੇ ਕਢਾਈ ਕੀਤੀਆਂ ਚਾਦਰਾਂ ਵੀ ਨਹੀਂ ਵਰਤੀਆਂ। ਕਹਿੰਦੇ... ਇਹ ਨ੍ਹੀਂ ਵਿਛਾਉਣੀਆਂ ਕਢਾਈ ਚੁੱਭਦੀ ਐ... ਮੈਂ ਸੋਚ ਰਹੀ ਸੀ ਕਿ ਅੱਧੀ-ਅੱਧੀ ਰਾਤ ਤੱਕ ਜਾਗ ਕੇ ਇਨ੍ਹਾਂ 'ਤੇ ਕਢਾਈ ਕਰਨ ਨੂੰ ਐਨੀ ਮਿਹਨਤ ਕਿਉਂ ਕੀਤੀ ਸੀ।

ਉਦੋਂ ਜਿਵੇਂ ਆਮ ਕਰਕੇ ਮਾਵਾਂ ਆਖਦੀਆਂ ਹੁੰਦੀਆਂ ਸਨ, 'ਕੁੜੀਆਂ ਨੂੰ ਪੜ੍ਹਾਈ ਦੇ ਨਾਲ ਹਰ ਕੰਮ ਆਉਣਾ ਜ਼ਰੂਰੀ ਹੈ।' ਉਨ੍ਹਾਂ ਦੀਆਂ ਗੱਲਾਂ ਸੁਣ ਕੇ ਲੱਗਦਾ ਹੁੰਦਾ ਸੀ ਕਿ ਸਹੁਰੇ ਘਰ ਵਸਣਾ ਹੀ ਇਨ੍ਹਾਂ ਹੱਥੀਂ ਬਣਾਈਆਂ ਚੀਜ਼ਾਂ ਦੇ ਸਿਰ 'ਤੇ ਹੈ, ਪਰ ਸ਼ਾਇਦ ਇਸ ਤਰ੍ਹਾਂ ਬਹੁਤ ਘੱਟ ਹੁੰਦਾ ਹੈ। ਵਸਾਉਣਾ ਤਾਂ ਸਲੀਕੇ ਨੇ ਹੁੰਦਾ ਹੈ। ਜੇ ਦੋਵੇਂ ਪਾਸੇ ਸਲੀਕਾ ਹੋਵੇ ਅਤੇ ਰਿਸ਼ਤਿਆਂ ਦੀ ਮਰਿਆਦਾ ਦਾ ਪਤਾ ਹੋਵੇ। ਕਿਸੇ ਸਮੇਂ ਪਿੱਛੇ ਹਟਣ ਦੀ ਹਿੰਮਤ ਹੋਵੇ, ਕਿਸੇ ਸਮੇਂ ਪਰਿਵਾਰ ਦੇ ਅੱਗੇ ਹੋ ਕੇ ਖੜ੍ਹਨ ਦੀ ਜੁਰੱਅਤ ਵੀ ਹੋਵੇ। ਆਪਣੇ ਆਪ 'ਤੇ ਐਨਾ ਕੁ ਕਾਬੂ ਰੱਖਣਾ ਆਉਂਦਾ ਹੋਵੇ ਕਿ ਮੁਆਫ਼ੀ ਮੰਗਣ ਮੰਗਾਉਣ ਵਾਲੀ ਨੌਬਤ ਹੀ ਨਾ ਆਵੇ। ਰੱਬ ਦੀ ਬਖ਼ਸ਼ੀ ਬਹੁਤ ਵੱਡੀ ਬਖ਼ਸ਼ਿਸ਼ ਜਿਹਦੇ ਸਿਰ 'ਤੇ ਅਸੀਂ ਦੁਨੀਆ ਘੁੰਮਾਉਣ ਦੇ ਮਨਸੂਬੇ ਬੰਨ੍ਹ ਲੈਂਦੇ ਹਾਂ। ਸਾਨੂੰ ਆਪਣੇ ਕੋਲ ਵੱਧ ਅਤੇ ਦੂਜਿਆਂ ਕੋਲ ਹਮੇਸ਼ਾ ਘੱਟ ਜਾਪਦੀ ਹੈ। ਇਸ ਪਿਆਰੀ ਜਿਹੀ ਅਕਲ ਨਾਮੀ ਅਦ੍ਰਿਸ਼ ਵਸਤੂ ਨੂੰ ਵਰਤ ਲਈਏ ਤਾਂ ਬਹੁਤੀਆਂ ਸਮੱਸਿਆਵਾਂ ਕੋਲ ਆ ਕੇ ਵੀ ਵਾਪਸ ਮੁੜ ਜਾਂਦੀਆਂ ਹਨ। ਭਾਵੇਂ ਅਕਲ ਦਿਸਦੀ ਨਹੀਂ, ਪਰ ਇਸ ਨੂੰ ਸਮੇਂ ਸਿਰ ਵਰਤਣ ਅਤੇ ਨਾ-ਵਰਤਣ ਦਾ ਪ੍ਰਭਾਵ ਪ੍ਰਤੱਖ ਨਜ਼ਰ ਆਉਂਦਾ ਹੈ।

ਖ਼ੈਰ ਵਾਪਸ ਪੇਟੀ ਵਾਲੇ ਸਾਮਾਨ ਦੀ ਗੱਲ ਕਰਦੇ ਹਾਂ। ਇਹ ਸਿਰਫ਼ ਇੱਕ ਘਰ ਦੀ ਪੇਟੀ ਦੀ ਗੱਲ ਨਹੀਂ ਪੰਜਾਬ ਦੇ ਬਹੁਤੇ ਘਰਾਂ ਦੀਆਂ ਪੇਟੀਆਂ ਦੀ ਗੱਲ ਹੈ। ਜਿਹੜੀਆਂ ਕੁੜੀਆਂ ਨੇ ਪੇਟੀਆਂ ਵਿਚਲਾ ਸਾਮਾਨ ਆਪਣੇ ਹੱਥੀਂ ਤਿਆਰ ਕੀਤਾ ਹੁੰਦੈ, ਉਨ੍ਹਾਂ ਅੰਦਰ ਰੀਝ ਵੀ ਹੁੰਦੀ ਹੈ ਕਿ ਉਨ੍ਹਾਂ ਦੇ ਸਹੁਨਰੇਪਣ ਦੀ ਥੋੜ੍ਹੀ ਬਹੁਤੀ ਤਾਰੀਫ਼ ਵੀ ਹੋਵੇ। ਕਰਨੀ ਵੀ ਬਣਦੀ ਹੈ। ਤਿੰਨ-ਚਾਰ ਦਹਾਕੇ ਪਹਿਲਾਂ ਇਹ ਗੱਲਾਂ ਪਿੰਡਾਂ ਵਿੱਚ ਆਮ ਹੁੰਦੀਆਂ ਰਹੀਆਂ। ਵਿਆਹ ਕੇ ਲਿਆਂਦੀ ਨੂੰਹ ਦਾ ਦਾਜ ਵਿਖਾਇਆ ਜਾਂਦਾ। ਪੇਟੀ ਖੋਲ੍ਹਣ ਦੀ ਵੀ ਰਸਮ ਹੁੰਦੀ ਸੀ। ਸਭ ਤੋਂ ਪਹਿਲਾਂ ਪੇਟੀ ਖੁੱਲ੍ਹਾਈ ਦਾ ਸੂਟ ਨਣਦ ਨੂੰ ਦਿੱਤਾ ਜਾਂਦਾ ਸੀ। ਜੇ ਉਸ ਨੂੰ ਉਹ ਸੂਟ ਪਸੰਦ ਨਾ ਆਉਂਦਾ ਤਾਂ ਉਹ ਭਰਜਾਈ ਦੇ ਸੂਟਾਂ ਵਿੱਚ ਕੋਈ ਵੀ ਵਧੀਆ ਸੂਟ ਚੁੱਕਣ ਦਾ ਹੱਕ ਰੱਖਦੀ ਸੀ। ਵਿਆਹ ਤੋਂ ਦੂਜੇ-ਤੀਜੇ ਕੁ ਦਿਨ ਸਾਰਾ ਸਾਮਾਨ ਪੇਟੀਆਂ ਤੇ ਅਲਮਾਰੀਆਂ ਵਿੱਚੋਂ ਕੱਢ ਕੇ ਮੰਜਿਆਂ 'ਤੇ ਸਜਾ ਦਿੱਤਾ ਜਾਂਦਾ। ਰਿਸ਼ਤੇਦਾਰ ਵੀ ਵੇਖ ਲੈਂਦੇ ਅਤੇ ਪਿੰਡ ਦੀਆਂ ਕੁੜੀਆਂ ਵੀ, ਨਾਲੇ ਤਾਂ ਵਿਆਹ ਤੋਂ ਦੋ-ਤਿੰਨ ਦਿਨ ਪਹਿਲਾਂ ਇਕੱਠੇ ਕੀਤੇ ਮੰਜੇ ਬਿਸਤਰੇ ਪਛਾਣ ਕੇ ਲੈ ਜਾਂਦੀਆਂ, ਨਾਲੇ ਨਵੀਂ ਵਹੁਟੀ ਨੂੰ ਅਤੇ ਉਸ ਦਾ ਦਾਜ ਵੇਖ ਜਾਂਦੀਆਂ। ਹਰ ਚੀਜ਼ ਵੇਖਦੀਆਂ ਪੱਖੀਆਂ ਦੇ ਨਮੂਨੇ, ਝੋਲ਼ਿਆਂ ਦੇ, ਸਿਰ੍ਹਾਣਿਆਂ ਦੇ, ਦਰੀਆਂ ਚਾਦਰਾਂ ਦੇ, ਪੱਖੇ ਕੂਲਰਾਂ ਦੇ ਕਵਰ, ਕੰਧਾਂ ਉੱਤੇ ਸਜਾਈਆਂ ਜਾਣ ਵਾਲੀਆਂ ਕਢਾਈ ਕੀਤੀਆਂ ਜਾਂ ਫਿਰ ਸਿੱਪੀਆਂ ਸਿਤਾਰਿਆਂ ਨਾਲ ਸਜਾਏ ਰੁੱਖ, ਵੇਲ-ਬੂਟੇ, ਪੰਛੀਆਂ ਵਾਲੀਆਂ ਤਸਵੀਰਾਂ ਕੁਦਰਤ ਦੇ ਨੇੜੇ ਹੋਣ ਦੀ



ਗਵਾਹੀ ਭਰਦੀਆਂ ਸਨ। ਇਸੇ ਤਰ੍ਹਾਂ ਦਰੀਆਂ ਦੇ ਨਮੂਨੇ ਚਿੱਟੇ ਫੁੱਲਾਂ ਵਾਲੀ ਨੂੰ ਕੱਦੂਆਂ ਦੀ ਵੇਲ, ਗੁਲਾਬੀ ਫੁੱਲਾਂ ਵਾਲੀ ਨੂੰ ਦੁਪਹਿਰ ਖਿੜੀ, ਮੋਰ, ਚਿੜੀਆਂ, ਤੋਤੇ, ਹਿਰਨ, ਸ਼ੇਰ, ਖ਼ਰਗੋਸ਼ ਆਦਿ ਹਰ ਤਰ੍ਹਾਂ ਦੇ ਨਮੂਨੇ ਬਹੁਤ ਸੋਹਣੇ ਰੰਗਾਂ ਵਿੱਚ ਮਿਲ ਜਾਂਦੇ ਸਨ। ਕਰੋਸ਼ੀਏ ਨਾਲ ਤਿਆਰ ਕੀਤਾ ਵੱਡੇ ਸ਼ੀਸ਼ੇ ਦਾ ਪਰਦਾ, ਪਰਾਤਾਂ, ਥਾਲਾਂ ਦੀਆਂ ਵੱਡੀਆਂ ਰੁਮਾਲਾਂ, ਸਵੈਟਰ, ਜੈਕੇਟ, ਕੋਟੀਆਂ ਆਦਿ। ਸਿਲਾਈਆਂ ਨਾਲ ਬੁਣੇ ਸਵੈਟਰ, ਕੋਟੀਆਂ ਆਦਿ ਤਾਂ ਮੁੰਡੇ ਦੇ ਸਾਰੇ ਪਰਿਵਾਰ ਲਈ ਵੱਖੋ-ਵੱਖਰੇ ਨਮੂਨੇ ਪਾ ਕੇ ਬਣਾਏ ਜਾਂਦੇ ਸਨ। ਨਾਪ ਵਿਚੋਲੇ ਜਾਂ ਵਿਚੋਲਣ ਨੂੰ ਪੁੱਛ ਲਿਆ ਜਾਂਦਾ। ਉਹ ਆਪਣਾ ਹਿਸਾਬ ਕਿਤਾਬ ਲਾ ਕੇ ਹੀ ਦੱਸ ਦਿਆ ਕਰਦੇ ਸਨ... ਮੁੰਡੇ ਦੇ ਭਾਈ ਦੀ ਕੱਦ-ਕਾਠੀ ਆਪਣੇ ਫਲਾਣੇ ਨਾਲ ਮਿਲਦੀ ਐ ...ਮੁੰਡੇ ਦੀ ਭੈਣ ਜਮਾਂ ਫਲਾਣੀ ਕੁੜੀ ਵਰਗੀ ਐ। ਇਸੇ ਤਰ੍ਹਾਂ ਸਾਰੇ ਜੀਆਂ ਦਾ ਨਾਪ ਦੱਸ ਦਿੱਤਾ ਜਾਂਦਾ ਸੀ। ਇਹ ਸਭ ਕੁਝ ਕੁੜੀ ਦੀਆਂ ਭੈਣਾਂ, ਮਾਂ, ਭੂਆ, ਚਾਚੀਆਂ, ਤਾਈਆਂ, ਮਾਸੀਆਂ ਬਣਾ ਦਿੰਦੀਆਂ ਸਨ, ਪਰ ਉਹ ਸਾਰੇ ਨਮੂਨੇ ਵਿਆਹ ਵਾਲੀ ਕੁੜੀ ਇਸ ਲਈ ਸਿੱਖ ਲੈਂਦੀ ਸੀ ਕਿ ਜੇਕਰ ਸਹੁਰੇ ਪਿੰਡ ਦੀ ਕੁੜੀ ਕੋਈ ਨਮੂਨਾ ਲੈਣ ਆਵੇ ਤਾਂ ਉਹ ਉਸ ਨੂੰ ਵੀ ਸਿਖਾ ਸਕੇ।

ਜਦੋਂ ਕਿਸੇ ਨਵੀਂ ਨਵੇਲੀ ਦੀ ਦਰੀ ਦਾ ਨਮੂਨਾ ਲਿਆਂਦਾ ਜਾਂਦਾ ਤਾਂ ਉਸ ਦਰੀ ਨੂੰ ਪਾਰਦਰਸ਼ੀ ਮੋਮੀ ਕਾਗਜ਼ ਦੇ ਵੱਡੇ ਲਿਫ਼ਾਫ਼ੇ ਵਿੱਚ ਪਾ ਕੇ ਹੀ ਰੱਖਿਆ ਜਾਂਦਾ ਸੀ ਤਾਂ ਕਿ ਵਾਰ-ਵਾਰ ਹੱਥ ਲੱਗਣ ਨਾਲ ਦਰੀ ਮੈਲ਼ੀ ਨਾ ਹੋ ਜਾਵੇ। ਕਈ ਵਾਰ ਵਹੁਟੀ ਤਾਂ ਭਾਵੇਂ ਨਮੂਨੇ ਲਈ ਕਿਸੇ ਨੂੰ ਜਵਾਬ ਨਾ ਦਿੰਦੀ ਉਹਦੀ ਸੱਸ ਹੀ ਆਖ ਦਿੰਦੀ, 'ਨਾ ਭਾਈ ਪੇਟੀ ਦੇ ਜਮਾਂ ਹੇਠਾਂ ਰੱਖੀਆਂ ਹੋਈਆਂ ਨੇ ਦਰੀਆਂ... ਐਨੇ ਕੱਪੜੇ ਪੇਟੀ 'ਚੋਂ ਬਾਹਰ ਕੱਢਣੇ ਧਰਨੇ ਔਖੇ ਨੇ... ਫੇਰ ਸੈੱਟ ਨ੍ਹੀਂ ਹੋਣੇ।' ਕਈ ਸਹੁਰੇ ਪਰਿਵਾਰਾਂ ਨੂੰ ਚਾਅ ਹੁੰਦਾ ਸੀ ਕਿ ਉਨ੍ਹਾਂ ਦੀ ਨੂੰਹ ਦੇ ਸਹੁਨਰੀ ਹੋਣ ਦੀਆਂ ਗੱਲਾਂ ਹੋਣ ਅਤੇ ਪਰਿਵਾਰ ਦੀ ਸ਼ੋਭਾ ਵਧੇ। ਉਨ੍ਹਾਂ ਨੂੰ ਚਾਅ ਚੜ੍ਹਦਾ ਸੀ ਜੇ ਕੋਈ ਧੀ-ਭੈਣ ਨਮੂਨਾ ਲੈਣ ਆ ਜਾਂਦੀ। ਉਹ ਖ਼ੁਸ਼ੀ-ਖ਼ੁਸ਼ੀ ਦੇ ਦਿੰਦੇ ਸਨ।

ਕਢਾਈ ਕੀਤੀਆਂ ਜਾਂ ਕਰੋਸ਼ੀਏ ਨਾਲ ਬੁਣੀਆਂ ਵੱਡੀਆਂ ਰੁਮਾਲਾਂ ਉਸ ਵੇਲੇ ਸ਼ੋਭਾ ਵਧਾਉਂਦੀਆਂ-ਜਦੋਂ ਪਿੰਡ ਵਿੱਚ ਕੋਈ ਕਾਰਜ ਹੁੰਦਾ ਤਾਂ ਥਾਲ ਜਾਂ ਪਰਾਤ ਵਿੱਚ ਪਾ ਕੇ ਵਿਆਹ ਦੀ ਭਾਜੀ ਵੰਡਣੀ ਹੁੰਦੀ। ਜਦੋਂ ਗੁਰੂ ਘਰ ਕੋਈ ਦਿਹਾੜਾ ਮਨਾਇਆ ਜਾ ਰਿਹਾ ਹੁੰਦਾ ਤਾਂ ਵੀ ਥਾਲੀ ਜਾਂ ਪਰਾਤ ਵਿੱਚ ਸਮਰੱਥਾ ਅਨੁਸਾਰ ਅਨਾਜ ਪਾ ਕੇ ਵੱਡੀਆਂ ਰੁਮਾਲਾਂ ਨਾਲ ਹੀ ਢਕਿਆ ਹੁੰਦਾ ਸੀ। ਜਿਹੜਾ ਇਹ ਅਨਾਜ ਇਕੱਠਾ ਹੋ ਜਾਂਦਾ ਉਹ ਗ਼ਰੀਬਾਂ ਵਿੱਚ ਵੰਡ ਦਿੱਤਾ ਜਾਂਦਾ ਸੀ। ਇਹ ਰਿਵਾਜ ਵੀ ਹੁਣ ਤਕਰੀਬਨ ਖ਼ਤਮ ਈ ਹੋ ਗਏ। ਹੁਣ ਲੋਕ ਰੁਪਏ ਪੈਸਿਆਂ ਦਾ ਮੱਥਾ ਟੇਕਦੇ ਹਨ।

ਹੌਲੀ-ਹੌਲੀ ਇਹ ਵਿਖਾਲੇ ਦਾ ਰਿਵਾਜ ਘਟ ਗਿਆ। ਕੁੜੀਆਂ ਨੇ ਹੱਥੀਂ ਸਾਮਾਨ ਤਿਆਰ ਕਰਨਾ ਘਟਾ ਦਿੱਤਾ। ਉਹ ਪੜ੍ਹਾਈ ਵਾਲੇ ਪਾਸੇ ਆ ਗਈਆਂ। ਉਨ੍ਹਾਂ ਦੇ ਬੋਲ ਲੋਕ ਬੋਲੀਆਂ ਵਿੱਚ ਸ਼ਾਮਲ ਹੋ ਕੇ ਪੁਕਾਰਨ ਲੱਗੇ...

ਛੈਣੇ, ਛੈਣੇ, ਛੈਣੇ
ਵਿੱਦਿਆ ਪੜ੍ਹਾ ਦੇ ਬਾਬਲਾ
ਭਾਵੇਂ ਦੇਈਂ ਨਾ ਦਾਜ ਵਿੱਚ ਗਹਿਣੇ

ਮਾਪੇ ਵੀ ਸੋਚਣ ਲੱਗੇ ਕਿ ਪੜ੍ਹਾਈ ਬਹੁਤ ਜ਼ਰੂਰੀ ਹੈ। ਕਈ ਸਾਲਾਂ ਤੱਕ ਇਹ ਕੰਮ ਨਾਲੋ-ਨਾਲ ਚੱਲਦੇ ਰਹੇ। ਫਿਰ ਹੌਲੀ-ਹੌਲੀ ਘਟਣ ਲੱਗੇ। ਆਮ ਘਰਾਂ ਦੀਆਂ ਕੁੜੀਆਂ ਵੀ ਨੌਕਰੀਆਂ ਕਰਨ ਲੱਗੀਆਂ। ਫਿਰ ਦਿਮਾਗ਼ ਵਿੱਚ ਇਹ ਸੋਚ ਭਾਰੂ ਹੋਣੀ ਸ਼ੁਰੂ ਹੋ ਗਈ ਕਿ ਜਦੋਂ ਹਰ ਚੀਜ਼ ਮੁੱਲ ਮਿਲ ਜਾਂਦੀ ਹੈ ਫਿਰ ਐਨੀ ਮਿਹਨਤ ਕਰਨ ਦਾ ਕੀ ਫਾਇਦਾ। ਕੁੜੀਆਂ ਕੋਲ ਐਨਾ ਸਮਾਂ ਵੀ ਨਹੀਂ ਸੀ ਬਚਿਆ ਕਿ ਹੱਥ ਨਾਲ ਚੀਜ਼ਾਂ ਤਿਆਰ ਕਰ ਸਕਣ। ਬਾਜ਼ਾਰ ਨੂੰ ਵੀ ਇਹ ਗੱਲ ਸਮਝ ਆ ਗਈ ਕਿ ਐਨੀ ਛੇਤੀ ਰਿਵਾਜ ਨਹੀਂ ਮੁੱਕਦੇ ਹੁੰਦੇ। ਲੋੜ ਦੇ ਹਿਸਾਬ ਨਾਲ ਸਾਮਾਨ ਬਾਜ਼ਾਰਾਂ ਵਿੱਚ ਮਿਲਣ ਲੱਗ ਪਿਆ। ਸਿਆਣੇ ਵਪਾਰੀ ਦਾਅ 'ਤੇ ਹੁੰਦੇ ਹਨ ਕਿ ਕਿਹੜੀ ਲੋੜੀਂਦੀ ਚੀਜ਼ ਘਰਾਂ ਵਿੱਚ ਬਣਨੋਂ ਹਟ ਗਈ। ਲੋਕ ਬਾਜ਼ਾਰੋਂ ਮੁੱਲ ਖ਼ਰੀਦਣਗੇ।

ਇੱਕ ਸਮਾਂ ਇਹੋ ਜਿਹਾ ਵੀ ਆਇਆ ਸੀ ਜਦੋਂ ਸਾਡੀਆਂ ਦਾਦੀਆਂ ਤੇ ਨਾਨੀਆਂ ਨੂੰ ਲਾਲ ਖੱਦਰ ਤੇ ਕਢਾਈ ਕੀਤੇ ਬਾਗ਼, ਫੁਲਕਾਰੀਆਂ ਵਾਧੂ ਲੱਗਣ ਲੱਗ ਪਏ। ਪਿੰਡੋਂ ਸ਼ਹਿਰ ਵਸੀਆਂ ਬੀਬੀਆਂ ਨੇ ਇੱਕ ਦੋ ਵਾਰ ਨੱਕ ਚੜ੍ਹਾ ਕੇ ਆਖ ਦਿੱਤਾ, 'ਹੁਣ ਇਨ੍ਹਾਂ ਨੂੰ ਕੌਣ ਸਿਆਣਦਾ ਐ?' ਉਨ੍ਹਾਂ ਵਿਚਾਰੀਆਂ ਨੇ ਸੋਚਿਆ... ਚਲੋ ਇਨ੍ਹਾਂ ਦਾ ਕੁਝ ਤਾਂ ਬਣਾਈਏ... ਰਜ਼ਾਈਆਂ, ਤਲਾਈਆਂ (ਗਦੈਲੇ) ਬਣਾਉਣ ਲਈ ਵਰਤ ਲਿਆ। ਵੀਹ ਵੀਹ ਗਜ਼ ਕੱਪੜਾ ਲਾ ਕੇ ਬਣਾਏ ਘੱਗਰੇ ਜਿਨ੍ਹਾਂ ਨੂੰ ਦੇਖ ਕੇ ਲੋਕ ਗੀਤਾਂ ਦੀਆਂ ਹੇਕਾਂ ਲੱਗਦੀਆਂ ਸਨ;

ਮੇਲੋ ਕੁੜੀ ਨੇ
ਘੱਗਰਾ ਸਵਾਇਆ ਕਾਲ਼ੀ ਸੂਫ਼ ਦਾ ਨੀਂ
ਜਾਵੇ ਸ਼ੂਕਦਾ
ਜਾਵੇ ਸ਼ੂਕਦਾ ਛੜੇ ਦੀ ਹਿੱਕ ਫੂਕਦਾ ਨੀਂ
ਜਾਵੇ ਸ਼ੂਕਦਾ...

ਜਦੋਂ ਇਨ੍ਹਾਂ ਬਾਗ਼, ਫੁਲਕਾਰੀਆਂ ਅਤੇ ਘੱਗਰਿਆਂ ਦਾ ਕੁਝ ਨਾ ਕੁਝ ਬਣਾ ਲਿਆ ਤਾਂ ਉੱਡਦੀਆਂ-ਉੱਡਦੀਆਂ ਗੱਲਾਂ ਸੁਣਨ ਨੂੰ ਮਿਲਣ ਲੱਗੀਆਂ ਕਿ ਅਮਰੀਕਾ ਵਰਗੇ ਦੇਸ਼ਾਂ ਵਿੱਚ ਹੱਥ ਦੀਆਂ ਬਣੀਆਂ ਚੀਜ਼ਾਂ ਬੜੀਆਂ ਮਹਿੰਗੀਆਂ ਵਿਕਦੀਆਂ ਨੇ। ਜਿਨ੍ਹਾਂ ਨੇ ਇਨ੍ਹਾਂ ਨੂੰ ਕਿਸੇ ਲੇਖੇ ਲਾ ਦਿੱਤਾ ਸੀ ਉਨ੍ਹਾਂ ਨੂੰ ਪਛਤਾਵਾ ਹੋਣ ਲੱਗਿਆ।

ਪੇਟੀ ਵਿੱਚ ਪਿੱਤਲ ਦੇ ਵੱਡੇ-ਵੱਡੇ ਭਾਂਡੇ- ਪਰਾਤ, ਦੇਗਾ, ਬਾਲਟੀ, ਪਤੀਲਾ, ਕੜਾਹੀ, ਥਾਲ ਆਦਿ ਵੀ ਆਪਣੇ ਵੱਲ ਧਿਆਨ ਖਿੱਚਦੇ ਹਨ। ਇਹ ਵੱਡੇ ਭਾਂਡੇ ਸੰਯੁਕਤ ਪਰਿਵਾਰਾਂ ਦੀ ਜ਼ਰੂਰਤ ਹੁੰਦੇ ਸਨ। ਜਦੋਂ ਪਰਿਵਾਰ ਛੋਟੇ ਹੋ ਗਏ ਤਾਂ ਇਨ੍ਹਾਂ ਦੀ ਵਰਤੋਂ ਘਟ ਗਈ ਜਾਂ ਫਿਰ ਜਦੋਂ ਕੋਈ ਸਮਾਗਮ ਹੁੰਦਾ ਉਦੋਂ ਕੱਢੇ ਜਾਂਦੇ। ਇਨ੍ਹਾਂ ਵੱਡੇ ਭਾਂਡਿਆਂ ਨਾਲ ਦੂਜੇ ਪਰਿਵਾਰਾਂ ਨਾਲ ਸਾਂਝ ਬਣੀ ਰਹਿੰਦੀ ਸੀ। ਜਿਹੜੇ ਘਰ ਨੂੰ ਵੀ ਲੋੜ ਹੁੰਦੀ ਬੜੇ ਹੱਕ ਨਾਲ ਮੰਗ ਲਿਆਉਂਦੇ ਸਨ।

(ਬਾਕੀ ਸਫ਼ਾ 27 'ਤੇ)

ਰੁੱਖਾਂ ਨਾਲ ਗੱਲਾਂ ਕਰਦਿਆਂ...

ਅਮਰਜੀਤ ਟਾਂਡਾ

ਰੁੱਖ ਵੀ ਦੁਖ-ਸੁਖ ਸਾਂਝੇ ਕਰਦੇ ਹਨ। ਕਦੇ ਉਨ੍ਹਾਂ ਨਾਲ ਗਲਵੱਕੜੀ ਪਾ ਕੇ ਦੇਖਿਓ, ਉਨ੍ਹਾਂ ਦੀ ਗੋਦ ਵਿੱਚ ਬਹਿ ਕੇ ਗੱਲਾਂ ਕਰਿਓ ਤੇ ਬਾਤਾਂ ਪਾਇਓ। ਜਦੋਂ ਤਪਦੀ ਧੁੱਪ ਤੜਫਾਉਂਦੀ ਹੈ ਤਾਂ ਕਿਸੇ ਸੰਘਣੇ ਰੁੱਖ ਦੀ ਮਾਂ ਵਰਗੀ ਛਾਂ ਲੱਭ ਕੇ ਸਵਰਗਾਂ ਦਾ ਨਜ਼ਾਰਾ ਮਹਿਸੂਸ ਕਰਦੇ ਹਾਂ। ਉਸ ਵੇਲੇ ਗੂੜ੍ਹੀ ਠੰਢੀ ਛਾਂ ਹੇਠ ਲੱਖਾਂ ਦੁੱਖ ਤੇ ਉਦਾਸੀਆਂ ਦੂਰ ਹੋ ਜਾਂਦੀਆਂ ਹਨ।

ਰੁੱਖਾਂ ਨਾਲ ਆਪਣਾ ਸਮਾਂ ਬਿਤਾਉਣਾ ਮਨੁੱਖ ਦੀ ਅਸਲ ਘਰ ਵਾਪਸੀ ਹੁੰਦੀ ਹੈ। ਸ਼ਹਿਰਾਂ ਦੇ ਸ਼ੋਰ ਵਿੱਚ ਰਹਿੰਦਿਆਂ ਸਾਡੇ ਅੰਦਰ ਇੱਕ ਸੁੱਕਾ ਜੰਗਲ ਵਸ ਜਾਂਦਾ ਹੈ। ਸਾਡੀ ਰੂਹ ਮਿੱਟੀ ਦੀ ਖੁਸ਼ਬੂ ਮਾਨਣਾ ਚਾਹੁੰਦੀ ਹੈ, ਪੱਤਿਆਂ ਦੀ ਸਰਸਰਾਹਟ ਸੁਣਨਾ ਚਾਹੁੰਦੀ ਹੈ, ਰੁੱਖ ਦੀਆਂ ਟਹਿਣੀਆਂ ਨਾਲ ਝੂਲਣਾ ਚਾਹੁੰਦੀ ਹੈ। ਜਦੋਂ ਉਹ ਹੁਲਾਰੇ ਮਿਲਦੇ ਹਨ ਤਾਂ ਇੱਕ ਨਵਾਂ ਸੰਸਾਰ ਉਸਰ ਜਾਂਦਾ ਹੈ। ਉਸ ਚਮਤਕਾਰੀ ਕਾਇਨਾਤ ਵਿੱਚ ਖੇੜਾ ਆ ਕੇ ਵੱਸ ਜਾਂਦਾ ਹੈ।

ਰੁੱਖ ਸਿਰਫ਼ ਲੱਕੜ ਹੀ ਨਹੀਂ ਹੁੰਦੇ। ਉਹ ਚੁੱਪਚਾਪ ਖੜ੍ਹੇ ਫੱਕਰ ਫ਼ਕੀਰ ਦਰਵੇਸ਼ ਹੁੰਦੇ ਹਨ। ਉਹ ਬੋਲਦੇ ਨਹੀਂ, ਪਰ ਫਿਰ ਵੀ ਜਿਊਣ ਦੀ ਜਾਚ ਦੱਸਦੇ ਹਨ। ਕਿਸ ਤਰ੍ਹਾਂ ਵੱਡਾ ਜਿਗਰਾ ਹੌਸਲਾ ਲੈ ਕੇ ਤੁਰਦੇ ਰਹੀਦਾ, ਇਹ ਉਹੀ ਸ਼ਬਦੀ ਸਬਕ ਸਿਖਾਉਂਦੇਹਨ। ਤਾਂ ਹੀ ਇਹ ਵਿਸ਼ਾ ਦਿਲ ਦੇ ਬਹੁਤ ਨੇੜੇ ਹੈ। ਬਿਰਖਾਂ ਨਾਲ ਸਬੰਧ ਜੋੜਨਾ, ਪਲ ਬਿਤਾਉਣੇ ਸਿਰਫ਼ ਪ੍ਰਕਿਰਤੀ ਨਾਲ ਰਹਿਣਾ ਨਹੀਂ, ਆਪਣੇ ਅਸਲੀ ਮਨ ਮੰਦਰ ਵਿੱਚ ਪਰਤਣਾ ਹੁੰਦਾ ਹੈ। ਫਿਲਾਸਫ਼ੀ ਦੀ ਨਜ਼ਰ ਨਾਲ ਰੁੱਖ ਸਾਨੂੰ 'ਦੇਣ' ਯਾਨੀ ਵੰਡ ਕੇ ਛੱਕਣ ਦਾ ਦਰਸ਼ਨ ਚਿਤਰਦੇ ਹਨ। ਉਹ ਛਾਂ, ਫੁੱਲ ਤੇ ਫ਼ਲ ਦਿੰਦੇ ਹਨ, ਆਕਸੀਜਨ ਦੇ ਸਾਹ ਜ਼ਿੰਦਗੀ ਨੂੰ ਤੋਰੀ ਰੱਖਦੇ ਹਨ ਬਿਨਾਂ ਕਿਸੇ ਆਸ ਤੇ ਉਮੀਦ ਦੇ।

ਉਹ ਆਪਣੇ ਤਨ ਚਿਰਵਾ ਕੇ ਵਾਜ਼ੇ, ਬੰਸਰੀਆਂ, ਸਾਰੰਗੀਆਂ ਤੇ ਪਤਾ ਨਹੀਂ ਕਿੰਨੇ ਹੋਰ ਅਨੇਕਾਂ ਸਾਜ਼ ਬਣਾ ਕੇ ਦਿੰਦੇ ਹਨ। ਉਹ ਇਹ ਸਭ ਆਪਣੀਆਂ ਆਂਦਰਾਂ ਨੂੰ ਭੇਟ ਕਰਕੇ ਦਿੰਦੇ ਹਨ ਤੇ ਕਦੇ ਵੀ ਕੁਝ ਨਹੀਂ ਮੰਗਦੇ। ਪਾਣੀ ਦਾ ਜੇ ਘੁੱਟ ਪਾ ਦੇਵੋ ਤਾਂ ਤੁਹਾਡੀ ਮਰਜ਼ੀ ਨਹੀਂ ਤਾਂ ਉਹ ਆਪਣੀ ਪਿਆਸ ਆਪਣੀਆਂ ਹੀ ਜੜ੍ਹਾਂ ਨੂੰ ਦੱਸਦੇ ਹਨ।

ਮੀਂਹ ਦੇ ਪਾਣੀ ਵਿੱਚ ਹੀ ਨਹਾਉਂਦੇ,ਹੱਸਦੇ ਹਰੇ ਭਰੇ ਰਹਿੰਦੇ ਹਨ। ਉਹ ਤਾਂ ਜਗ੍ਹਾ ਵੀ ਥੋੜ੍ਹੀ ਜਿਹੀ ਹੀ ਰੋਕਦੇ ਹਨ। ਕਹਿੰਦੇ ਹਨ ਤੁਸੀਂ ਫੈਲ ਜਾਓ ਅਸੀਂ ਉਤਾਂਹ ਨੂੰ ਵਧ ਕੇ ਆਪਣੀ ਚਾਹਤ ਪੂਰੀ ਕਰ ਲਵਾਂਗੇ। ਇਨਸਾਨ ਆਪਣੀ ਹਰ ਕਿਰਿਆ ਵਿੱਚ ਲਾਭ ਲੱਭਦਾ ਹੈ, ਪਰ ਰੁੱਖ ਸਿਰਫ਼ ਸੇਵਾ ਭਾਵਨਾ ਦੀ ਸਦਾ ਲੋਕਪੂਰਤੀ ਕਰਦੇ ਹਨ। ਜਿਸ ਜੀਵਨ ਵਿੱਚ ਅਹੰਕਾਰ ਘੱਟ ਹੋਵੇ, ਉਹੀ ਜੀਵਨ ਵੱਡਾ ਤੇ ਉੱਚਾ ਸੁੱਚਾ ਹੁੰਦਾ ਹੈ। ਰੁੱਖਾਂ ਦੀ ਹੋਂਦ ਅਹੰਕਾਰ ਰਹਿਤ ਹੈ। ਉਨ੍ਹਾਂ ਦੀ ਉਚਾਈ ਉੱਚੀ ਵੱਡੀ ਹੈ, ਪਰ ਸਿਰ ਨਿੱਤ ਝੁਕਿਆ ਹੋਇਆ ਰੱਖਦੇ ਹਨ, ਹਰੇਕ ਬੱਚੇ ਅਤੇ ਵੱਡੇ ਅੱਗੇ ਸਿਜਦਾ ਕਰਦੇ ਸਿਰ ਨਿਵਾਉਂਦੇ ਹਨ।



ਅੱਜ ਵਿਗਿਆਨ ਵੀ ਮੰਨ ਰਿਹਾ ਹੈ ਕਿ ਰੁੱਖਾਂ ਦੇ ਨੇੜੇ ਰਹਿਣ ਨਾਲ ਮਨੁੱਖੀ ਦਿਮਾਗ਼ ਵਿੱਚ ਤਣਾਅ ਵਾਲਾ ਹਾਰਮੋਨ ਘਟਦਾ ਹੈ। ਜਪਾਨ ਵਿੱਚ 'ਫ਼ਾਰੈਸਟ ਬਾਥਿੰਗ' ਦਾ ਸੰਕਲਪ ਮਸ਼ਹੂਰ ਹੈ। ਜੰਗਲ ਵਿੱਚ ਸਮਾਂ ਬਿਤਾਉਣਾ ਥੈਰੇਪੀ ਮੰਨੀ ਜਾਂਦੀ ਹੈ। ਪੱਤਿਆਂ ਵਿੱਚੋਂ ਨਿਕਲਣ ਵਾਲੇ 'ਫਾਈਟਨਸਾਈਡਸ' ਸਰੀਰ ਦੀ ਰੋਗ-ਪ੍ਰਤੀਰੋਧਕ ਸ਼ਕਤੀ ਵਧਾਉਂਦੇ ਹਨ।

ਹਰ ਰੁੱਖ ਇੱਕ ਜੀਵੰਤ ਲੈਬੋਰੇਟਰੀ ਹੈ, ਜਿੱਥੇ ਆਕਸੀਜਨ, ਠੰਢਕ ਅਤੇ ਜੀਵਨ ਦੀ ਊਰਜਾ ਬਣਦੀ ਹੈ ਤੇ ਖੁੱਲ੍ਹੀ ਵਰਤਾਈ ਜਾਂਦੀ ਹੈ ਬਿਨਾਂ ਕਿਸੇ ਭੇਦ ਭਾਵ ਦੇ। ਸੱਚ ਇਹ ਹੈ ਕਿ ਜਦੋਂ ਅਸੀਂ ਰੁੱਖ ਹੇਠ ਬੈਠਦੇ ਹਾਂ, ਸਾਡਾ ਬਲੱਡ ਪ੍ਰੈੱਸ਼ਰ ਘਟਦਾ ਹੈ, ਦਿਲ ਦੀ ਧੜਕਣ ਸਾਧਾਰਨ ਹੁੰਦੀ ਹੈ ਅਤੇ ਸੋਚ ਸਾਫ਼ ਹੋ ਜਾਂਦੀ ਹੈ। ਮਨ ਸ਼ਾਂਤ ਹੋਣਾ ਕੋਈ ਅਧਿਆਤਮਕ ਕਹਾਣੀ ਨਹੀਂ, ਇਹ ਬਾਇਓਲੌਜੀਕਲ ਕਿਰਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੁਦਰਤ ਨੂੰ ਪ੍ਰਭੂ ਦੀ ਰਚਨਾ ਦਾ ਪ੍ਰਤੱਖ ਰੂਪ ਕਿਹਾ ਗਿਆ ਹੈ;

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥

ਇਹ ਸ਼ਬਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਹਵਾ, ਪਾਣੀ, ਧਰਤੀ ਇਹ ਸਿਰਫ਼ ਤੱਤ ਨਹੀਂ, ਸਗੋਂ ਪਰਿਵਾਰਕ ਸਾਝਾਂ ਹਨ। ਸਾਹਾਂ ਦਾ ਪਿਆਰ ਤੇ ਗਲਵੱਕੜੀਆਂ ਦਾ ਮੋਹ। ਰੁੱਖ ਇਸ ਪਰਿਵਾਰ ਦੇ ਜਿਉਂਦੇ, ਜਾਗਦੇ ਤੇ ਹੱਸਦੇ ਹਸਾਉਂਦੇਸਾਡੇ ਸਕੇ ਰਿਸ਼ਤੇਦਾਰ ਤੇ ਲੰਗੋਟੀਏ ਯਾਰ ਹਨ। ਗੁਰਮਤਿ ਸਾਨੂੰ ਕੁਦਰਤ ਨਾਲ ਜੁੜਨ ਦੀ ਸਿੱਖਿਆ ਦਿੰਦੀ ਹੈ। ਜੋ ਮਨੁੱਖ ਰੁੱਖਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਹ ਆਪਣੀਆਂ ਹੀ ਜੜ੍ਹਾਂ ਕੱਟਦਾ ਹੈ। ਜੋ ਰੁੱਖ ਲਗਾਉਂਦਾ ਹੈ, ਉਹ ਭਵਿੱਖ ਸਾਜਦਾ ਤੇ ਸਜਾਉਂਦਾ ਹੈ।

ਰੁੱਖ ਮਨ ਦੇ ਹਕੀਮ ਵੈਦ ਹੁੰਦੇ ਹਨ। ਅੱਜ ਡਿਪ੍ਰੈਸ਼ਨ, ਚਿੰਤਾ ਅਤੇ ਅੰਦਰੂਨੀ ਖਾਲੀਪਣ ਵਧ ਰਿਹਾ ਹੈ, ਪਰ ਇੱਕ ਸਧਾਰਨ ਹੱਲ ਸਾਡੇ ਕੋਲ ਹੈ, ਰੋਜ਼ 20 ਮਿੰਟ ਰੁੱਖਾਂ ਦੇ ਨਾਲ ਬਿਤਾਉਣਾ। ਉਨ੍ਹਾਂ ਨਾਲ ਗੱਲਬਾਤ ਕਰਨੀ ਤੇ ਬਾਤਾਂ ਪਾਉਣੀਆਂ। ਦੁੱਖ ਉਦਾਸੀਆਂ ਦੱਸਣੀਆਂ, ਪੁੱਛਣੀਆਂ, ਕਿੰਨੀਆਂ ਮੁਹੱਬਤੀ ਸਾਝਾਂ ਹਨ। ਨੰਗੇ ਪੈਰ ਘਾਹ 'ਤੇ ਤੁਰਨਾ, ਪੱਤਿਆਂ ਨੂੰ ਛੂਹਣਾ, ਰੁੱਖ ਨੂੰ ਗਲੇ ਲਗਾਉਣਾ, ਇਹ ਸਿਰਫ਼ ਭਾਵਨਾਤਮਕ ਨਹੀਂ, ਨਰਵਸ ਸਿਸਟਮ ਨੂੰ ਰੀਸੈੱਟ ਕਰਕੇ ਰੀਚਾਰਜ ਕਰਦੇ ਹਨ। ਇਹ ਸਭ ਤੋਂ ਨਵੀਨਤਮ ਕੁਦਰਤੀਕਰਨ ਦਾ ਮਾਡਲ ਹੈ।

ਰੁੱਖ ਸਾਨੂੰ ਕਹਿੰਦੇ ਹਨ: 'ਹੌਲੀ ਹੌਲੀ ਵਧੀਦਾ, ਡੂੰਘੇ ਜਾਈਦਾ, ਜੜ੍ਹਾਂ ਮਜ਼ਬੂਤ ਕਰੀਦੀਆਂ।' ਫਿਰ ਕੋਈ ਹਨੇਰੀ ਤੂਫ਼ਾਨ ਤੁਹਾਨੂੰ ਹਿਲਾ ਨਹੀਂ ਸਕੇਗਾ। ਸਾਨੂੰ ਵੱਡੇ ਬਦਲਾਅ ਦੀ ਲੋੜ ਨਹੀਂ। ਸਿਰਫ਼ ਇੱਕ ਰੁੱਖ ਨਾਲ ਦੋਸਤੀ ਕਰ ਲਵੋ। ਹਰ ਹਫ਼ਤੇ ਉਸ ਦੇ ਹੇਠ ਬੈਠੋ। ਉਸ ਨੂੰ ਪਾਣੀ ਦਿਓ। ਉਸ ਨਾਲ ਗੱਲਾਂ ਕਰੋ ਕਿਉਂਕਿ ਜਦੋਂ ਅਸੀਂ ਰੁੱਖਾਂ ਨਾਲ ਸਮਾਂ ਬਿਤਾਉਂਦੇਹਾਂ ਤਾਂ ਅਸਲ ਵਿੱਚ ਆਪਣੀ ਰੂਹ ਨਾਲ ਸਮਾਂ ਬਿਤਾ ਰਹੇ ਹੁੰਦੇ ਹਾਂ। ਇੰਝ ਰੂਹ ਰਾਜ਼ੀ ਹੋ ਕੇ ਖਿੜ ਜਾਂਦੀ ਹੈ।

ਰੁੱਖਾਂ ਦੀ ਛਾਂ ਵਿੱਚ ਮਨੁੱਖ ਆਪਣੇ ਅੰਦਰਲੇ ਸ਼ੋਰ ਨੂੰ ਸੁਣਦਾ ਹੈ ਅਤੇ ਫਿਰ ਉਹ ਸ਼ੋਰ ਹੌਲੀ-ਹੌਲੀ ਸ਼ਾਂਤ ਹੋ ਜਾਂਦਾ ਹੈ। ਅੱਜ ਹੀ ਫ਼ੈਸਲਾ ਕਰੋ ਸਮਾਰਟਫੋਨ ਨਾਲ ਘੱਟ, ਰੁੱਖਾਂ ਨਾਲ ਵੱਧ ਸਮਾਂ ਬਿਤਾਉਣ ਲੱਗ ਜਾਓ। ਫੁੱਲਾਂ ਤੋਂ ਹੱਸਣਾ ਮਹਿਕਣਾ ਸਿੱਖੋ। ਰੁੱਖ ਲਗਾਉ ਫੁੱਲਾਂ ਫਲਾਂ ਵਾਲੇ ਬਣੋ। ਫਿਰ ਦੇਖਣਾ ਤੁਹਾਡਾ ਮਨ ਕਿਵੇਂ ਖਿੜ ਜਾਵੇਗਾ, ਸੋਚ ਵੱਡੀ ਵਿਲੱਖਣ ਉੱਚੀ ਹੋ ਜਾਵੇਗੀ ਅਤੇ ਜੀਵਨ ਵਿੱਚ ਇੱਕ ਅਜਿਹਾ ਅਸ਼-ਅਸ਼ ਉੱਭਰੇਗਾ ਜੋ ਕਿਸੇ ਵੀ ਦਵਾਈ ਨਾਲ ਨਹੀਂ, ਸਿਰਫ਼ ਰੁੱਖਾਂ ਦੇ ਪੱਤਿਆਂ, ਟਹਿਣੀਆਂ 'ਤੇ ਸਜੇ ਫੁੱਲਾਂ ਦੀਆਂ ਮਹਿਕਾਂ ਵਿੱਚੋਂ ਹੀ ਪ੍ਰਾਪਤ ਹੋਵੇਗਾ। ਨਜ਼ਾਰਾ ਇਹ ਹੋਵੇਗਾ ਜਿਵੇਂ ਕੁਦਰਤ ਬੂਹੇ ਉੱਤੇ ਹੀ ਆ ਕੇ ਖੜ੍ਹੀ ਹੋ ਗਈ ਹੋਵੇ, ਉਹ ਆ ਕੇ ਤੁਹਾਡਾ ਦਰਵਾਜ਼ਾ ਖੜਕਾਉਂਦੀ ਹੋਵੇ।



ਸੱਤ ਦਹਾਕਿਆਂ 'ਚ ਵਧੇਰੇ ਗਰਮ ਹੋਇਆ ਪੰਜਾਬ ਸਮੇਤ ਉੱਤਰ-ਪੱਛਮੀ ਭਾਰਤ

ਭਾਰਤੀ ਮੌਸਮ ਵਿਗਿਆਨ ਵਿਭਾਗ ਅਤੇ ਇੰਡੀਅਨ ਇੰਸਟੀਚਿਊਟ ਆਫ਼ ਟ੍ਰੋਪੀਕਲ ਮੀਟੀਓਰੋਲੋਜੀ, ਪੁਣੇ ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਉੱਤਰ-ਪੱਛਮੀ ਭਾਰਤ ਪਿਛਲੇ ਸੱਤ ਦਹਾਕਿਆਂ ਵਿੱਚ ਵਧੇਰੇ ਗਰਮ ਅਤੇ ਖੁਸ਼ਕ ਹੋ ਗਿਆ ਹੈ, ਜਿਸ ਵਿੱਚ ਖੁਸ਼ਕ ਖੇਤਰ ਪੱਛਮੀ ਤੋਂ ਪੂਰਬੀ ਉੱਤਰ ਪ੍ਰਦੇਸ਼ ਤੱਕ ਫੈਲ ਗਿਆ ਹੈ, ਜਦੋਂ ਕਿ ਦੱਖਣੀ ਭਾਰਤ ਦਾ ਬਹੁਤਾ ਹਿੱਸਾ ਵਧੇਰੇ ਨਮੀ ਵਾਲਾ ਹੋ ਗਿਆ ਹੈ।

ਖੋਜਕਰਤਾਵਾਂ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਬਦਲਾਅ ਉੱਤਰੀ ਮੈਦਾਨੀ ਇਲਾਕਿਆਂ ਵਿੱਚ ਝੋਨੇ ਦੀ ਖੇਤੀ ਅਤੇ ਬੀਜਣ ਤੇ ਵਾਢੀ ਦੇ ਸਮਾਂ-ਸਾਰਣੀ ਨੂੰ ਪ੍ਰਭਾਵਿਤ ਕਰ ਸਕਦਾ ਹੈ, ਜਿਸ ਲਈ ਬਾਰੀਕੀ ਨਾਲ ਨਿਗਰਾਨੀ ਦੀ ਲੋੜ ਹੈ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੱਤਰਾਖੰਡ,ਉੱਤਰ ਪ੍ਰਦੇਸ਼ ਅਤੇ ਦਿੱਲੀ ਨੂੰ ਕਵਰ ਕਰਨ ਵਾਲੇ ਉੱਤਰ-ਪੱਛਮੀ ਭਾਰਤ ਵਿੱਚ,ਗਰਮ ਅਰਧ-ਖੁਸ਼ਕ ਖੇਤਰ 1951-1980 ਵਿੱਚ ਖੇਤਰ ਦੇ



ਲਗਪਗ ਇੱਕ ਚੌਥਾਈ ਤੋਂ ਵੱਧ ਕੇ 1991-2020 ਵਿੱਚ ਇੱਕ ਤਿਹਾਈ ਹੋ ਗਿਆ।

ਤਾਪਮਾਨ ਵਧਣ ਅਤੇ ਮੀਂਹ ਘਟਣ ਨਾਲ ਖੇਤਰ ਦੇ ਲਗਪਗ 7% ਦੇ ਬਰਾਬਰ ਦਾ ਹਿੱਸਾ ਵਧੇਰੇ ਖੁਸ਼ਕ ਖੇਤਰ ਵਿੱਚ ਤਬਦੀਲ ਹੋ ਗਿਆ। ਉੱਤਰੀ ਮੈਦਾਨਾਂ ਦੇ ਸੁੱਕਣ ਦੀ ਜਾਂਚ ਕਰਨ ਲਈ, ਖੋਜਕਰਤਾਵਾਂ ਨੇ 1981 ਅਤੇ 2020 ਦੇ ਵਿਚਕਾਰ ਉੱਤਰ ਪ੍ਰਦੇਸ਼,ਬਿਹਾਰ ਅਤੇ ਗੰਗਾ ਦੇ ਪੱਛਮੀ ਬੰਗਾਲ ਵਿੱਚ ਬਾਰਿਸ਼ ਦੀ ਤੁਲਨਾ ਸਮੁੰਦਰ ਦੇ ਤਾਪਮਾਨ ਨਾਲ ਕੀਤੀ।

ਉਨ੍ਹਾਂ ਨੇ ਪਾਇਆ ਕਿ ਘੱਟ ਮੀਂਹ ਵਾਲੇ ਸਾਲ ਵਿਕਟੋਰੀਆ ਮੋਡ ਨਾਲ ਮੇਲ ਖਾਂਦੇ ਸਨ, ਜੋ ਕਿ ਉੱਤਰੀ ਪ੍ਰਸ਼ਾਂਤ ਮਹਾਸਾਗਰ ਵਿੱਚ ਗਰਮ ਅਤੇ ਠੰਡੇ ਪਾਣੀ ਦਾ ਇੱਕ ਆਵਰਤੀ ਪੈਟਰਨ ਹੈ,ਜੋ ਇੱਕ ਪੜਾਅ ਵਿੱਚ ਉੱਤਰੀ ਭਾਰਤ ਤੋਂ ਨਮੀ ਨੂੰ ਦੂਰ ਕਰ ਦਿੰਦਾ ਹੈ। ਆਈ.ਐਮ.ਡੀ. ਪੁਣੇ ਦੀ ਵਿਗਿਆਨੀ ਅਤੇ ਅਧਿਐਨ ਦੀ ਮੁੱਖ ਲੇਖਕ ਅਨੰਨਿਆ ਕਰਮਾਕਰ ਨੇ ਕਿਹਾ, 'ਜਦੋਂ ਅਸੀਂ 1951 ਤੋਂ 2020 ਤੱਕ ਦਹਾਕੇ ਦਰ ਦਹਾਕੇ ਭਾਰਤ ਦੇ ਜਲਵਾਯੂ ਨਕਸ਼ੇ ਦੀ ਤੁਲਨਾ ਕੀਤੀ, ਤਾਂ ਸਭ ਤੋਂ ਸਪੱਸ਼ਟ ਬਦਲਾਅ ਉੱਤਰ ਵਿੱਚ ਸੀ, ਜਿੱਥੇ ਗਰਮ, ਖੁਸ਼ਕ ਖੇਤਰ ਪੂਰਬ ਵੱਲ ਉੱਤਰ ਪ੍ਰਦੇਸ਼ ਵਿੱਚ ਵਧ ਗਿਆ ਹੈ ਅਤੇ ਕਿਉਂਕਿ ਇਹ ਦੇਸ਼ ਦੇ ਸਭ ਤੋਂ ਮਹੱਤਵਪੂਰਨ ਖੇਤੀਬਾੜੀ ਖੇਤਰਾਂ ਵਿੱਚੋਂ ਇੱਕ ਹੈ,ਉੱਥੇ ਬੀਜਣ ਅਤੇ ਵਾਢੀ ਦੇ ਸਮੇਂ 'ਤੇ ਬਾਰੀਕੀ ਨਾਲ ਨਜ਼ਰ ਰੱਖਣ ਦੀ ਲੋੜ ਹੈ।' ਇਹ ਨਤੀਜੇ ਇੱਕ ਘੱਟ ਮਾਨਸੂਨ ਦੇ ਵਿਚਕਾਰ ਆਏ ਹਨ, ਜੋ ਕਿ ਮੁਹੱਈਆ ਕਰਵਾਈ ਗਈ ਰਿਪੋਰਟ ਵਿੱਚ ਦੱਸੇ ਅਨੁਸਾਰ 2015 ਤੋਂ ਬਾਅਦ ਸਭ ਤੋਂ ਕਮਜ਼ੋਰ ਰਹਿ ਕੇ ਸਮਾਨੰਤਰ ਨਾਲੋਂ 12.6% ਘੱਟ ਸਮਾਪਤ ਹੋਇਆ। ਅਲ ਨੀਨੋ , ਪ੍ਰਸ਼ਾਂਤ ਮਹਾਸਾਗਰ ਦਾ ਸਮੇਂ-ਸਮੇਂ 'ਤੇ ਗਰਮ ਹੋਣਾ ਜੋ ਭਾਰਤ ਦੇ ਮਾਨਸੂਨ ਨੂੰ ਕਮਜ਼ੋਰ ਕਰਦਾ ਹੈ,ਇੱਕ ਮੁੱਖ ਕਾਰਕ ਸੀ।


ਮਹਾਰਾਸ਼ਟਰ, ਕਰਨਾਟਕ, ਤਿਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਰਾਜਸਥਾਨ ਦੇ ਵੱਡੇ ਹਿੱਸਿਆਂ ਵਿੱਚ ਵੀ ਸੋਕਾ ਘੋਸ਼ਿਤ ਕੀਤਾ ਗਿਆ ਸੀ। ਅਧਿਐਨ ਦੇ ਸਹਿ-ਲੇਖਕ ਅਤੇ ਭਾਰਤੀ ਮੌਸਮ ਵਿਗਿਆਨ ਵਿਭਾਗ ਦੇ ਡਾਇਰੈਕਟਰ ਜਨਰਲ ਮ੍ਰਿਤਯੁੰਜੇ ਮੋਹਾਪਾਤਰਾ ਨੇ ਕਿਹਾ ਕਿ ਸੱਤ ਦਹਾਕਿਆਂ ਦੇ ਰਿਕਾਰਡ ਨੇ ਦਿਖਾਇਆ ਹੈ ਕਿ ਭਾਰਤ ਦੇ ਜਲਵਾਯੂ ਖੇਤਰ ਇੱਕ ਜੀਵਨ ਕਾਲ ਦੇ ਅੰਦਰ ਹੀ ਬਦਲ ਗਏ ਹਨ।

ਉਨ੍ਹਾਂ ਕਿਹਾ,'ਇਸ ਸਾਲ ਦਾ ਮਾਨਸੂਨ ਮੁੱਖ ਤੌਰ 'ਤੇ ਅਲ ਨੀਨੋ ਦੇ ਕਾਰਨ ਸਮਾਨੰਤਰ ਨਾਲੋਂ 12.6% ਘੱਟ ਸਮਾਪਤ ਹੋਇਆ, ਅਤੇ ਮਰਾਠਵਾੜਾ ਅਤੇ ਪੱਛਮੀ ਵਿਦਰਭ ਵਰਗੀਆਂ ਥਾਵਾਂ 'ਤੇ ਇੱਕ ਖਰਾਬ ਮੌਨਸੂਨ ਹੁਣ 1960 ਦੇ ਦਹਾਕੇ ਦੇ ਮੁਕਾਬਲੇ ਵਧੇਰੇ ਖੁਸ਼ਕ ਜਲਵਾਯੂ ਵਿੱਚ ਆਉਂਦਾ ਹੈ ਅਤੇ ਆਈ.ਐਮ.ਡੀ. ਆਪਣੇ ਮੌਸਮੀ ਪੂਰਵ-ਅਨੁਮਾਨਾਂ ਅਤੇ ਕਿਸਾਨਾਂ ਨੂੰ ਜਾਰੀ ਕੀਤੀਆਂ ਜਾਣ ਵਾਲੀਆਂ ਮੌਸਮ ਸੰਬੰਧੀ ਸਲਾਹਾਂ ਦੇ ਨਾਲ-ਨਾਲ ਇਸ ਲੰਬੇ ਸਮੇਂ ਦੀ ਤਸਵੀਰ ਦਾ ਲਾਭ ਉਠਾਏਗਾ।

ਜਲਵਾਯੂ ਸੰਕਟ ਦੀ ਲਪੇਟ ਵਿੱਚ ਆਏ ਮਸ਼ਹਰ 'ਸਮੰਦਰੀ ਸਾਹਿਲ'

ਵੱਧਦੇ ਪ੍ਰਦੂਸ਼ਣ ਕਾਰਨ ਪ੍ਰਭਾਵਿਤ ਹੋ ਰਿਹੈ ਸਮੁੰਦਰੀ ਵਾਤਾਵਰਣ

ਦੁਨੀਆ ਇਸ ਸਾਲ ਜਲਵਾਯੂ ਪਰਿਵਰਤਨ ਦੀ ਮਾਰ ਝੱਲ ਰਹੀ ਹੈ। ਭਾਰੀ ਬਾਰਿਸ਼, ਬਰਫ਼ਬਾਰੀ ਅਤੇ ਤੂਫਾਨਾਂ ਵਰਗੀਆਂ ਕੁਦਰਤੀ ਆਫ਼ਤਾਂ ਨੇ ਲੋਕਾਂ ਦੀਆਂ ਮੁਸ਼ਕਿਲਾਂ ਵਧਾ ਦਿੱਤੀਆਂ ਹਨ। ਇਸਦਾ ਪ੍ਰਭਾਵ ਹੁਣ ਦੁਨੀਆ ਦੇ ਬੀਚਾਂ 'ਤੇ ਵੀ ਮਹਿਸੂਸ ਕੀਤਾ ਜਾ ਰਿਹਾ ਹੈ, ਜੋ ਆਪਣੀਆਂ ਸ਼ਾਨਦਾਰ ਲਹਿਰਾਂ ਕਾਰਨ ਸਰਫਿੰਗ ਪ੍ਰੇਮੀਆਂ ਵਿੱਚ ਮਸ਼ਹੂਰ ਹਨ। ਇੱਕ ਨਵੇਂ ਅਧਿਐਨ ਨੇ ਚਿਤਾਵਨੀ ਦਿੱਤੀ ਹੈ ਕਿ ਸਮੁੰਦਰ ਦੇ ਪੱਧਰ ਦਾ ਵਧਣਾ, ਤੱਟਵਰਤੀ ਕਟੌਤੀ ਅਤੇ ਬੀਚਾਂ ਦੀ ਕੁਦਰਤੀ ਬਣਤਰ ਵਿੱਚ ਬਦਲਾਅ ਦੁਨੀਆ ਦੇ ਕਈ ਪ੍ਰਮੁੱਖ ਸਰਫਿੰਗ ਸਪਾਟਾਂ ਦੇ ਵਜੂਦ ਲਈ ਖ਼ਤਰਾ ਪੈਦਾ ਕਰ ਰਹੇ ਹਨ। ਇਹ ਅਧਿਐਨ ਵਿਗਿਆਨਕ ਜਰਨਲ 'ਕਲਾਈਮੇਟਿਕ ਚੇਂਜ' ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ। ਵਿਗਿਆਨੀਆਂ ਨੇ ਅੱਠ ਦੇਸ਼ਾਂ ਵਿੱਚ 57 ਪ੍ਰਮੁੱਖ ਸਰਫਿੰਗ ਸਥਾਨਾਂ ਦਾ ਅਧਿਐਨ ਕੀਤਾ। ਇਹ ਸਾਰੇ ਸਥਾਨ 'ਵਰਲਡ ਸਰਫਿੰਗ ਰਿਜ਼ਰਵ ਨੈੱਟਵਰਕ' ਵਿੱਚ ਸ਼ਾਮਲ ਹਨ। ਅਧਿਐਨ ਵਿੱਚ ਪਾਇਆ ਗਿਆ ਕਿ ਇਨ੍ਹਾਂ ਸਥਾਨਾਂ ਦੀ ਸੁਰੱਖਿਆ ਅਤੇ ਭਵਿੱਖੀ ਸਥਿਰਤਾ ਜਲਵਾਯੂ ਪਰਿਵਰਤਨ ਦੇ ਨਾਲ-ਨਾਲ ਤੱਟਵਰਤੀ ਖੇਤਰਾਂ ਵਿੱਚ ਮਨੁੱਖੀ ਦਖਲਅੰਦਾਜ਼ੀ ਤੋਂ ਪ੍ਰਭਾਵਿਤ ਹੋ ਰਹੀ ਹੈ। ਖੋਜ ਦੇ ਅਨੁਸਾਰ, 89 ਪ੍ਰਤੀਸ਼ਤ ਸਰਫਿੰਗ ਸਥਾਨ ਆਪਣੇ ਤੱਟਾਂ ਦੀ ਕੁਦਰਤੀ ਲਚਕਤਾ ਅਤੇ ਜਲਵਾਯੂ ਪਰਿਵਰਤਨ ਨਾਲ ਸਿੱਝਣ ਦੀ ਉਨ੍ਹਾਂ ਦੀ ਯੋਗਤਾ ਦੇ ਮਾਮਲੇ ਵਿੱਚ ਇੱਕ ਮੱਧਮ ਜਾਂ ਉੱਚ ਜੋਖਮ ਦਾ ਸਾਹਮਣਾ ਕਰਦੇ ਹਨ। ਇਸ ਦੌਰਾਨ, 79 ਪ੍ਰਤੀਸ਼ਤ ਸਾਈਟਾਂ ਸਮੁੰਦਰ ਦੇ ਪੱਧਰ ਦੇ ਵਾਧੇ ਤੋਂ ਇੱਕ ਮੱਧਮ ਜਾਂ ਉੱਚ ਜੋਖਮ ਦਾ ਸਾਹਮਣਾ ਕਰਦੀਆਂ ਹਨ। 75 ਪ੍ਰਤੀਸ਼ਤ ਸਾਈਟਾਂ ਨੂੰ ਸਮੁੰਦਰੀ ਤੱਟ ਦੀ



ਬਣਤਰ ਸੰਵੇਦਨਸ਼ੀਲਤਾ ਦੇ ਮਾਮਲੇ ਵਿੱਚ ਇੱਕ ਮੱਧਮ ਜਾਂ ਉੱਚ ਜੋਖਮ ਵਾਲੇ ਵਜੋਂ ਵੀ ਸ਼ੁਮਾਰ ਕੀਤਾ ਗਿਆ ਹੈ। ਲਗਭਗ 200 ਸਥਾਨਕ ਮਾਹਿਰਾਂ ਨੇ ਅਧਿਐਨ ਵਿੱਚ ਹਿੱਸਾ ਲਿਆ। ਖੋਜਕਰਤਾਵਾਂ ਨੇ ਸਰਫਿੰਗ ਸਥਾਨਾਂ ਦੀ ਕਮਜ਼ੋਰੀ ਦਾ ਮੁਲਾਂਕਣ ਕਰਨ ਲਈ ਇੱਕ ਵਿਸ਼ੇਸ਼ ਯੰਤਰ ਦੀ ਵਰਤੋਂ ਕੀਤੀ, ਸਮੁੰਦਰ ਦੇ ਪੱਧਰ, ਲਹਿਰਾਂ, ਰੇਤ ਅਤੇ ਤਲਛਟ ਦੇ ਪ੍ਰਵਾਹ ਅਤੇ ਤੱਟਵਰਤੀ ਸੁਰੱਖਿਆ ਵਰਗੇ ਪਹਿਲੂਆਂ ਦਾ ਮੁਲਾਂਕਣ ਕੀਤਾ। ਸਰਫਿੰਗ ਲਈ ਢੁਕਵੀਆਂ ਲਹਿਰਾਂ ਸਿਰਫ਼ ਸਮੁੰਦਰ ਦੀ ਉਚਾਈ ਜਾਂ ਹਵਾ ਦੀ ਗਤੀ 'ਤੇ ਨਿਰਭਰ ਨਹੀਂ ਕਰਦੀਆਂ। ਸਮੁੰਦਰ ਦੇ ਤਲ ਦਾ ਆਕਾਰ, ਤੱਟਵਰਤੀ ਚੱਟਾਨਾਂ, ਰੇਤ ਦੀ ਵੰਡ, ਸਮੁੰਦਰੀ ਧਾਰਾਵਾਂ ਅਤੇ ਲਹਿਰਾਂ ਦੀ ਦਿਸ਼ਾ ਇੱਕ ਸਥਾਨ ਦੀਆਂ ਵਿਲੱਖਣ ਲਹਿਰਾਂ ਦੀਆਂ ਵਿਸ਼ੇਸ਼ਤਾਵਾਂ ਬਣਾਉਣ ਲਈ ਇਕੱਠੀਆਂ ਹੁੰਦੀਆਂ ਹਨ। ਜਲਵਾਯੂ ਪਰਿਵਰਤਨ ਦੇ ਕਾਰਨ ਇਹਨਾਂ ਸਥਿਤੀਆਂ ਵਿੱਚ ਬਦਲਾਅ ਲਹਿਰਾਂ ਦੇ ਪੈਟਰਨਾਂ ਨੂੰ ਬਦਲ ਸਕਦਾ ਹੈ ਜਿਸ ਲਈ ਇੱਕ ਬੀਚ ਦੁਨੀਆ ਭਰ ਵਿੱਚ ਮਸ਼ਹੂਰ ਹੈ। ਗਾਰਡੀਅਨ ਨੇ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਯੂ.ਕੇ. ਵਿੱਚ ਕਰੌਇਡਨ, ਆਸਟ੍ਰੇਲੀਆ ਵਿੱਚ ਨੂਸਾ ਅਤੇ ਕੈਲੀਫੋਰਨੀਆ, ਅਮਰੀਕਾ ਵਿੱਚ ਸਾਂਤਾ ਕਰੂਜ਼ ਵਰਗੇ ਪ੍ਰਮੁੱਖ ਸਰਫਿੰਗ ਸਥਾਨ ਵੀ ਖਤਰੇ ਵਿੱਚ ਹਨ। ਇਹਨਾਂ ਸਥਾਨਾਂ ਨੂੰ ਨਾ ਸਿਰਫ਼ ਖੇਡਾਂ ਦੇ ਕੇਂਦਰਾਂ ਵਜੋਂ ਮਾਨਤਾ ਪ੍ਰਾਪਤ ਹੈ, ਸਗੋਂ ਸਥਾਨਕ ਸੱਭਿਆਚਾਰ, ਸੈਰ-ਸਪਾਟਾ ਅਤੇ ਰੁਜ਼ਗਾਰ ਦੇ ਮਹੱਤਵਪੂਰਨ ਸਰੋਤਾਂ ਵਜੋਂ ਵੀ ਮਾਨਤਾ ਪ੍ਰਾਪਤ ਹੈ। ਤੱਟਵਰਤੀ ਖੇਤਰਾਂ ਵਿੱਚ ਸਮੁੰਦਰ ਦੇ ਪੱਧਰ ਦਾ ਵਧਣਾ ਅਤੇ ਕਟੌਤੀ ਲੰਬੇ ਸਮੇਂ ਤੋਂ ਚਿੰਤਾ ਦਾ ਵਿਸ਼ਾ ਰਹੀ ਹੈ। ਹਾਲਾਂਕਿ, ਬੀਚਾਂ 'ਤੇ ਕੰਧਾਂ, ਸੜਕਾਂ ਅਤੇ ਹੋਰ ਢਾਂਚੇ ਬਣਾਉਣਾ ਕਈ ਥਾਵਾਂ ਦੀ ਕੁਦਰਤੀ ਅਨੁਕੂਲਨ ਸਮਰੱਥਾ ਨੂੰ ਹੋਰ ਕਮਜ਼ੋਰ ਕਰ ਸਕਦਾ ਹੈ। ਰੇਤ ਨੂੰ ਬੀਚਾਂ ਤੱਕ ਲੈ ਜਾਣ ਵਾਲੀਆਂ ਨਦੀਆਂ ਨੂੰ ਬੰਨ੍ਹਣਾ ਅਤੇ ਕੰਕਰੀਟ ਨਾਲ ਤੱਟਵਰਤੀ ਜ਼ਮੀਨਾਂ ਨੂੰ ਢੱਕਣਾ ਵੀ ਰੇਤ ਦੀ ਕੁਦਰਤੀ ਸਪਲਾਈ ਵਿੱਚ ਵਿਘਨ ਪਾਉਂਦਾ ਹੈ। ਸਾਂਤਾ ਕਰੂਜ਼, ਕੈਲੀਫੋਰਨੀਆ, ਇੱਕ ਉਦਾਹਰਣ ਹੈ। ਇੱਥੇ ਸਰਫਿੰਗ ਗਤੀਵਿਧੀਆਂ ਸਥਾਨਕ ਅਰਥਵਿਵਸਥਾ ਲਈ ਮਹੱਤਵਪੂਰਨ ਹਨ। ਰਿਪੋਰਟਾਂ ਦੇ ਅਨੁਸਾਰ, ਸਰਫਿੰਗ ਇਸ ਸ਼ਹਿਰ ਦੀ ਆਰਥਿਕ ਗਤੀਵਿਧੀ ਵਿੱਚ ਸਾਲਾਨਾ ਲਗਭਗ 200 ਮਿਲੀਅਨ ਡਾਲਰ ਦਾ ਯੋਗਦਾਨ ਪਾਉਂਦੀ ਹੈ। ਜੇਕਰ ਬੀਚਾਂ ਅਤੇ ਲਹਿਰਾਂ ਦੀ ਸਥਿਤੀ ਵਿਗੜਦੀ ਹੈ, ਤਾਂ ਇਹ ਸੈਲਾਨੀਆਂ ਦੀ ਗਿਣਤੀ, ਸਥਾਨਕ ਕਾਰੋਬਾਰਾਂ ਅਤੇ ਰੁਜ਼ਗਾਰ ਨੂੰ ਪ੍ਰਭਾਵਤ ਕਰ ਸਕਦੀ ਹੈ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਕੁਦਰਤੀ ਤੱਟ ਜਲਵਾਯੂ ਤਬਦੀਲੀ ਦਾ ਮੁਕਾਬਲਤਨ ਬਿਹਤਰ ਢੰਗ ਨਾਲ ਸਾਮ੍ਹਣਾ ਕਰ ਸਕਦੇ ਹਨ। ਇਸ ਦੇ ਉਲਟ, ਜਿੱਥੇ ਬੀਚ ਨਕਲੀ ਢਾਂਚੇ ਨਾਲ ਘਿਰੇ ਹੋਏ ਹਨ, ਤੱਟਵਰਤੀ ਕਟੌਤੀ ਅਤੇ ਵਧਦੇ ਸਮੁੰਦਰ ਦੇ ਪੱਧਰ ਦੇ ਪ੍ਰਭਾਵ ਵਧੇਰੇ ਗੰਭੀਰ ਹੋ ਸਕਦੇ ਹਨ। ਅਧਿਐਨ ਨੇ ਸਥਾਨਕ ਸਰਫਿੰਗ ਭਾਈਚਾਰਿਆਂ ਦੇ ਤਜ਼ਰਬਿਆਂ ਨੂੰ ਵੀ ਮਹੱਤਵਪੂਰਨ ਮੰਨਿਆ। ਸਾਲਾਂ ਤੋਂ ਸਰਫਿੰਗ ਕਰ ਰਹੇ ਸਰਫਰਾਂ ਨੇ ਲਹਿਰਾਂ ਦੇ ਵਿਵਹਾਰ, ਰੇਤ ਦੀਆਂ ਸਥਿਤੀਆਂ ਅਤੇ ਤੱਟਵਰਤੀ ਤਬਦੀਲੀਆਂ ਨੂੰ ਨੇੜਿਓਂ ਦੇਖਿਆ ਹੈ। ਵਿਗਿਆਨੀਆਂ ਦੇ ਅਨੁਸਾਰ, ਵਿਗਿਆਨਕ ਡੇਟਾ ਨਾਲ ਆਪਣੇ ਤਜ਼ਰਬਿਆਂ ਨੂੰ ਜੋੜਨ ਨਾਲ ਜੋਖਮਾਂ ਦਾ ਬਿਹਤਰ ਮੁਲਾਂਕਣ ਕੀਤਾ ਜਾ ਸਕਦਾ ਹੈ। ਸਰਫਿੰਗ ਸਥਾਨਾਂ ਦੀ ਰੱਖਿਆ ਲਈ ਕੁਝ ਖੇਤਰਾਂ ਵਿੱਚ ਕਾਨੂੰਨੀ ਉਪਾਅ ਵੀ ਲਾਗੂ ਕੀਤੇ ਗਏ ਹਨ। ਆਸਟ੍ਰੇਲੀਆ ਦੇ ਗੋਲਡ ਕੋਸਟ, ਨਿਊਜ਼ੀਲੈਂਡ ਅਤੇ ਪੇਰੂ ਵਿੱਚ ਸਰਫਿੰਗ ਖੇਤਰਾਂ ਨੂੰ ਸੁਰੱਖਿਅਤ ਰੱਖਣ ਲਈ ਕਈ ਤਰ੍ਹਾਂ ਦੇ ਯਤਨ ਕੀਤੇ ਗਏ ਹਨ। ਖੋਜਕਰਤਾਵਾਂ ਦਾ ਕਹਿਣਾ ਹੈ ਕਿ ਅਜਿਹੇ ਉਪਾਵਾਂ ਨੂੰ ਵਿਆਪਕ ਤੱਟਵਰਤੀ ਯੋਜਨਾਬੰਦੀ ਅਤੇ ਜਲਵਾਯੂ ਅਨੁਕੂਲਨ ਰਣਨੀਤੀਆਂ ਨਾਲ ਜੋੜਨ ਦੀ ਲੋੜ ਹੈ। ਅਧਿਐਨ ਇਹ ਸਿੱਟਾ ਕੱਢਦਾ ਹੈ ਕਿ ਸੁਰੱਖਿਆ ਪ੍ਰਦਾਨ ਕਰਨ ਲਈ ਸਿਰਫ਼ ਸਮੁੰਦਰੀ ਕੰਢਿਆਂ 'ਤੇ ਨਿਰਮਾਣ ਕਰਨਾ ਦੁਨੀਆ ਦੇ ਮਸ਼ਹੂਰ ਸਰਫਿੰਗ ਸਥਾਨਾਂ ਨੂੰ ਬਚਾਉਣ ਲਈ ਕਾਫ਼ੀ ਨਹੀਂ ਹੋਵੇਗਾ। ਕੁਦਰਤੀ ਤੱਟਵਰਤੀ ਪ੍ਰਕਿਰਿਆਵਾਂ ਨੂੰ ਬਣਾਈ ਰੱਖਣਾ, ਸਮੁੰਦਰੀ ਪੱਧਰ ਦੇ ਜੋਖਮਾਂ ਦਾ ਮੁਲਾਂਕਣ ਕਰਨਾ ਅਤੇ ਸਥਾਨਕ ਭਾਈਚਾਰਿਆਂ ਨੂੰ ਸੰਭਾਲ ਯੋਜਨਾਵਾਂ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ।



ਉਡਾਰੂ ਹੋਏ ਬੋਟ

ਡਾ. ਇਕਬਾਲ ਸਿੰਘ ਸਕਰੋਦੀ

ਹਰਜੀਤ ਸਿੰਘ ਨੇ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਤੋਂ ਕੰਪਿਊਟਰ ਸਾਇੰਸ ਵਿੱਚ ਬੀ.ਟੈੱਕ. ਦੀ ਡਿਗਰੀ ਬਹੁਤ ਵਧੀਆ ਅੰਕ ਲੈ ਕੇ ਹਾਸਲ ਕਰ ਲਈ ਸੀ। ਹੁਣ ਉਸ ਨੇ ਕਈ ਵੱਡੀਆਂ ਫਰਮਾਂ ਵਿੱਚ ਨੌਕਰੀ ਲਈ ਅਪਲਾਈ ਕਰ ਦਿੱਤਾ ਸੀ। ਬੇਸ਼ੱਕ, ਅਜੇ ਤੱਕ ਉਸ ਨੂੰ ਕਿਸੇ ਵੀ ਫਰਮ ਵੱਲੋਂ ਨੌਕਰੀ ਲਈ ਸੱਦਾ ਪੱਤਰ ਨਹੀਂ ਸੀ ਮਿਲਿਆ, ਪਰ ਤਿੰਨ ਫਰਮਾਂ ਨੇ ਉਸ ਨੂੰ ਕੁਝ ਸਮੇਂ ਲਈ ਇੰਤਜ਼ਾਰ ਕਰਨ ਲਈ ਕਿਹਾ ਸੀ। ਇਹ ਤੈਅ ਸੀ ਕਿ ਦੇਰ ਸਵੇਰ ਉਸ ਨੂੰ ਕਿਸੇ ਨਾ ਕਿਸੇ ਵੱਡੀ ਫਰਮ ਵਿੱਚ ਚੰਗੀ ਨੌਕਰੀ ਲੱਗਣ ਦੀ ਪੂਰੀ ਸੰਭਾਵਨਾ ਸੀ।

ਪਰ ਉਹ ਆਪਣੇ ਸਕੂਲ ਪੜ੍ਹਦੇ ਦੋਸਤਾਂ ਸਤਿਪ੍ਰੀਤ ਸੰਧੂ ਅਤੇ ਹੇਮ ਰਾਜ ਗੋਇਲ ਦੇ ਅਜਿਹਾ ਧੱਕੇ ਚੜ੍ਹਿਆ ਕਿ ਉਸ ਨੇ ਵੀ ਕੈਨੇਡਾ ਜਾਣ ਦੀ ਜ਼ਿੱਦ ਫੜ ਲਈ। ਮੱਧਵਰਗੀ ਕਿਸਾਨੀ ਪਰਿਵਾਰ ਨਾਲ ਸਬੰਧਿਤ ਉਸ ਦੇ ਪਾਪਾ ਇੰਦਰਬੀਰ ਸਿੰਘ ਖੰਘੂੜਾ ਨੇ ਉਸ ਨੂੰ ਬਹੁਤ ਸਮਝਾਇਆ, "ਦੇਖ ਪੁੱਤਰ, ਘਰ ਦੀ ਸਾਰੀ ਸਥਿਤੀ ਤੇਰੇ ਸਾਹਮਣੇ ਐ। ਕੁੱਲ ਨੌਂ ਏਕੜ ਭੋਇੰ ਆਪਣੇ ਕੋਲ ਐ। ਦੱਬ ਘੁੱਟ ਕੇ ਬੜੀ ਮੁਸ਼ਕਲ ਨਾਲ ਘਰ ਦਾ ਦਾਲ-ਫੁਲਕਾ ਤੁਰਦੈ। ਤੇਰੀ ਪੜ੍ਹਾਈ ਉੱਤੇ ਲੱਖਾਂ ਰੁਪਈਏ ਖ਼ਰਚ ਚੁੱਕੇ ਆਂ। ਹੁਣ ਤੇਰੀ ਡਿਗਰੀ ਪੂਰੀ ਹੋ ਗਈ ਐ। ਅੱਜ ਭਲਕ 'ਚ ਤੇਰੀ ਕੋਈ ਨਾ ਕੋਈ ਨੌਕਰੀ ਲੱਗ ਜੂ ਗੀ। ਤੂੰ ਪਰਦੇਸਾਂ 'ਚ ਕਾਹਦੇ ਲਈ ਧੱਕੇ ਖਾਣੇ ਐਂ।"

ਪਰ ਯਾਰਾਂ ਦੀ ਉਹਨੂੰ ਅਜਿਹੀ ਉਂਗਲ ਲੱਗੀ ਹੋਈ ਸੀ ਕਿ ਉਹ ਕੋਈ ਵੀ ਗੱਲ ਸੁਣਨ ਸਮਝਣ ਲਈ ਰੱਤੀ ਭਰ ਵੀ ਤਿਆਰ ਨਹੀਂ ਸੀ। ਉਹਨੇ ਆਪਣੇ ਪਾਪਾ ਨੂੰ ਦੋ ਟੁੱਕ ਫ਼ੈਸਲਾ ਸੁਣਾ ਦਿੱਤਾ, "ਦੇਖੋ ਪਾਪਾ, ਜਿੰਨੀ ਕੁ ਆਪਣੇ ਕੋਲ ਜ਼ਮੀਨ ਹੈ। ਤੁਸੀਂ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੁੰਦੇ ਰਹੇ ਓ। ਆਪਣੇ ਪੱਲੇ ਕੀ ਪਿਐ ? ਸਾਰੀ ਉਮਰ ਆਪਾਂ ਰੁੱਖੀ ਮਿੱਸੀ ਖਾ ਕੇ ਡੰਗ ਟਪਾਇਆ ਹੈ। ਇਸ ਲਈ ਮੈਂ ਤਾਂ ਆਈਲੈਟਸ ਕਲੀਅਰ ਕਰ ਕੇ ਕੈਨੇਡਾ ਹੀ ਜਾਣਾ ਹੈ। ਬੱਸ ਤੁਸੀਂ ਮੇਰੇ ਲਈ ਜਹਾਜ਼ ਦੀ ਟਿਕਟ ਅਤੇ ਮੇਰੀ ਦੋ ਸਮੈਸਟਰ ਦੀ ਫ਼ੀਸ ਦਾ ਪ੍ਰਬੰਧ ਕਰ ਦਿਓ। ਉਸ ਤੋਂ ਬਾਅਦ ਮੈਂ ਤੁਹਾਨੂੰ ਕਦੇ ਵੀ ਫ਼ੀਸ ਜਾਂ ਖ਼ਰਚੇ ਲਈ ਨਹੀਂ ਕਹਾਂਗਾ। ਬੱਸ, ਤੁਸੀਂ ਹੁਣ ਨੰਨਾ ਨਾ ਮਾਰੋ। ਮੈਨੂੰ ਪਤੈ, ਮੇਰਾ ਭਵਿੱਖ ਇੱਥੇ ਨਹੀਂ ਹੈ।"

ਪੁੱਤਰ ਦੀ ਜ਼ਿੱਦ ਅਤੇ ਦ੍ਰਿੜ੍ਹਤਾ ਭਰੀਆਂ ਗੱਲਾਂ ਸੁਣ ਕੇ ਉਸ ਦੇ ਪਾਪਾ ਚੁੱਪ ਕਰ ਗਏ। ਹਰਜੀਤ ਨੇ ਪਾਪਾ ਤੋਂ ਪੰਦਰਾਂ ਹਜ਼ਾਰ ਰੁਪਏ ਲੈ ਕੇ ਉਸੇ ਦਿਨ ਨੇੜਲੇ ਸ਼ਹਿਰ ਜਾ ਕੇ ਆਈਲੈਟਸ ਦੀ ਫ਼ੀਸ ਭਰ ਦਿੱਤੀ।

ਉਹ ਹਰ ਰੋਜ਼ ਆਪਣੇ ਪੁਰਾਣੇ ਸਕੂਟਰ 'ਤੇ ਕਲਾਸ ਲਾਉਣ ਸ਼ਹਿਰ ਜਾਂਦਾ। ਘਰ ਆ ਕੇ ਸਾਰਾ-ਸਾਰਾ ਦਿਨ ਆਪਣੇ ਨੋਟਸ ਦੀ ਫੋਲਾ ਫਾਲੀ ਕਰਦਾ ਰਹਿੰਦਾ। ਕਦੇ ਨੈੱਟ ਉੱਤੇ ਜਾ ਕੇ ਕੁਝ ਨਾ ਕੁਝ ਸਰਚ ਕਰਦਾ ਰਹਿੰਦਾ। ਉਹ ਦੇਰ ਰਾਤ ਤੱਕ ਪੜ੍ਹਦਾ ਰਹਿੰਦਾ।

ਇੱਕ ਦੋ ਵਾਰੀ ਰਾਤੀਂ ਢਾਈ ਪੌਣੇ ਤਿੰਨ ਵਜੇ ਉਸ ਦੇ ਬੀਜੀ ਦੀ ਜਾਗ ਖੁੱਲ੍ਹੀ। ਪੁੱਤ ਦੇ ਕਮਰੇ ਦੀ ਜਗਦੀ ਲਾਈਟ ਵੇਖ ਕੇ ਉਸ ਨੇ ਹੌਲੀ ਜਿਹੀ ਦਰਵਾਜ਼ਾ ਖੋਲ੍ਹਿਆ। ਪੁੱਤ ਨੂੰ ਪੜ੍ਹਾਈ ਵਿੱਚ ਮਗਨ ਵੇਖ ਕੇ ਉਸ ਨੂੰ ਖ਼ੁਸ਼ੀ ਭਰੀ ਤਸੱਲੀ ਹੋਈ ਕਿ ਉਹ ਬਹੁਤ ਸਖ਼ਤ ਮਿਹਨਤ ਕਰ ਰਿਹਾ ਹੈ। ਉਹ ਉਸ ਨੂੰ ਬੁਲਾਏ ਬਿਨਾਂ ਚੁੱਪਚਾਪ ਮੁੜ ਆਈ ਸੀ। ਅਗਲੀ ਰਾਤ ਫਿਰ ਸਵੇਰੇ ਤਿੰਨ ਵਜੇ ਉਹਦੇ ਬੀਜੀ ਦੀ ਅੱਖ ਖੁੱਲ੍ਹ ਗਈ। ਉਹ ਹੌਲੀ ਜਿਹੀ ਪੁੱਤ ਦੇ ਕਮਰੇ ਵਿੱਚ ਚਲੀ ਗਈ। ਬੀਜੀ ਨੇ ਉਹਦੇ ਵਾਲ਼ਾਂ ਵਿੱਚ ਪਿਆਰ ਨਾਲ ਹੱਥ ਫੇਰਦਿਆਂ ਆਖਿਆ, "ਪੁੱਤ ਹਰੀ, ਬਹੁਤ ਰਾਤ ਹੋ ਗਈ। ਤੂੰ ਕੱਲ੍ਹ ਸਵੇਰੇ ਆਪਣੀ ਕਲਾਸ ਲਾਉਣ ਸ਼ਹਿਰ ਵੀ ਜਾਣਾ ਹੈ। ਹੁਣ ਤੈਨੂੰ ਆਰਾਮ ਕਰਨਾ ਚਾਹੀਦਾ ਹੈ।"

ਮਾਂ ਦੀਆਂ ਮੋਹ ਅਤੇ ਪਿਆਰ ਭਰੀਆਂ ਗੱਲਾਂ ਸੁਣ ਕੇ ਉਹ ਬੋਲਿਆ, "ਬੀਜੀ, ਬੱਸ ਮੇਰਾ ਥੋੜ੍ਹਾ ਜਿਹਾ ਕੰਮ ਬਾਕੀ ਹੈ। ਕੱਲ੍ਹ ਨੂੰ ਮੇਰੇ ਸਰ ਨੇ ਸਾਡਾ ਟੈਸਟ ਲੈਣਾ ਹੈ। ਬੱਸ, ਉਸੇ ਦੀ ਤਿਆਰੀ ਵਿੱਚ ਲੱਗਾ ਹਾਂ। ਬੀਜੀ, ਤੁਸੀਂ ਮੇਰੀ ਸਿਹਤ ਜਾਂ ਨੀਂਦ ਲਈ ਕੋਈ ਫ਼ਿਕਰ ਨਾ ਕਰਿਆ ਕਰੋ। ਮੈਂ ਬਿਲਕੁਲ ਠੀਕ ਹਾਂ। ਨਾਲੇ ਕੁਝ ਹਾਸਲ ਕਰਨ ਲਈ ਨੀਂਦ ਅਤੇ ਸੁਖ ਦਾ ਤਿਆਗ ਤਾਂ ਕਰਨਾ ਹੀ ਹੁੰਦਾ ਹੈ। ਦੂਜਾ, ਆਪਣੇ ਘਰ ਦੀ ਸਾਰੀ ਸਥਿਤੀ ਮੇਰੇ ਸਾਹਮਣੇ ਹੈ। ਪਾਪਾ ਨੇ ਪਹਿਲਾਂ ਹੀ ਮੇਰੀ ਪੜ੍ਹਾਈ ਉੱਤੇ ਲੱਖਾਂ ਰੁਪਈਏ ਖ਼ਰਚ ਕਰ ਦਿੱਤੇ ਹਨ। ਬੱਸ, ਹੁਣ ਇਹ ਆਖ਼ਰੀ ਹੰਭਲਾ ਮਾਰ ਕੇ ਮੈਂ ਆਪਣੀ ਮੰਜ਼ਿਲ ਫ਼ਤਹਿ ਕਰਨੀ ਚਾਹੁੰਦਾ ਹਾਂ। ਮੇਰੀ ਇੱਕੋ ਇੱਕ ਦਿਲੀ ਤਮੰਨਾ ਹੈ ਕਿ ਆਪਣੇ ਪੈਰਾਂ ਉੱਤੇ ਖੜ੍ਹੋ ਕੇ ਬੀਜੀ ਪਾਪਾ ਦੀ ਝੋਲ਼ੀ ਵਿੱਚ ਉਹ ਸਾਰੀਆਂ ਖ਼ੁਸ਼ੀਆਂ ਪਾ ਸਕਾਂ ਜਿਹੜੀਆਂ ਉਨ੍ਹਾਂ ਆਪਣੀ ਸਾਰੀ ਉਮਰ ਮੇਰੀ ਪੜ੍ਹਾਈ ਕਾਰਨ ਕੁਰਬਾਨ ਕੀਤੀਆਂ ਹਨ।"

ਪੁੱਤ ਦੀਆਂ ਸੂਝ ਅਤੇ ਸਿਆਣਪ ਭਰੀਆਂ ਗੱਲਾਂ ਸੁਣ ਕੇ ਮਾਂ ਨੇ ਉਸ ਨੂੰ ਆਪਣੀ ਹਿੱਕ ਨਾਲ ਘੁੱਟ ਲਿਆ। ਫਿਰ ਉਹ ਬੋਲੀ, "ਹਰੀ, ਜੇ ਤੂੰ ਹੋਰ ਲੰਮੇ ਸਮੇਂ ਤੱਕ ਪੜ੍ਹਾਈ ਕਰਨੀ ਹੈ ਤਾਂ ਮੈਂ ਤੇਰੇ ਲਈ ਚਾਹ ਦਾ ਕੱਪ ਬਣਾ ਦਿਆਂ ?"

"ਨਹੀਂ ਬੀਜੀ। ਮੇਰਾ ਕੰਮ ਬੱਸ ਖ਼ਤਮ ਹੀ ਹੋਣ ਵਾਲਾ ਹੈ। ਤੁਸੀਂ ਜਾ ਕੇ ਆਰਾਮ ਕਰੋ। ਮੈਂ ਵੀ ਥੋੜ੍ਹੀ ਦੇਰ ਬਾਅਦ ਸੌਂ ਜਾਣਾ ਹੈ।" ਪੁੱਤਰ ਨੇ ਆਖਿਆ। ਉਹ ਚੁੱਪਚਾਪ ਉੱਠ ਕੇ ਆਪਣੇ ਬਿਸਤਰੇ 'ਤੇ ਆ ਪਈ।

ਲਗਪਗ ਚਾਰ ਮਹੀਨਿਆਂ ਬਾਅਦ ਹਰਜੀਤ ਦਾ ਆਈਲੈਟਸ ਦਾ ਰਿਜਲਟ ਐਲਾਨ ਦਿੱਤਾ ਗਿਆ ਸੀ। ਉਸ ਨੇ ਸਖ਼ਤ ਮਿਹਨਤ ਕਰਕੇ ਪਹਿਲੀ ਵਾਰੀ ਵਿੱਚ ਹੀ ਸਾਢੇ ਸੱਤ ਬੈਂਡ ਹਾਸਲ ਕਰ ਲਏ ਸਨ। ਨਤੀਜਾ ਸੁਣ ਕੇ ਉਸ ਦੇ ਬੀਜੀ ਪਾਪਾ ਨੂੰ ਬਹੁਤ ਜ਼ਿਆਦਾ ਖ਼ੁਸ਼ੀ ਹੋਈ। ਦੋ ਮਹੀਨਿਆਂ ਬਾਅਦ ਉਸ ਦਾ ਵੀਜ਼ਾ ਲੱਗ ਗਿਆ। ਨੌਂ ਅਗਸਤ ਨੂੰ ਦਿੱਲੀ ਹਵਾਈ ਅੱਡੇ ਤੋਂ ਸਵੇਰੇ ਸੱਤ ਵਜੇ ਉਸ ਦੀ ਉਡਾਣ ਸੀ।

ਅੱਠ ਅਗਸਤ ਦੀ ਰਾਤ ਦਸ ਵਜੇ ਉਹ ਆਪਣੇ ਬੀਜੀ ਪਾਪਾ ਨਾਲ ਦਿੱਲੀ ਹਵਾਈ ਅੱਡੇ ਜਾਣ ਲਈ ਘਰੋਂ ਚੱਲਿਆ। ਉਸ ਦੇ ਦਾਦਾ ਦਾਦੀ ਅਤੇ ਛੋਟੀ ਭੈਣ ਹੁਸਨਪ੍ਰੀਤ ਵੀ ਨਾਲ ਜਾਣ ਦੀ ਜ਼ਿੱਦ ਕਰ ਰਹੇ ਸੀ, ਪਰ ਲੰਮਾ ਸਫ਼ਰ ਹੋਣ ਕਾਰਨ ਉਹ ਉਨ੍ਹਾਂ ਤਿੰਨਾਂ ਨੂੰ ਘਰ ਹੀ ਛੱਡ ਗਏ।

ਸਵੇਰੇ ਪੰਜ ਵਜੇ ਉਸ ਦੀ ਹਵਾਈ ਅੱਡੇ ਅੰਦਰ ਐਂਟਰੀ ਸੀ। ਉਹ ਖ਼ੁਸ਼ੀ ਦੇ ਰੌਂਅ ਵਿੱਚ ਪੂਰਾ ਚਹਿਕ ਰਿਹਾ ਸੀ। ਉਸ ਦੇ ਪਾਪਾ ਵੀ ਪੂਰੀ ਚੜ੍ਹਦੀ ਕਲਾ ਵਿੱਚ ਸਨ, ਪਰ ਬੀਜੀ ਦੀਆਂ ਅੱਖਾਂ ਵਿਚਲੀ ਚਮਕ ਕਿਧਰੇ ਲੋਪ ਹੋ ਚੁੱਕੀ ਸੀ। ਲੱਖ ਕੋਸ਼ਿਸ਼ ਕਰਨ ਦੇ ਬਾਵਜੂਦ ਉਸ ਦੀਆਂ ਅੱਖਾਂ ਵਿੱਚੋਂ ਪਾਣੀ ਵਹਿ ਰਿਹਾ ਸੀ ਜਿਵੇਂ ਵਿਦੇਸ਼ੀ ਧਰਤੀ ਨੇ ਉਸ ਦੀਆਂ ਆਂਦਰਾਂ ਕੱਢ ਲਈਆਂ ਹੋਣ।

ਇੱਕ ਵਾਰੀ ਤਾਂ ਇੰਦਰਬੀਰ ਦੇ ਦਿਲ ਵਿੱਚ ਆਇਆ ਕਿ ਉਹ ਪਤਨੀ ਨੂੰ ਹੌਸਲਾ ਦੇਵੇ। ਅੱਗੇ ਹੋ ਕੇ ਉਸ ਦੀਆਂ ਅੱਖਾਂ ਵਿੱਚੋਂ ਵਹਿੰਦੀ ਗੰਗਾ ਜਮਨਾ ਨੂੰ ਸਾਫ਼ ਕਰ ਦੇਵੇ। ਉਸ ਨੂੰ ਆਪਣੀ ਹਿੱਕ ਨਾਲ ਲਾ ਕੇ ਘੁੱਟ ਲਵੇ। ਪਰ ਜਵਾਨ ਪੁੱਤ ਦੇ ਸਾਹਮਣੇ ਖੜ੍ਹਾ ਹੋਣ ਅਤੇ ਲੋਕਾਂ ਦੀ ਭੀੜ ਕਾਰਨ ਉਹ ਕੁਝ ਵੀ ਨਾ ਕਰ ਸਕਿਆ। ਬੇਸ਼ੱਕ, ਉਸ ਨੇ ਆਪਣੇ ਮਨ ਨੂੰ ਬਹੁਤ ਕਰੜਾ ਕਰ ਕੇ ਰੱਖਿਆ ਹੋਇਆ ਸੀ। ਪਰ ਪਰਦੇਸ ਜਾ ਰਹੇ ਪੁੱਤਰ ਦੀ ਪਿੱਠ ਵੇਖ ਕੇ ਉਸ ਦਾ ਆਪਣਾ ਚਿੱਤ ਵੀ ਗੋਤੇ ਖਾ ਰਿਹਾ ਸੀ।

ਸਾਮਾਨ ਦੀ ਚੈਕਿੰਗ ਅਤੇ ਕਲੀਅਰੈਂਸ ਹੋ ਚੁੱਕੀ ਸੀ। ਹਰਜੀਤ ਜਹਾਜ਼ ਵੱਲ ਜਾਣ ਤੋਂ ਪਹਿਲਾਂ ਆਖ਼ਰੀ ਵਾਰੀ ਆਪਣੇ ਬੀਜੀ ਪਾਪਾ ਨੂੰ ਦੂਰੋਂ ਹੀ ਬਾਏ ਕਰਨ ਲਈ ਮੁੜਿਆ। ਸਾਹਮਣੇ ਆਪਣੇ ਬੀਜੀ ਪਾਪਾ ਦੀਆਂ ਉਦਾਸ ਅਤੇ ਵੀਰਾਨ ਅੱਖਾਂ ਤੱਕ ਕੇ ਉਸ ਦਾ ਸਖ਼ਤ ਮਨ ਵੀ ਡੋਲ ਗਿਆ। ਉਸ ਨੇ ਦੂਰੋਂ ਹੀ ਦੋਵੇਂ ਹੱਥਾਂ ਨਾਲ ਬੀਜੀ ਪਾਪਾ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਈ। ਫਿਰ ਉਹ ਉਨ੍ਹਾਂ ਵੱਲ ਪਿੱਠ ਕਰ ਕੇ ਆਪਣੀਆਂ ਅੱਖਾਂ ਵਿੱਚ ਆਏ ਹੰਝੂਆਂ ਨੂੰ ਪੂੰਝਣ ਲੱਗ ਪਿਆ ਸੀ।

ਸਵੇਰੇ ਸਵਾ ਸੱਤ ਵਜੇ ਦੋਵੇਂ ਜੀਅ ਚੁੱਪਚਾਪ ਆ ਕੇ ਕਿਰਾਏ ਦੀ ਗੱਡੀ ਵਿੱਚ ਆ ਬੈਠੇ ਸਨ। ਡਰਾਈਵਰ ਨੇ ਦੋਵਾਂ ਦੇ ਉਤਰੇ ਚਿਹਰੇ ਵੇਖ ਲਏ ਸਨ। ਆਮ ਤੌਰ 'ਤੇ ਉਹ ਏਅਰਪੋਰਟ ਉੱਤੇ ਆਪਣੇ ਧੀ ਜਾਂ ਪੁੱਤਰ ਨੂੰ ਚੜ੍ਹਾਉਣ ਆਏ ਮਾਪਿਆਂ ਨੂੰ ਵਧਾਈਆਂ ਦੇ ਦਿੰਦਾ ਸੀ। ਵਧਾਈ ਦੇ ਰੂਪ ਵਿੱਚ ਉਸ ਨੂੰ ਪੰਜ ਚਾਰ ਸੌ ਰੁਪਏ ਸ਼ਗਨ ਦੇ ਮਿਲ ਜਾਂਦੇ ਸਨ। ਦੋਵਾਂ ਜੀਆਂ ਦੀ ਹਾਲਤ ਵੇਖ ਕੇ ਅੱਜ ਧਰਮਪਾਲ ਦੇ ਮੂੰਹੋਂ ਕੋਈ ਵੀ ਸ਼ਬਦ ਨਹੀਂ ਸੀ ਨਿਕਲਿਆ। ਉਸ ਨੇ ਚੁੱਪਚਾਪ ਗੱਡੀ ਸਟਾਰਟ ਕਰ ਲਈ। ਉਸ ਨੇ ਆਪਣੇ ਦੋਵੇਂ ਹੱਥ ਜੋੜੇ। ਅੱਖਾਂ ਬੰਦ ਕੀਤੀਆਂ। ਬੁੱਲ੍ਹਾਂ ਵਿੱਚ ਕੁਝ ਫੁਸਫੁਸਾਇਆ। ਅਗਲੇ ਪਲਾਂ ਵਿੱਚ ਗੱਡੀ ਸਰਪਟ ਦੌੜ ਰਹੀ ਸੀ। ਲਗਪਗ ਅੱਧੇ ਘੰਟੇ ਬਾਅਦ ਇੰਦਰਬੀਰ ਨੇ ਬੋਝਲ ਮਾਹੌਲ ਨੂੰ ਸੁਖਾਵਾਂ ਕਰਨ ਦੀ ਚਾਹ ਨਾਲ ਪਤਨੀ ਨੂੰ ਸੁਣਾ ਕੇ ਆਖਿਆ, "ਚਲੋ, ਕੁਦਰਤ ਦਾ ਲੱਖ-ਲੱਖ ਸ਼ੁਕਰ ਐ ਕਿ ਸਾਡਾ ਪੁੱਤ ਸੁੱਖੀ-ਸਾਂਦੀ ਜਹਾਜ਼ ਚੜ੍ਹਿਆ ਏ। ਨਹੀਂ ਤਾਂ ਹਰ ਰੋਜ਼ ਧੋਖੇਬਾਜ਼ ਏਜੰਟਾਂ ਦੇ ਧੱਕੇ ਚੜ੍ਹੇ ਮੁੰਡੇ ਕੁੜੀਆਂ ਦੀ ਕੋਈ ਉੱਘ ਸੁੱਘ ਹੀ ਨਹੀਂ ਨਿਕਲਦੀ ਕਿ ਉਹ ਕਿੱਥੇ ਗਏ ? ਬਹੁਤਿਆਂ ਨੂੰ ਤਾਂ ਇਨ੍ਹਾਂ ਠੱਗੀ ਠੋਰੀ ਵਾਲੇ ਏਜੰਟਾਂ ਦੇ ਆਪਣੇ ਦਲਾਲ ਹੀ ਮਾਰ ਮੁਕਾਉਂਦੇ ਹਨ। ਜਾਂ ਗ਼ਲਤ ਢੰਗ ਨਾਲ ਭੇਜੇ ਬੇਗਾਨੇ ਦੇਸ਼ ਦੀ ਪੁਲੀਸ ਨੂੰ ਜਾਣਕਾਰੀ ਦੇ ਕੇ ਗ੍ਰਿਫ਼ਤਾਰ ਕਰਵਾ ਦਿੰਦੇ ਹਨ। ਲੋਕਾਂ ਦੇ ਪੁੱਤ ਧੀ ਬੇਗਾਨੇ ਦੇਸ਼ ਦੀਆਂ ਜੇਲ੍ਹਾਂ ਵਿੱਚ ਸੜਦੇ ਰਹਿੰਦੇ ਹਨ, ਮਾੜੀ ਕਿਸਮਤ ਵਾਲੇ। ਅਜਿਹੇ ਪਾਖੰਡੀ ਏਜੰਟਾਂ ਦੇ ਝਾਂਸੇ ਵਿੱਚ ਆ ਕੇ ਬਹੁਤ ਸਾਰੀਆਂ ਮੁਟਿਆਰਾਂ ਤਾਂ ਆਪਣਾ ਜਤ ਸਤ ਗੁਆ ਬਹਿੰਦੀਆਂ ਹਨ। ਉਹ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਜਾਂਦੀਆਂ ਹਨ ਜਿਸ ਬਾਰੇ ਉਨ੍ਹਾਂ ਵਿਚਾਰੀਆਂ ਨੇ ਕਦੇ ਕਲਪਨਾ ਵੀ ਨਹੀਂ ਕੀਤੀ ਹੁੰਦੀ। ਆਮ ਤੌਰ 'ਤੇ ਅਜਿਹੇ ਗੰਦੇ ਅਤੇ ਗ਼ਲੀਜ਼ ਮਾਹੌਲ ਵਿੱਚੋਂ ਕੋਈ ਬਾਹਰ ਹੀ ਨਹੀਂ ਨਿਕਲ ਸਕਦੀ। ਜੇਕਰ ਉਨ੍ਹਾਂ ਵਿੱਚੋਂ ਕੁਝ ਇੱਕ ਨੂੰ ਬਾਹਰ ਨਿਕਲਣ ਦਾ ਮੌਕਾ ਵੀ ਮਿਲਦਾ ਹੈ, ਤਦ ਵੀ ਉਹ ਸ਼ਰਮ ਦੀਆਂ ਮਾਰੀਆਂ ਆਪਣੇ ਮਾਪਿਆਂ ਨਾਲ ਕੋਈ ਰਾਬਤਾ ਕਾਇਮ ਨਹੀਂ ਕਰਦੀਆਂ। ਹਾਲਾਂਕਿ ਆਪਣੀ ਇਸ ਹਾਲਤ ਲਈ ਉਨ੍ਹਾਂ ਦਾ ਕੋਈ ਕਸੂਰ ਵੀ ਨਹੀਂ ਹੁੰਦਾ। ਵਿਚਾਰੀਆਂ ਦੇ ਮਾਪੇ ਵੀ ਸਬਰ ਦਾ ਘੁੱਟ ਭਰ ਕੇ ਚੁੱਪ-ਚਾਪ ਬੈਠ ਜਾਂਦੇ ਹਨ। ਕਿਹੜਾ ਕਿਸੇ ਦਾ ਕੋਈ ਜ਼ੋਰ ਚੱਲਦੈ !"

ਪਤੀ ਦੀ ਲੰਮੀ ਚੌੜੀ ਗੱਲਬਾਤ ਸੁਣ ਕੇ ਵੀ ਪਤਨੀ ਨੇ ਕੋਈ ਹੁੰਗਾਰਾ ਨਾ ਭਰਿਆ। ਉਸ ਨੂੰ ਇੰਝ ਮਹਿਸੂਸ ਹੋ ਰਿਹਾ ਸੀ, ਜਿਵੇਂ ਉਸ ਦਾ ਸਰੀਰ ਹੀ ਗੱਡੀ ਦੀ ਸੀਟ ਉੱਤੇ ਰੱਖਿਆ ਹੋਵੇ, ਰੂਹ ਤਾਂ ਉਸ ਦੀ ਉਸ ਦੇ ਪੁੱਤ ਨਾਲ ਹੀ ਚਲੀ ਗਈ ਸੀ।

ਡਰਾਈਵਰ ਨੇ ਉਸ ਦੀਆਂ ਸਾਰੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ ਸਨ। ਉਹ ਬੋਲਿਆ, "ਹਾਂ ਜੀ, ਸਰਦਾਰ ਸਾਹਿਬ, ਤੁਸੀਂ ਬਿਲਕੁਲ ਸੱਚੀਆਂ ਗੱਲਾਂ ਕਹੀਆਂ ਹਨ। ਪਰ ਮੈਨੂੰ ਇੱਕ ਗੱਲ ਦੀ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਧੋਖੇਬਾਜ਼ ਪਾਖੰਡੀ ਏਜੰਟਾਂ ਨੇ ਇੰਨੇ ਸਾਲਾਂ ਤੋਂ ਆਪਣਾ ਜਾਲ ਬੁਣਿਆ ਹੋਇਆ ਹੈ। ਸਾਡੀਆਂ ਸਰਕਾਰਾਂ, ਵੱਡੇ-ਵੱਡੇ ਅਫ਼ਸਰ, ਪੁਲਿਸ ਦੇ ਅਧਿਕਾਰੀ ਇਨ੍ਹਾਂ ਖਿਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕਰਦੇ ? ਇਨ੍ਹਾਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਕੇ ਸਜ਼ਾਵਾਂ ਕਿਉਂ ਨਹੀਂ ਦਿੰਦੇ ? ਆਮ ਲੋਕੀਂ ਜਾਗਰੂਕ ਹੋ ਕੇ ਇਨ੍ਹਾਂ ਨੂੰ ਧੌਣ ਤੋਂ ਕਿਉਂ ਨਹੀਂ ਫੜਦੇ ?"

"ਨਹੀਂ ਨਹੀਂ, ਧਰਮਪਾਲ ਇਹੋ ਜਿਹੀ ਕੋਈ ਗੱਲ ਨਹੀਂ। ਇਨ੍ਹਾਂ ਲੋਕਾਂ ਖਿਲਾਫ਼ ਕਾਰਵਾਈ ਤਾਂ ਹੁੰਦੀ ਹੈ। ਪਰ ਇਹ ਲੋਕ ਆਪਣੇ ਧਨ ਦੌਲਤ ਅਤੇ ਉੱਪਰ ਤੱਕ ਹਿੱਸੇਦਾਰੀ ਹੋਣ ਕਾਰਨ ਬਚ ਜਾਂਦੇ ਹਨ। ਇਨ੍ਹਾਂ ਲੋਕਾਂ ਨੇ ਤਾਂ ਮੱਕੜੀ ਵਾਲਾ ਅਜਿਹਾ ਤਾਣਾ ਤਣਿਆ ਹੋਇਆ ਹੈ ਕਿ ਸਾਡੇ ਭੋਲ਼ੇ-ਭਾਲ਼ੇ ਲੋਕਾਂ ਦੇ ਸਾਊ ਧੀਆਂ ਪੁੱਤਰ ਇਨ੍ਹਾਂ ਦੇ ਜਾਲ਼ ਵਿੱਚ ਖ਼ੁਦ-ਬ-ਖ਼ੁਦ ਆ ਫਸਦੇ ਹਨ। ਜੇਕਰ ਸਾਡੇ ਨੌਜਵਾਨ ਪੂਰੀ ਮਿਹਨਤ ਕਰਨ, ਸਹੀ ਢੰਗ ਨਾਲ ਆਪਣੀ ਫਾਈਲ ਲਾਉਣ ਤਾਂ ਉਹ ਇੱਕ ਨੰਬਰ ਵਿੱਚ ਵਿਦੇਸ਼ ਚਲੇ ਜਾਂਦੇ ਹਨ। ਉੱਥੇ ਜਾ ਕੇ ਸਖ਼ਤ ਮਿਹਨਤ ਕਰ ਕੇ ਸੁਖ ਦੀ ਰੋਟੀ ਖਾਂਦੇ ਹਨ।" ਇੰਦਰਬੀਰ ਨੇ ਕਿਹਾ।

ਅਜੇ ਉਨ੍ਹਾਂ ਸੌ ਕੁ ਕਿਲੋਮੀਟਰ ਦਾ ਸਫ਼ਰ ਤੈਅ ਕੀਤਾ ਸੀ ਕਿ ਧਰਮਪਾਲ ਨੇ ਇੱਕ ਬਹੁਤ ਵੱਡਾ ਢਾਬਾ ਵੇਖ ਕੇ ਗੱਡੀ ਰੋਕ ਲਈ। ਗੱਡੀ ਵਿੱਚੋਂ ਉਤਰਨ ਤੋਂ ਪਹਿਲਾਂ ਉਹ ਬੋਲਿਆ, "ਸਰਦਾਰ ਸਾਹਿਬ! ਮੈਂ ਤਾਂ ਕੱਲ੍ਹ ਸਵੇਰੇ ਵੀ ਅੰਮ੍ਰਿਤਸਰ ਏਅਰਪੋਰਟ ਤੋਂ ਸਵਾਰੀਆਂ ਲੈ ਕੇ ਆਇਆ ਸੀ। ਉਨ੍ਹਾਂ ਨੂੰ ਘਰੀਂ ਛੱਡ ਕੇ ਸਿੱਧਾ ਥੋਡੇ ਕੋਲ਼ੇ ਆ ਗਿਆ ਸੀ। ਮੈਨੂੰ ਤਾਂ ਹੁਣ ਬਹੁਤ ਜ਼ੋਰ ਦੀ ਭੁੱਖ ਲੱਗੀ ਹੈ। ਤੁਸੀਂ ਵੀ ਆਪਣੀ ਲੋੜ ਅਨੁਸਾਰ ਚਾਹ ਪਾਣੀ ਪੀ ਲਉ।"

"ਹਾਂ ਹਾਂ, ਕਿਉਂ ਨਹੀਂ ! ਜ਼ਰੂਰ।" ਸਰਦਾਰ ਨੇ ਆਖਿਆ। ਫਿਰ ਉਸ ਨੇ ਆਪਣੀ ਪਤਨੀ ਨੂੰ ਕਿਹਾ, "ਸੁਖਜੀਤ, ਆ ਜਾਓ ਬਾਹਰ। ਆਪਾਂ ਵੀ ਇੱਕ-ਇੱਕ ਪਰੌਂਠਾ ਇੱਥੇ ਹੀ ਛਕ ਲੈਂਦੇ ਹਾਂ। ਘਰ ਵੜਦਿਆਂ ਨੂੰ ਤਾਂ ਦੁਪਹਿਰਾ ਢਲ਼ ਜਾਣੈਂ।" ਪਤੀ ਦੇ ਕਹਿਣ 'ਤੇ ਉਹ ਚੁੱਪਚਾਪ ਗੱਡੀ ਵਿੱਚੋਂ ਬਾਹਰ ਆ ਗਈ।

ਫ੍ਰੈੱਸ਼ ਹੋ ਕੇ ਉਹ ਇੱਕ ਮੇਜ਼ ਕੋਲ ਆ ਬੈਠੇ। ਸਰਦਾਰ ਨੇ ਬੈਰੇ ਨੂੰ ਨਾਸ਼ਤਾ ਲਿਆਉਣ ਲਈ ਆਖ ਦਿੱਤਾ। ਪੰਜ ਕੁ ਮਿੰਟਾਂ ਵਿੱਚ ਹੀ ਉਹ ਗਰਮ-ਗਰਮ ਪਰੌਂਠੇ, ਦਹੀਂ ਅਤੇ ਮੱਖਣ ਦੀ ਟਿੱਕੀ ਲੈ ਆਇਆ। ਸਰਦਾਰ ਨੇ ਤਾਂ ਪੂਰੀ ਰੀਝ ਨਾਲ ਨਾਸ਼ਤਾ ਕੀਤਾ, ਪਰ ਸੁਖਜੀਤ ਨੇ ਦੋ ਕੁ ਬੁਰਕੀਆਂ ਖਾ ਕੇ ਥਾਲ਼ੀ ਉਸੇ ਤਰ੍ਹਾਂ ਪਰ੍ਹੇ ਸਰਕਾਅ ਦਿੱਤੀ। ਉਸ ਨੇ ਇੱਕ ਕੱਪ ਚਾਹ ਹੀ ਪੀਤੀ।

ਜਦੋਂ ਸਰਦਾਰ ਨੇ ਵੇਟਰ ਤੋਂ ਬਿੱਲ ਮੰਗਵਾਇਆ ਤਾਂ ਚਾਰ ਸੌ ਤੀਹ ਰੁਪਏ ਦਾ ਬਿੱਲ ਵੇਖ ਕੇ ਉਸ ਨੂੰ ਬਹੁਤ ਜ਼ਿਆਦਾ ਹੈਰਾਨੀ ਹੋਈ। ਫਿਰ ਉਸ ਨੇ ਆਪਣੇ ਆਪ ਹੀ ਲੇਖਣ ਲਾ ਲਿਆ ਕਿ ਆਖ਼ਰ ਧਰਮਪਾਲ ਦਾ ਹਿੱਸਾ ਵੀ ਤਾਂ ਢਾਬੇ ਵਾਲੇ ਨੇ ਕੱਢਣਾ ਹੈ।

ਚੱਲਦੀ ਗੱਡੀ ਵਿੱਚ ਡਰਾਈਵਰ ਨੇ ਢਾਬੇ ਵਾਲੇ ਦੇ ਚੰਗੇ ਨਾਸ਼ਤੇ, ਚੰਗੇ ਅਤੇ ਨਿੱਘੇ ਸੁਭਾਅ ਦੀ ਬਹੁਤ ਤਾਰੀਫ਼ ਕੀਤੀ। ਸਰਦਾਰ ਵੱਲੋਂ ਕੋਈ ਹੁੰਗਾਰਾ ਨਾ ਆਉਣ ਕਾਰਨ ਉਹ ਪੁੱਛ ਹੀ ਬੈਠਾ, "ਸਰਦਾਰ ਸਾਹਿਬ, ਤੁਹਾਨੂੰ ਇਸ ਢਾਬੇ ਵਾਲੇ ਦਾ ਨਾਸ਼ਤਾ ਕਿਵੇਂ ਲੱਗਾ ? ਇੱਥੋਂ ਦੀ ਸਾਫ਼ ਸਫ਼ਾਈ ਅਤੇ ਪ੍ਰਬੰਧ ਕਿਵੇਂ ਲੱਗਾ ?"

ਸਰਦਾਰ ਨੇ ਖੰਘੂਰਾ ਮਾਰ ਕੇ ਆਪਣਾ ਗਲਾ ਸਾਫ਼ ਕੀਤਾ। ਪਹਿਲਾਂ ਤਾਂ ਉਹਦੇ ਮਨ ਵਿੱਚ ਆਇਆ ਕਿ ਸਾਫ਼-ਸਾਫ਼ ਕਹਿ ਦੇਵੇ ਇਹ ਢਾਬੇ ਵਾਲਾ ਤਾਂ ਪੂਰੀ ਛਿੱਲ ਲਾਹੁੰਦਾ ਹੈ। ਫਿਰ ਉਸ ਨੇ ਸਿਆਣਪ ਵਰਤਦਿਆਂ ਆਖਿਆ, "ਹਾਂ ਬਈ ਧਰਮਪਾਲ, ਢਾਬੇ ਵਾਲੇ ਦੀ ਕੋਈ ਰੀਸ ਨਹੀਂ। ਖਾਣ ਪੀਣ, ਬੋਲ ਚਾਲ, ਤੌਰ ਤਰੀਕਾ, ਸਾਫ਼ ਸਫ਼ਾਈ, ਗੱਡੀਆਂ ਦੀ ਪਾਰਕਿੰਗ ਲਈ ਖੁੱਲ੍ਹੀ ਮੋਕਲੀ ਥਾਂ, ਸਭ ਕੁਝ ਲਾਜਵਾਬ ਹੈ। ਆਖ਼ਰ ਨੈਸ਼ਨਲ ਹਾਈਵੇ ਉੱਤੇ ਇੰਨਾ ਵੱਡਾ ਢਾਬਾ ਦਿਨ ਰਾਤ ਚਲਾਉਣਾ ਕਿਹੜਾ ਸੌਖਾ ਪਿਐ ! ਇਹ ਵੀ ਕੋਈ ਦਿਲ ਗੁਰਦੇ ਵਾਲਾ ਬੰਦਾ ਹੀ ਕਰ ਸਕਦੈ। ਮਾੜਾ-ਧੀੜਾ ਬੰਦਾ ਤਾਂ ਸੋਚ ਵੀ ਨਹੀਂ ਸਕਦਾ।" ਫਿਰ ਉਸ ਨੇ ਡਰਾਈਵਰ ਤੋਂ ਪੁੱਛਿਆ, "ਧਰਮਪਾਲ, ਤੇਰੇ ਕੋਲੋਂ ਉਹਨੇ ਨਾਸ਼ਤੇ ਦੇ ਕਿੰਨੇ ਪੈਸੇ ਲਏ ਨੇ ?"

"ਸਰਦਾਰ ਸਾਹਿਬ, ਮੇਰਾ ਤਾਂ ਇੱਧਰ ਦਿੱਲੀ ਹਵਾਈ ਅੱਡੇ ਗੇੜਾ ਲੱਗਦਾ ਈ ਰਹਿੰਦੈ। ਮੈਂ ਤਾਂ ਮਹੀਨੇ ਬਾਅਦ 'ਕੱਠੇ ਈ ਪੈਸੇ ਦੇ ਦਿੰਦਾ ਹਾਂ, ਜਿੰਨੇ ਬਣ ਜਾਂਦੇ ਐ। ਬਾਕੀ ਸੇਠ ਦਾ ਸੁਭਾਅ ਬੜਾ ਚੰਗੈ। ਮਜਾਲ ਐ ਕਦੇ ਇੱਕ ਪੈਸੇ ਦਾ ਵੀ ਫ਼ਰਕ ਪੈ ਜਾਵੇ।" ਡਰਾਈਵਰ ਦੀ ਗੱਲ ਸੁਣ ਕੇ ਉਹ ਚੁੱਪ ਕਰ ਗਿਆ। ਸ਼ਾਮੀਂ ਸਵਾ ਚਾਰ ਵਜੇ ਉਹ ਆਪਣੇ ਪਿੰਡ ਆ ਵੜੇ।

ਹੁਸਨਪ੍ਰੀਤ ਆਪਣੇ ਬੀਜੀ ਪਾਪਾ ਨੂੰ ਪਾਣੀ ਦੇਣ ਲਈ ਟਰੇਅ ਵਿੱਚ ਦੋ ਗਲਾਸ ਰੱਖ ਕੇ ਲੈ ਆਈ। ਦੋਵਾਂ ਨੇ ਪਾਣੀ ਦੇ ਭਰੇ ਗਲਾਸ ਚੁੱਕ ਲਏ। ਜਿਉਂ ਹੀ ਉਨ੍ਹਾਂ ਪਾਣੀ ਪੀ ਕੇ ਖ਼ਾਲੀ ਗਲਾਸ ਮੇਜ਼ ਉੱਤੇ ਰੱਖੇ, ਧੀ ਦੀਆਂ ਹੰਝੂਆਂ ਨਾਲ ਭਰੀਆਂ ਅੱਖਾਂ ਵੇਖ ਕੇ ਮਾਂ ਨੇ ਉਸ ਨੂੰ ਆਪਣੇ ਸੀਨੇ ਨਾਲ ਘੁੱਟ ਲਿਆ। ਮਾਂ ਧੀ ਦੀਆਂ ਅੱਖਾਂ ਵਿੱਚੋਂ ਵਹਿੰਦੇ ਹੰਝੂਆਂ ਨੂੰ ਵੇਖ ਕੇ ਇੰਦਰਬੀਰ ਦਾ ਵੀ ਮਨ ਭਰ ਆਇਆ।

ਪੰਜ ਕੁ ਮਿੰਟਾਂ ਵਿੱਚ ਤਿੰਨੋਂ ਜੀਅ ਸਹਿਜ ਹੋ ਗਏ ਸਨ। ਉਸੇ ਵੇਲੇ ਹਰਜੀਤ ਦੇ ਦਾਦੇ ਅਜੀਤ ਸਿੰਘ ਦੀ ਆਵਾਜ਼ ਆਈ, "ਪੁੱਤ ਇੰਦਰ, ਆ ਗਏ ਤੁਸੀਂ ! ਚੜ੍ਹਾ ਆਏ ਮੇਰੇ ਪੋਤੇ ਨੂੰ ਜਹਾਜ਼ !" ਬਾਪੂ ਜੀ ਦੀ ਆਵਾਜ਼ ਸੁਣ ਕੇ ਦੋਵੇਂ ਜੀਅ ਉਨ੍ਹਾਂ ਦੇ ਕਮਰੇ ਵਿੱਚ ਚਲੇ ਗਏ। ਦੋਵਾਂ ਨੇ ਬਾਪੂ ਅਤੇ ਬੇਬੇ ਜੀ ਦੇ ਪੈਰੀਂ ਹੱਥ ਲਾਏ। ਦੋਵਾਂ ਤੋਂ ਆਸ਼ੀਰਵਾਦ ਲੈ ਕੇ ਉਹ ਉਨ੍ਹਾਂ ਕੋਲ ਹੀ ਬੈਠ ਗਏ। ਪੁੱਤ ਨੇ ਸਹਿਜ ਹੁੰਦਿਆਂ ਆਖਿਆ, "ਹਾਂ ਬਾਪੂ ਜੀ, ਚੜ੍ਹਾ ਆਏ ਆਂ ਥੋਡੇ ਲਾਡਲੇ ਪੋਤੇ ਨੂੰ ਜਹਾਜ਼। ਬਾਪੂ ਜੀ, ਤੁਸੀਂ ਮਨ ਹੌਲਾ ਨਾ ਕਰੋ। ਹੁਣ ਤਾਂ ਸਾਰੇ ਮੁੰਡੇ ਕੁੜੀਆਂ ਆਪਣਾ ਚੋਗਾ ਚੁਗਣ ਵਿਦੇਸ਼ੀ ਧਰਤੀ ਉੱਤੇ ਹੀ ਜਾਂਦੇ ਨੇ। ਜਦੋਂ ਸਾਡੇ ਦੇਸ਼ ਦੀਆਂ ਸਰਕਾਰਾਂ ਨੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਲਈ ਚੰਗੀ ਯੋਜਨਾਬੰਦੀ ਹੀ ਨਹੀਂ ਕੀਤੀ ਤਾਂ ਉਹ ਵਿਦੇਸ਼ੀਂ ਨਾ ਜਾਣ ਤਾਂ ਹੋਰ ਕੀ ਕਰਨ ?" ਪੁੱਤ ਦੀਆਂ ਗੱਲਾਂ ਸੁਣ ਕੇ ਬਾਪੂ ਬੇਬੇ ਚੁੱਪ ਕਰ ਗਏ। ਇੰਨੇ ਨੂੰ ਹੁਸਨਪ੍ਰੀਤ ਸਾਰਿਆਂ ਲਈ ਚਾਹ ਬਣਾ ਕੇ ਲੈ ਆਈ ਸੀ। ਚਾਹ ਪੀਂਦਿਆਂ ਸਾਰੇ ਛੋਟੀਆਂ-ਛੋਟੀਆਂ ਗੱਲਾਂ ਕਰ ਕੇ ਇੱਕ ਦੂਜੇ ਦੇ ਉਦਾਸ ਦਿਲ ਨੂੰ ਧਰਵਾਸ ਦੇ ਰਹੇ ਸਨ।

ਐਤਵਾਰ ਦਾ ਦਿਨ ਸੀ। ਨਵੰਬਰ ਮਹੀਨੇ ਦੀ ਇੱਕ ਤਰੀਕ ਸੀ। ਵਿਹੜੇ ਵਿੱਚ ਖੜ੍ਹੇ ਅਸ਼ੋਕਾ ਟ੍ਰੀ ਕੋਲੋਂ ਲੰਘਦਿਆਂ ਇੰਦਰਬੀਰ ਨੂੰ ਛੋਟੇ ਬੋਟਾਂ ਦੀ ਚੀਂ ਚੀਂ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਝੁਕ ਕੇ ਗਹੁ ਨਾਲ ਵੇਖਿਆ। ਬੁਲਬੁਲ ਆਪਣੇ ਆਲ੍ਹਣੇ ਵਿੱਚ ਛੋਟੇ-ਛੋਟੇ ਦੋ ਬੋਟਾਂ ਨੂੰ ਚੋਗਾ ਦੇ ਰਹੀ ਸੀ। ਘਰ ਦਾ ਖੁੱਲ੍ਹਾ ਬੂਹਾ ਛੱਡ ਕੇ ਉਹ ਅੰਦਰ ਮੁੜ ਆਇਆ ਸੀ। ਪਤਨੀ ਨੇ ਉਸ ਨੂੰ ਮੁੜ ਅੰਦਰ ਆਇਆ ਵੇਖ ਕੇ ਪੁੱਛਿਆ, "ਕੀ ਗੱਲ, ਖੇਤ ਨੀਂ ਗਏ ?"

"ਖੇਤ ਤਾਂ ਜਾ ਰਿਹਾ ਸੀ। ਆਪਣੇ ਅਸ਼ੋਕਾ ਟ੍ਰੀ 'ਤੇ ਬੁਲਬੁਲ ਨੇ ਦੋ ਬੋਟ ਕੱਢੇ ਨੇ। ਉਨ੍ਹਾਂ ਦੀ ਆਵਾਜ਼ ਸੁਣ ਕੇ ਮੁੜ ਆਇਆ ਮੈਂ ਤਾਂ।" ਉਹ ਬੋਲਿਆ।

"ਹਾਂ, ਹਰੀ ਦੇ ਬਾਪੂ। ਮੈਂ ਹਰ ਸਾਲ ਵੇਖਦੀ ਆਂ। ਅੱਠਵੇਂ, ਨੌਵੇਂ ਮਹੀਨੇ ਗੁਲ ਤੇ ਬੁਲਬੁਲ ਦਾ ਜੋੜਾ ਆਪਣੇ ਅਸ਼ੋਕਾ ਟ੍ਰੀ 'ਤੇ ਆਪਣਾ ਆਲ੍ਹਣਾ ਪਾਉਂਦਾ ਹੈ। ਆਏ ਸਾਲ ਬੁਲਬੁਲ ਦੋ ਆਂਡੇ ਦਿੰਦੀ ਐ। ਕੁਝ ਦਿਨਾਂ ਪਿੱਛੋਂ ਉਨ੍ਹਾਂ ਵਿੱਚੋਂ ਬੋਟ ਕੱਢ ਲੈਂਦੀ ਐ। ਪੰਜ ਸੱਤ ਦਿਨਾਂ ਵਿੱਚ ਬੋਟ ਉਡਾਰ ਹੋ ਜਾਂਦੇ ਐ। ਜਦੋਂ ਛੋਟੇ ਬੋਟ ਆਲ੍ਹਣੇ 'ਚੋਂ ਉਡਾਰੀ ਭਰਨ ਜੋਗੇ ਹੋ ਜਾਂਦੇ ਐ, ਉਹ ਤਾਂ ਫੁਰਰ ਕਰ ਕੇ ਉੱਡ ਜਾਂਦੇ ਐ। ਪਿੱਛੋਂ ਮੈਂ ਉਦਾਸ ਅਤੇ ਖ਼ਾਲੀ ਨਜ਼ਰਾਂ ਨਾਲ ਗੁਲ ਅਤੇ ਬੁਲਬੁਲ ਨੂੰ ਏਥੇ ਅਸ਼ੋਕਾ ਟ੍ਰੀ 'ਤੇ ਈ ਬੈਠੇ ਦੇਖਦੀ ਆਂ।" ਪਤਨੀ ਬੋਲੀ।

ਉਸ ਨੂੰ ਲੱਗਿਆ ਜਿਵੇਂ ਪਤਨੀ ਦੀਆਂ ਗੱਲਾਂ ਸੁਣ ਕੇ ਆਪਣੇ ਪੁੱਤ ਨੂੰ ਪਰਦੇਸ ਤੋਰਨ ਕਾਰਨ ਉਸ ਦੇ ਮਨ ਉੱਤੇ ਪਿਆ ਸਾਰਾ ਬੋਝ ਉਤਰ ਗਿਆ ਹੋਵੇ। ਉਹ ਪੂਰੇ ਰੌਂਅ ਨਾਲ ਚੱਕਵੇਂ ਪੈਰੀਂ ਖੇਤ ਨੂੰ ਤੁਰ ਪਿਆ।

ਕਾਵਿ ਸੰਸਾਰ

ਦਰਦ ਸੁਣਾਵਣ ਅੱਖੀਆਂ

ਡਾ: ਸਤਿੰਦਰਜੀਤ ਕੌਰ



ਮਾਏ ਨੀ
ਮਾਏ ਨੀ ! ਦਰਦ ਸੁਣਾਵਣ ਅੱਖੀਆਂ।
ਮਾਏ ਨੀ ! ਵਰ੍ਹਦਾ ਸਾਵਣ ਅੱਖੀਆਂ।

ਉਹਦੇ ਪਿਆਰ ਨੂੰ ਯਾਦ ਕਰਦਿਆਂ,
ਛਮ ਛਮ ਨੀਰ ਵਹਾਵਣ ਅੱਖੀਆਂ
ਮਾਏ ਨੀ ! ਨੀਂਦ ਚੁਰਾਵਣ ਅੱਖੀਆਂ।

ਜਿਸ ਪਲ ਉਹ ਨਜ਼ਰੀਂ ਨਾ ਆਵੇ,
ਹੰਝੂਆਂ ਵਿੱਚ ਢਲ ਜਾਵਣ ਅੱਖੀਆਂ
ਮਾਏ ਨੀ ! ਪੀੜ ਸੁਣਾਵਣ ਅੱਖੀਆਂ।

ਰੁੱਸ ਕੇ ਉਹ ਤਾਂ ਦੂਰ ਤੁਰ ਗਿਆ ,
ਰਾਤਾਂ ਕਿੰਜ ਲੰਘਾਵਣ ਅੱਖੀਆਂ।
ਮਾਏ ਨੀ ! ਦਰਦ ਸੁਣਾਵਣ ਅੱਖੀਆਂ।

ਬਿਨ ਬੋਲੇ ਹੀ ਸਭ ਕੁਝ ਆਖਣ,
ਬਿਨ ਸ਼ਬਦਾਂ ਤੋਂ ਗਾਵਣ ਅੱਖੀਆਂ
ਮਾਏ ! ਨਾ ਦਰਦ ਭੁਲਾਵਣਅੱਖੀਆਂ।

ਨਿੱਕੀ ਉਮਰੇ ਦਰਦ ਪਰਾਗਾ
ਬੁੱਟਰ ਝੋਲੀ ਪਾਵਣ ਅੱਖੀਆਂ
ਮਾਏ ! ਸੁਣੀਂ ! ਸੁਣਾਵਣ ਅੱਖੀਆਂ।

ਖੋਹ ਲਈ ਹੈ ਦਰਦ ਨੇ ਮੇਰੀ ਜ਼ੁਬਾਨ

ਗੁਰਦੀਪ

ਖੋਹ ਲਈ ਹੈ ਦਰਦ ਨੇ ਮੇਰੀ ਜ਼ੁਬਾਨ।
ਕਹਿ ਨਹੀਂ ਜ਼ਖ਼ਮਾਂ ਦੀ ਹੋਈ ਦਾਸਤਾਨ।
ਦਿਲ ਰਿਹਾ ਏ ਧੜਕਦਾ ਇਨਸਾਨ ਦਾ,
ਅਜ਼ਲ ਤੋਂ ਖੁਸ਼ੀਆਂ ਗ਼ਮਾਂ ਦੇ ਦਰਮਿਆਨ।
ਇਕ ਅਮੀਰੀ ਹੈ ਤੁਹਾਡੀ ਦਾਗਦਾਰ,
ਇਸਦੇ ਦਾਮਨ 'ਤੇ ਨੇ ਭੁੱਖਾਂ ਦੇ ਨਿਸ਼ਾਨ।
ਇਸ ਤਰ੍ਹਾਂ ਬਦਲੀ ਹੈ ਸੂਰਤ ਸ਼ਹਿਰ ਦੀ,
ਲੱਭਣਾ ਮੁਸ਼ਕਿਲ ਹੈ ਯਾਰਾਂ ਦਾ ਮਕਾਨ।
ਮੇਰੀ ਰੁਸਵਾਈ ਦਾ ਕਾਰਨ ਹੀ ਸਹੀ,
ਖ਼ਵਾਬ ਹੀ ਮੇਰੇ ਨੇ ਮੇਰੇ ਰਾਜ਼ਦਾਨ।
ਸ਼ੇਖ ਤੇਰੀ ਏਸ ਜੰਨਤ ਤੋਂ ਪਰੇ,
ਹੋਰ ਹੈ ਇੱਕ ਆਰਜ਼ੂਆਂ ਦਾ ਜਹਾਨ।
ਦੇਖਿਆ ਹੈ ਛਲਕਦੇ ਹਰ ਜਾਮ 'ਤੇ,
ਅਰਸ਼ ਹੋ ਜਾਂਦਾ ਹੈ ਅਕਸਰ ਮਿਹਰਬਾਨ।
ਸੱਚ ਬੋਲਣ ਦੀ ਕਸਮ ਖਾਂਦੇ ਰਹੇ,
ਅੱਜ ਤੀਕਰ ਝੂਠ ਦੇ ਸਭ ਤਰਜ਼ਮਾਨ।

ਸੱਤ ਸਮੁੰਦਰੋਂ ਪਾਰ ਗਿਆ

ਕੁਲਜੀਤ ਕੌਰ ਗ਼ਜ਼ਲ



ਸੱਤ ਸਮੁੰਦਰੋਂ ਪਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ
ਸਾਨੂੰ ਛੱਡ ਕੇ ਅੱਧ ਵਿਚਕਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

ਪਰਦੇਸੀ ਸੀ, ਪਰਦੇਸੀਆਂ ਨੇ ਇੱਕ ਦਿਨ ਤੁਰ ਜਾਣਾ ਹੁੰਦਾ ਏ
ਕੀ ਮਾਣ ਮਿੱਟੀ ਦੇ ਬਾਵਿਆਂ 'ਤੇ ਇਹਨਾ ਖੁਰ ਜਾਣਾ ਹੁੰਦਾ ਏ
ਮੈਨੂੰ ਬਿਰਹਾ ਸੂਲੀ ਚਾੜ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

ਸਮੁੰਦਰੋਂ ਡੂੰਗਾ ਪਿਆਰ ਮੇਰਾ, ਕਿਸੇ ਹੋਰ ਕੋਲੋਂ ਕਰ ਹੋਣਾ ਨਾ
ਪੈ ਗਿਆ ਵਿਛੋੜਾ ਉਮਰਾਂ ਦਾ ਕੱਲੀ ਜਿੰਦ ਤੋਂ ਜਰ ਹੋਣਾ ਨਾ
ਹਾਰ ਗਿਆ, ਮੇਰਾ ਪਿਆਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

ਦੁਨੀਆਂ ਦੇ ਤਾਹਨੇ ਮਿਹਣਿਆਂ ਨੂੰ ਹਸ ਹਸ ਕੇ ਜਰਨਾ ਔਖਾ ਏ
ਇਸ ਪਿਆਰ ਵਿਹੂਣੀ ਜਿੰਦਗੀ ਤੋਂ ਬਿਨ ਸੱਜਣਾ ਮਰਨਾ ਸੋਖਾ ਏ
ਜਿਓਂਦੀ ਹੀ ਕੁਲਜੀਤ ਨੂੰ ਮਾਰ ਗਿਆ ਨੀਂ ਓਹ ਸੱਤ ਸਮੁੰਦਰੋਂ ਪਾਰ ਗਿਆ

ਹਾਂ ਮੈ ਸ਼ਾਮਿਲ ਹਾਂ

ਗੌਰਵ ਧੀਮਾਨ





ਹਾਂ ਮੈ ਸ਼ਾਮਿਲ ਹਾਂ,
ਉਨ੍ਹਾਂ ਕਿਰਦਾਰਾਂ ਦੀ ਗੁਣਵੱਤਾ ਵਿੱਚ,
ਜੋ ਰੁੱਤਬਾ ਬਿਨ ਦੇਖੇ ਚੱਲਦੇ ਨੇ,
ਕਿਸੇ ਰਾਜਨੀਤਿਕ ਝੂਠੇ ਪੰਨ੍ਹੇ ਵਾਂਗ ਨਹੀਂ।

ਹਾਂ ਮੈ ਸ਼ਾਮਿਲ ਹਾਂ,
ਜਿੰਦਗੀ ਦੇ ਕਾਬਿਲ ਜਵਾਬ ਵਿੱਚ,
ਜਿੱਥੇ ਇੱਜਤ ਢੱਕ ਦੀ ਗੱਲਾਂ ਕਰਦੇ ਨੇ,
ਕਿਸੇ ਹੈਵਾਨੀਅਤ ਦੇ ਨਾਮ ਨੂੰ ਪ੍ਰਵਾਸ ਨਹੀਂ।

ਹਾਂ ਮੈ ਸ਼ਾਮਿਲ ਹਾਂ,
ਮਾਂ ਦੇ ਪਿਆਰ ਵਿਸ਼ਵਾਸ਼ ਵਿੱਚ,
ਜੋ ਠੰਢੀ ਛਾਂ ਧੁੱਪੇ ਨਾ ਕਦੇ ਰੱਖਦੇ ਨੇ,
ਉਨ੍ਹਾਂ ਦੀ ਮਮਤਾ ਕਮਾਲ ਮੈਤੋਂ ਜਵਾਬ ਨਹੀਂ।

ਹਾਂ ਮੈ ਸ਼ਾਮਿਲ ਹਾਂ,
ਜਿੰਦਗੀ ਦੇ ਰੰਗ ਫਿੱਕੇ ਹਿਸਾਬ ਵਿੱਚ,
ਜੋ ਵਿਸ਼ਵਾਸ਼ ਦਾ ਗਲ਼ ਵੱਢਦੇ ਨੇ,
ਉਹਨਾਂ ਝੂਠੇ ਮਕਾਰਾਂ ਦੀ ਔਕਾਤ ਨਹੀਂ।

ਹਾਂ ਮੈ ਸ਼ਾਮਿਲ ਹਾਂ,
ਆਪਣੀ ਹੀ ਬਣਾਈ ਆਮ ਕਾਵਿ ਵਿੱਚ,
ਕਿਸੇ ਦੇ ਮਨ ਨੂੰ ਠੇਸ ਨਾ ਭਰਦੇ ਨੇ,
ਗੌਰਵ ਦੇ ਲਿਖ ਬੋਲ ਕਦੇ ਸਵਾਲ ਨਹੀਂ।

ਤਮਾਸ਼ਬੀਨ

ਹਰਪ੍ਰੀਤ ਕੌਰ ਧੂਤ



ਇਹ ਸੜਕ
ਤੇ ਕਿਸਦੀ ਲਾਸ਼ ਪਈ ਹੈ ?
ਭੀੜ ਤਮਾਸ਼ਾ ਦੇਖ ਰਹੀ ਹੈ
ਕੁੱਤੇ ਜਿਸਮ ਫ਼ਰੋਲ ਰਹੇ ਨੇ
ਲੋਕੀਂ ਕੁੱਝ ਨਾ ਬੋਲ ਰਹੇ ਨੇ
ਸਾਸ਼ਕ ਨੂੰ
ਕੋਈ ਫ਼ਰਕ ਨਾ ਪੈਂਦਾ
ਉਸ ਲਈ ਪੈਸਾ ਟੋਲ ਰਹੇ ਨੇ

ਇਨਸਾਨਾਂ ਤੋਂ ਚੰਗੇ
ਤਾਂ ਕੁੱਤੇ ਨੇ ਹੋ ਗਏ
ਇੱਕ ਦੂਜੇ ਲਈ ਬੋਲ ਰਹੇ ਨੇ
ਗਲੇ ਸੜੇ ਜਿਸਮਾਂ ਦੇ ਵਿੱਚੋਂ
ਕੁੱਝ ਨਾ ਕੁੱਝ ਤੇ ਟੋਲ ਰਹੇ ਨੇ

ਬੰਦਿਆਂ ਦੇ ਦਿਲ ਪੱਥਰ ਨੇ ਹੋ ਗਏ
ਗਿਰਵੀ ਰੱਖ ਬੈਠੇ ਨੇ ਖ਼ੁਦ ਨੂੰ
ਜ਼ਮੀਰਾਂ ਨੂੰ ਛਿੱਕੇ ਟੰਗਕੇ
ਖ਼ੁਦ ਹੀ ਖ਼ੁਦ ਨੂੰ ਰੋਲ ਰਹੇ ਨੇ

ਕੀ ਹੁੰਦੇ ਸੀ
ਕੀ ਬਣ ਬੈਠੇ ਨੇ
ਸੋਹਣਾ ਵਿਰਸਾ ਭੁੱਲ ਚੁੱਕੇ ਨੇ
ਟਿੱਕ ਟੋਕਾਂ ਤੇ
ਪਤਾ ਨਹੀਂ ਕੀ ਟੋਲ ਰਹੇ ਨੇ
ਆਪਣੀ ਭਾਸ਼ਾ ਭੁੱਲ ਰਹੇ ਨੇ

ਆਪਣੀ ਭਾਸ਼ਾ ਭੁੱਲ ਰਹੇ ਨੇ
ਗ਼ੈਰਾਂ ਦੀ ਬੋਲੀ ਬੋਲ ਰਹੇ ਨੇ
ਇਹ
ਸੜਕ 'ਤੇ ਕਿਸਦੀ ਲਾਸ਼ ਪਈ ਹੈ।

ਉਡੀਕੇ ਰੋਜ਼ ਇਹ ਧਰਤੀ ਗੁਲਾਬਾਂ ਦੀ ਖਬਰ ਕੋਈ

ਸੁਖਵਿੰਦਰ ਅੰਮ੍ਰਿਤ



ਉਡੀਕੇ ਰੋਜ਼ ਇਹ ਧਰਤੀ ਗੁਲਾਬਾਂ ਦੀ ਖ਼ਬਰ ਕੋਈ
ਗੁਆਚੀ ਜੋਤ ਨੂੰ ਜਿਉਂ ਭਾਲਦਾ ਹੈ ਬੇਨਜ਼ਰ ਕੋਈ
ਮੇਰੀ ਮਿੱਟੀ 'ਚੋਂ ਵੀ ਦੀਵੇ ਜਗੇ ਤੇ ਫੁੱਲ ਖਿੜੇ ਲੋਕੋ
ਕਿਵੇਂ ਆਖਾਂ ਨਹੀਂ ਲਗਦਾ ਇਨ੍ਹਾਂ ਪੌਣਾਂ ਤੋਂ ਡਰ ਕੋਈ
ਜਿਵੇਂ ਮੈਂ ਉਸ ਦਿਆਂ ਰਾਹਾਂ 'ਚ ਜਗ ਜਗ ਬੁਝ ਗਈ ਹੋਵਾਂ
ਇਓਂ ਲੰਘਿਆ ਹੈ ਮੇਰੇ ਕੋਲ ਦੀ ਅੱਜ ਬੇਖ਼ਬਰ ਕੋਈ
ਸਮਾਂ ਬੇਖ਼ੌਫ਼ ਤੁਰਦਾ ਹੈ , ਹਵਾ ਬੇਝਿਜਕ ਵਗਦੀ ਹੈ
ਖ਼ਲਾ ਵਿੱਚ ਕਿਉਂ ਨਹੀਂ ਫਿਰ ਝੂਮਦੀ ਮੇਰੀ ਲਗਰ ਕੋਈ
ਨਹੀਂ ਇਤਬਾਰ ਜੇ ਹਾਲੇ ਤਾਂ ਮੇਰੀ ਜਾਨ ਹਾਜ਼ਿਰ ਹੈ
ਕਿਵੇਂ ਹਰ ਗੱਲ 'ਤੇ ਚੀਰੇ ਤੇਰੇ ਸਾਹਵੇਂ ਜਿਗਰ ਕੋਈ
ਮੇਰੇ ਅਸਮਾਨ ਵਿੱਚ ਵੀ ਇੱਕ ਸਿਤਾਰਾ ਜਗਮਗਾ ਉੱਠਿਆ
ਕਿ ਆਖ਼ਰ ਮਿਲ ਗਿਆ ਇਸ ਰਾਤ ਨੂੰ ਵੀ ਹਮਸਫ਼ਰ ਕੋਈ

ਦਿਨ ਚੜ੍ਹੇ ਤੂੰ ਮੇਰੀ ਸਵੇਰ ਹੋਵੇਂ ਤੇ ਸ਼ਾਮਾਂ ਨੂੰ ਸ਼ਾਮ ਹੋਵੇਂ

ਜਸਵੰਤ ਜ਼ਫ਼ਰ

ਦਿਨ ਚੜ੍ਹੇ ਤੂੰ ਮੇਰੀ ਸਵੇਰ ਹੋਵੇਂ ਤੇ ਸ਼ਾਮਾਂ ਨੂੰ ਸ਼ਾਮ ਹੋਵੇਂ।
ਦਿਨੇਂ ਹੋਵੇਂ ਸਾਰੀ ਸਰਗਰਮੀ ਰਾਤਾਂ ਨੂੰ ਮੇਰਾ ਆਰਾਮ ਹੋਵੇਂ।
ਤੁਰਾਂ ਤਾਂ ਮੇਰੇ ਨਾਲ ਹੋਵੇਂ ਮਨ ਦੇ ਵਿਚਲਾ ਖ਼ਿਆਲ ਹੋਵੇਂ,
ਪੜ੍ਹਨ ਲਈ ਅੱਖਰ ਸਾਰੇ ਲਿਖਣ ਨੂੰ ਮੇਰਾ ਕਲਾਮ ਹੋਵੇਂ।
ਬੋਲਣ ਲਈ ਮੇਰੇ ਬੋਲ ਤੇ ਹਰ ਵੇਲੇ ਇਸ ਤਰ੍ਹਾਂ ਕੋਲ ਹੋਵੇਂ,
ਬੁਰਾ ਹੋਵਾਂ ਤੂੰ ਉਪਦੇਸ਼ ਬਣੇਂ ਖ਼ਰਾ ਹੋਵਾਂ ਤੂੰ ਇਨਾਮ ਹੋਵੇਂ।
ਉੱਡਣੇ ਦਾ ਉਤਸ਼ਾਹ ਹੋਵੇਂ ਵਗਣੇ ਦਾ ਮੇਰਾ ਚਾਅ ਹੋਵੇਂ,
ਦੌੜਾਂ ਤੂੰ ਮੇਰੀ ਸ਼ੁਕ ਹੋਵੇਂ ਕਦੀ ਰੋਕਣ ਲਈ ਲਗਾਮ ਹੋਵੇਂ।
ਹਉਮੈਂ ਦੀ ਸਿਖਰ ਤੂੰ ਹੋਵੇਂ ਤੇ ਮੁਕਤੀ ਦੀ ਸ਼ੁਰੂਆਤ ਹੋਵੇਂ,
ਔਕਾਤ ਦੀ ਤੂੰ ਔਕਾਤ ਹੋਵੇਂ ਅੰਜਾਮ ਦਾ ਤੂੰ ਅੰਜਾਮ ਹੋਵੇਂ।

ਏਸ਼ੀਅਨ ਚੈਂਪੀਅਨਜ਼ ਟਰਾਫੀ-2026

ਜਪਾਨ ਨੂੰ 4-1 ਨਾਲ ਹਰਾ ਕੇ ਲਗਾਤਾਰ ਤੀਜੀ ਵਾਰ ਏਸ਼ਿਆਈ ਚੈਂਪੀਅਨ ਬਣਿਆ ਭਾਰਤ

ਭਾਰਤੀ ਹਾਕੀ ਟੀਮ ਨੇ ਛੇਵੀਂ ਵਾਰ ਜਿੱਤਿਆ ਖ਼ਿਤਾਬ



ਮੁਹਾਲੀ/ਏ.ਟੀ.ਨਿਊਜ਼:ਮੌਜੂਦਾ ਚੈਂਪੀਅਨ ਭਾਰਤ ਨੇ ਵੀਰਵਾਰ ਨੂੰ ਇੱਥੇ ਫਾਈਨਲ ਮੁਕਾਬਲੇ ਵਿੱਚ ਜਪਾਨ ਨੂੰ 4-1 ਨਾਲ ਹਰਾ ਕੇ ਪੁਰਸ਼ ਏਸ਼ਿਆਈ ਚੈਂਪੀਅਨਜ਼ ਟਰਾਫ਼ੀ ਹਾਕੀ ਟੂਰਨਾਮੈਂਟ ਦਾ ਖ਼ਿਤਾਬ ਲਗਾਤਾਰ ਤੀਜੀ ਵਾਰ ਆਪਣੇ ਨਾਂ ਕਰ ਲਿਆ। ਭਾਰਤੀ ਟੀਮ ਨੇ ਇਸ ਜਿੱਤ ਨਾਲ ਟੂਰਨਾਮੈਂਟ ਵਿੱਚ ਛੇਵੀਂ ਵਾਰ ਚੈਂਪੀਅਨ ਬਣਨ ਦਾ ਮਾਣ ਵੀ ਹਾਸਲ ਕੀਤਾ।

ਏਸ਼ਿਆਈ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਇਸ ਤੋਂ ਪਹਿਲਾਂ 2011, 2016, 2018, 2023 ਅਤੇ 2024 ਵਿੱਚ ਵੀ ਇਹ ਖ਼ਿਤਾਬ ਜਿੱਤ ਚੁੱਕੀ ਹੈ।

ਹਾਲਾਂਕਿ ਫਾਈਨਲ ਵਿੱਚ ਜਪਾਨ ਨੇ ਤੀਜੇ ਮਿੰਟ ਵਿੱਚ ਕਾਜ਼ੂਮਾਸਾ ਮਾਤਸੁਮੋਤੋ ਦੇ ਮੈਦਾਨੀ ਗੋਲ ਨਾਲ ਭਾਰਤ ਨੂੰ ਪਿੱਛੇ ਛੱਡਦਿਆਂ 1-0 ਦੀ ਲੀਡ ਬਣਾ ਲਈ। ਇਸ ਤੋਂ ਬਾਅਦ ਭਾਰਤੀ ਟੀਮ ਨੇ ਖੇਡ ਵਿੱਚ ਵਾਪਸੀ ਕੀਤੀ। ਸ਼ਿਲਾਨੰਦ ਲਾਕੜਾ ਨੇ 42ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਤੋਂ ਗੋਲ ਕਰਕੇ ਸਕੋਰ 1-1 ਕਰ ਦਿੱਤਾ। ਦਿਲਪ੍ਰੀਤ ਸਿੰਘ ਨੇ 48ਵੇਂ ਮਿੰਟ ਵਿੱਚ ਮੈਦਾਨੀ ਗੋਲ ਕਰਕੇ ਭਾਰਤ ਨੂੰ 2-1 ਨਾਲ ਅੱਗੇ ਕਰ ਦਿੱਤਾ।

ਜੁਗਰਾਜ ਸਿੰਘ ਨੇ 53ਵੇਂ ਮਿੰਟ ਵਿੱਚ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਬਦਲ ਕੇ ਭਾਰਤ ਦੀ ਲੀਡ 3-1 ਕਰ ਦਿੱਤੀ, ਜਦੋਂਕਿ ਵਿਵੇਕ ਸਾਗਰ ਪ੍ਰਸਾਦ ਨੇ 54ਵੇਂ ਮਿੰਟ ਵਿੱਚ ਗੋਲ ਕਰਕੇ ਸਕੋਰ 4-1 ਕਰ ਦਿੱਤਾ।

ਭਾਰਤ ਨੇ ਇਸ ਤੋਂ ਪਹਿਲਾਂ ਜਲੰਧਰ ਦੇ ਓਲੰਪੀਅਨ ਸੁਰਜੀਤ ਸਿੰਘ ਸਟੇਡੀਅਮ ਵਿੱਚ ਟੂਰਨਾਮੈਂਟ ਦੇ ਲੀਗ ਗੇੜ ਦੌਰਾਨ ਵੀ ਜਪਾਨ ਨੂੰ 4-1 ਨਾਲ ਹਰਾਇਆ ਸੀ। ਹਾਲਾਂਕਿ ਵੀਰਵਾਰ ਨੂੰ ਫਾਈਨਲ ਵਿੱਚ ਜਪਾਨ ਨੇ ਪਹਿਲੇ ਦੋ ਕੁਆਰਟਰਾਂ ਦੌਰਾਨ ਭਾਰਤ ਨੂੰ ਸਖ਼ਤ ਟੱਕਰ ਦਿੱਤੀ ਪਰ ਦੂਜੇ ਅੱਧ ਵਿੱਚ ਭਾਰਤੀ ਟੀਮ ਨੇ ਵਾਪਸੀ ਕਰਦਿਆਂ ਮੈਚ ਆਪਣੇ ਨਾਂ ਕਰ ਲਿਆ।

ਭਾਰਤ ਨੇ ਮੈਚ ਦੀ ਸ਼ੁਰੂਆਤ ਚੰਗੀ ਕੀਤੀ ਪਰ ਤੀਜੇ ਮਿੰਟ ਵਿੱਚ ਮਾਤਸੁਮੋਤੋ ਨੇ ਟੋਮਾਹਾਕ ਸ਼ਾਟ ਰਾਹੀਂ ਗੋਲ ਕਰਕੇ ਜਪਾਨ ਨੂੰ ਲੀਡ ਦਿਵਾ ਦਿੱਤੀ। ਓਲੰਪੀਅਨ ਬਲਬੀਰ ਸਿੰਘ ਸਟੇਡੀਅਮ ਵਿੱਚ ਮੌਜੂਦ ਦਰਸ਼ਕਾਂ ਨਾਲ ਭਰੇ ਮੈਦਾਨ ਵਿੱਚ ਇਸ ਗੋਲ ਕਾਰਨ ਕੁਝ ਸਮੇਂ ਲਈ ਭਾਰਤੀ ਖਿਡਾਰੀ ਨਿਰਾਸ਼ ਹੋ ਗਏ।

ਇਸ ਤੋਂ ਬਾਅਦ ਭਾਰਤੀ ਖਿਡਾਰੀਆਂ ਨੇ ਹਮਲਿਆਂ ਦੀ ਰਫ਼ਤਾਰ ਵਧਾਈ ਅਤੇ ਗੋਲ ਕਰਨ ਦੇ ਕੁਝ ਮੌਕੇ ਵੀ ਬਣਾਏ ਪਰ ਉਹ ਇਨ੍ਹਾਂ ਨੂੰ ਗੋਲ ਵਿੱਚ ਬਦਲਣ ਵਿੱਚ ਸਫ਼ਲ ਨਾ ਹੋ ਸਕੇ। ਜਪਾਨ ਨੇ 20ਵੇਂ ਮਿੰਟ ਵਿੱਚ ਲਗਾਤਾਰ ਦੋ ਪੈਨਲਟੀ ਕਾਰਨਰ ਹਾਸਲ ਕੀਤੇ ਪਰ ਭਾਰਤੀ ਰੱਖਿਆ ਪੰਕਤੀ ਨੇ ਕਪਤਾਨ ਰਾਇਕੀ ਫੁਜੀਸ਼ਿਮਾ ਦੇ ਹਮਲੇ ਨੂੰ ਨਾਕਾਮ ਕਰ ਦਿੱਤਾ।

ਭਾਰਤੀ ਉਪ ਕਪਤਾਨ ਹਾਰਦਿਕ ਸਿੰਘ ਨੇ ਵੀਰਵਾਰ ਨੂੰ ਆਪਣਾ 200ਵਾਂ ਕੌਮਾਂਤਰੀ ਮੈਚ ਖੇਡਿਆ। ਉਹ ਮੈਦਾਨ ਦੇ ਵਿਚਕਾਰ ਭਾਰਤੀ ਟੀਮ ਦਾ ਸਭ ਤੋਂ ਅਹਿਮ ਖਿਡਾਰੀ ਰਿਹਾ। ਉਸ ਨੇ ਰੱਖਿਆ ਪੰਕਤੀ ਅਤੇ ਫਾਰਵਰਡ ਖਿਡਾਰੀਆਂ ਵਿਚਕਾਰ ਤਾਲਮੇਲ ਬਣਾਉਂਦਿਆਂ ਕਈ ਹਮਲੇ ਕੀਤੇ। ਦੂਜੇ ਪਾਸੇ ਜਰਮਨਪ੍ਰੀਤ ਸਿੰਘ ਨੇ ਰੱਖਿਆ ਪੰਕਤੀ ਵਿੱਚ ਮਜ਼ਬੂਤੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਈ।

ਪਹਿਲੇ ਅੱਧ ਵਿੱਚ 0-1 ਨਾਲ ਪਛੜਨ ਤੋਂ ਬਾਅਦ ਭਾਰਤੀ ਟੀਮ ਨੇ ਪਾਸੇ ਬਦਲਣ ਮਗਰੋਂ ਹੋਰ ਹਮਲਾਵਰ ਰੁਖ਼ ਅਪਣਾਇਆ। ਭਾਰਤ ਨੂੰ 33ਵੇਂ ਮਿੰਟ ਵਿੱਚ ਪਹਿਲਾ ਪੈਨਲਟੀ ਕਾਰਨਰ ਮਿਲਿਆ ਪਰ ਕਪਤਾਨ ਹਰਮਨਪ੍ਰੀਤ ਸਿੰਘ ਦਾ ਫਲਿੱਕ ਜਪਾਨੀ ਗੋਲਕੀਪਰ ਕਿਸ਼ੋ ਕੁਰੋਦਾ ਨੇ ਰੋਕ ਲਿਆ। ਜਪਾਨ ਨੇ 39ਵੇਂ ਮਿੰਟ ਵਿੱਚ ਆਪਣਾ ਦੂਜਾ ਪੈਨਲਟੀ ਕਾਰਨਰ ਹਾਸਲ ਕੀਤਾ ਪਰ ਸ਼ੋਤਾ ਯਾਮਾਦਾ ਇਸ ਨੂੰ ਗੋਲ ਵਿੱਚ ਬਦਲਣ ਵਿੱਚ ਨਾਕਾਮ ਰਿਹਾ।

ਭਾਰਤ ਨੇ ਜਪਾਨ ਦੀ ਰੱਖਿਆ ਪੰਕਤੀ 'ਤੇ ਦਬਾਅ ਬਣਾਈ ਰੱਖਿਆ ਅਤੇ 42ਵੇਂ ਮਿੰਟ ਵਿੱਚ ਲਗਾਤਾਰ ਦੋ ਪੈਨਲਟੀ ਕਾਰਨਰ ਹਾਸਲ ਕੀਤੇ। ਇਸ ਦੌਰਾਨ ਆਦਿੱਤਿਆ ਅਰਜੁਨ ਲਾਲਾਗੇ ਤੋਂ ਮਿਲੀ ਗੇਂਦ 'ਤੇ ਲਾਕੜਾ ਨੇ ਰਿਬਾਊਂਡ ਰਾਹੀਂ ਗੋਲ ਕਰਕੇ ਭਾਰਤ ਨੂੰ ਬਰਾਬਰੀ ਦਿਵਾਈ।

ਆਖਰੀ ਕੁਆਰਟਰ ਵਿੱਚ ਭਾਰਤ ਨੇ ਆਪਣਾ ਦਬਦਬਾ ਕਾਇਮ ਰੱਖਿਆ। 48ਵੇਂ ਮਿੰਟ ਵਿੱਚ ਹਾਰਦਿਕ ਸਿੰਘ ਵੱਲੋਂ ਸ਼ਾਨਦਾਰ ਤਰੀਕੇ ਨਾਲ ਤਿਆਰ ਕੀਤੇ ਹਮਲੇ 'ਤੇ ਦਿਲਪ੍ਰੀਤ ਨੇ ਰਿਵਰਸ ਹਿੱਟ ਰਾਹੀਂ ਗੋਲ ਕਰਕੇ ਭਾਰਤ ਨੂੰ ਲੀਡ ਦਿਵਾ ਦਿੱਤੀ। ਇਸ ਤੋਂ ਬਾਅਦ ਭਾਰਤੀ ਟੀਮ ਨੇ ਪੂਰੀ ਤਰ੍ਹਾਂ ਮੈਚ 'ਤੇ ਕਾਬੂ ਪਾ ਲਿਆ।

53ਵੇਂ ਮਿੰਟ ਵਿੱਚ ਜੁਗਰਾਜ ਸਿੰਘ ਨੇ ਭਾਰਤ ਦਾ ਤੀਜਾ ਪੈਨਲਟੀ ਕਾਰਨਰ ਸਫ਼ਲਤਾਪੂਰਵਕ ਗੋਲ ਵਿੱਚ ਬਦਲ ਦਿੱਤਾ। ਇਸ ਤੋਂ ਇਕ ਮਿੰਟ ਬਾਅਦ ਲਾਕੜਾ ਦੇ ਪਹਿਲੇ ਸ਼ਾਟ ਨੂੰ ਜਪਾਨੀ ਗੋਲਕੀਪਰ ਨੇ ਰੋਕਿਆ ਪਰ ਗੇਂਦ ਵਿਵੇਕ ਸਾਗਰ ਪ੍ਰਸਾਦ ਕੋਲ ਪਹੁੰਚ ਗਈ। ਉਸ ਨੇ ਸਰਕਲ ਦੇ ਉੱਪਰੋਂ ਜ਼ੋਰਦਾਰ ਸ਼ਾਟ ਲਾ ਕੇ ਭਾਰਤ ਦੀ ਜਿੱਤ ਯਕੀਨੀ ਬਣਾ ਦਿੱਤੀ।ਮੈਚ ਖ਼ਤਮ ਹੋਣ ਦੀ ਆਖਰੀ ਸੀਟੀ ਵੱਜਣ ਤੋਂ ਸਿਰਫ਼ 12 ਸਕਿੰਟ ਪਹਿਲਾਂ ਜਪਾਨ ਨੂੰ ਆਪਣਾ ਚੌਥਾ ਪੈਨਲਟੀ ਕਾਰਨਰ ਮਿਲਿਆ ਪਰ ਕਪਤਾਨ ਫੁਜੀਸ਼ਿਮਾ ਦਾ ਸ਼ਾਟ ਨਿਸ਼ਾਨੇ ਤੋਂ ਬਾਹਰ ਚਲਾ ਗਿਆ। ਇਸ ਤਰ੍ਹਾਂ ਭਾਰਤੀ ਟੀਮ ਪੂਰੇ ਟੂਰਨਾਮੈਂਟ ਵਿੱਚ ਜੇਤੂ ਰਹਿੰਦਿਆਂ ਚੈਂਪੀਅਨ ਬਣੀ।

ਹਰਮਨਪ੍ਰੀਤ ਸਿੰਘ ਬਿਹਤਰੀਨ ਖਿਡਾਰੀ ਐਲਾਨਿਆ

'ਹਾਕੀ ਇੰਡੀਆ' ਨੇ ਜੇਤੂ ਭਾਰਤੀ ਟੀਮ ਸਹਿਯੋਗੀ ਸਟਾਫ਼ ਲਈ ਨਕਦ ਇਨਾਮ ਐਲਾਨੇ; ਕ੍ਰਿਸ਼ਨ ਬਹਾਦਰ ਪਾਠਕ ਨੂੰ ਸਰਬੋਤਮ ਗੋਲਕੀਪਰ ਦਾ ਐਵਾਰਡ



ਐੱਸ ਏ ਐੱਸ ਨਗਰ(ਮੁਹਾਲੀ)/ ਏ.ਟੀ.ਨਿਊਜ਼: 'ਹਾਕੀ ਇੰਡੀਆ' ਨੇ ਕੱਲ੍ਹ ਇੱਥੇ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਜਿੱਤਣ ਵਾਲੀ ਹਾਕੀ ਟੀਮ ਲਈ ਨਕਦ ਇਨਾਮਾਂ ਦਾ ਐਲਾਨ ਕੀਤਾ ਹੈ। ਹਾਕੀ ਇੰਡੀਆ ਵੱਲੋਂ ਜਾਰੀ ਬਿਆਨ ਅਨੁਸਾਰ ਨਾਲ ਹੀ ਚੈਂਪੀਅਨਸ਼ਿਪ ਜਿੱਤਣ ਵਾਲੀ ਟੀਮ ਦੇ ਹਰੇਕ ਖਿਡਾਰੀ ਨੂੰ ਤਿੰਨ-ਤਿੰਨ ਲੱਖ ਰੁਪਏ ਅਤੇ ਸਹਿਯੋਗੀ ਸਟਾਫ਼ ਨੂੰ ਡੇਢ-ਡੇਢ ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਗਿਆ।

ਭਾਰਤੀ ਕਪਤਾਨ ਹਰਮਨਪ੍ਰੀਤ ਸਿੰਘ ਇਸ ਟੂਰਨਾਮੈਂਟ ਦਾ ਸਟਾਰ ਖਿਡਾਰੀ ਰਿਹਾ। ਉਸ ਨੂੰ ਟੂਰਨਾਮੈਂਟ ਦਾ 'ਸਰਬੋਤਮ ਖਿਡਾਰੀ' ਚੁਣਿਆ ਗਿਆ ਅਤੇ ਉਹ 10 ਗੋਲਾਂ ਨਾਲ 'ਟਾਪ ਸਕੋਰਰ' ਵੀ ਬਣਿਆ। ਟੂਰਨਾਮੈਂਟ ਵਿੱਚ ਹਰਮਨਪ੍ਰੀਤ ਸਿੰਘ ਵੱਲੋਂ ਕੀਤੇ 10ਵੇਂ ਗੋਲ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਉਸ ਦੇ ਗੋਲਾਂ ਦੀ ਕੁੱਲ ਗਿਣਤੀ 250 ਦੇ ਅਹਿਮ ਅੰਕੜੇ ਤੱਕ ਪਹੁੰਚ ਗਈ ਹੈ। ਗੋਲਕੀਪਰ ਕ੍ਰਿਸ਼ਨ ਬਹਾਦਰ ਪਾਠਕ ਨੂੰ 'ਗੋਲਕੀਪਰ ਆਫ਼ ਦਿ ਟੂਰਨਾਮੈਂਟ' ਐਲਾਨਿਆ ਗਿਆ।

ਪਹਿਲੀ ਵਾਰ ਅੰਤਰ-ਰਾਸ਼ਟਰੀ ਟੂਰਨਾਮੈਂਟ ਦੀ ਮੇਜ਼ਬਾਨੀ ਕਰ ਰਹੇ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਮੁਹਾਲੀ ਨੇ ਜ਼ੋਰਦਾਰ ਢੰਗ ਨਾਲ ਵਿਸ਼ਵ ਪੱਧਰੀ ਖੇਡ ਮੰਚ 'ਤੇ ਆਪਣੀ ਸ਼ੁਰੂਆਤ ਕੀਤੀ। ਖਚਾਖਚ ਭਰਿਆ ਸਟੇਡੀਅਮ, ਜੋਸ਼ੀਲਾ ਮਾਹੌਲ, ਵਿਸ਼ਵ ਪੱਧਰੀ ਸਹੂਲਤਾਂ ਅਤੇ ਸੈਮੀਫਾਈਨਲ, ਕਾਂਸੀ ਦੇ ਤਗਮੇ ਦੇ ਮੈਚ ਅਤੇ ਫਾਈਨਲ ਲਈ ਪੁਖ਼ਤਾ ਪ੍ਰਬੰਧਾਂ ਲਈ ਮੁਹਾਲੀ ਨੇ ਏਸ਼ੀਆ ਭਰ ਦੀਆਂ ਟੀਮਾਂ, ਅਧਿਕਾਰੀਆਂ ਅਤੇ ਪ੍ਰਸ਼ੰਸਕਾਂ ਤੋਂ ਵਾਹ-ਵਾਹ ਖੱਟੀ।ਇਸ ਨਾਲ 2030 ਵਿਸ਼ਵ ਕੱਪ ਦੀ ਮੇਜ਼ਬਾਨੀ ਕਰਨ ਦੇ ਪੰਜਾਬ ਦੇ ਦਾਅਵੇ ਨੂੰ ਹੋਰ ਮਜ਼ਬੂਤੀ ਮਿਲੀ ਹੈ। ਇਸ ਟੂਰਨਾਮੈਂਟ ਵਿੱਚ 1966 ਦੀਆਂ ਏਸ਼ਿਆਈ ਖੇਡਾਂ, 1975 ਵਿਸ਼ਵ ਕੱਪ ਤੇ 1980 ਮਾਸਕੋ ਓਲੰਪਿਕਸ ਦੇ ਸੋਨ ਤਮਗਾ ਜੇਤੂ ਪੁਰਾਣੇ ਦਿੱਗਜ਼ ਖਿਡਾਰੀਆਂ ਤੋਂ ਲੈ ਕੇ 2024 ਦੀਆਂ ਪੈਰਿਸ ਓਲੰਪਿਕਸ ਵਿੱਚ ਕਾਂਸੀ ਦਾ ਤਮਗਾ ਜੇਤੂ ਖਿਡਾਰੀਆਂ ਤੱਕ ਵੱਡੀ ਗਿਣਤੀ ਵਿੱਚ ਦੇਸ਼ ਦਾ ਨਾਮ ਰੌਸ਼ਨ ਕਰਨ ਵਾਲੇ ਖਿਡਾਰੀਆਂ ਨੇ ਹਾਜ਼ਰੀ ਲਗਾਈ।

ਹਾਕੀ ਕੋਚ ਗੁਰਦਿਆਲ ਸਿੰਘ ਭੰਗੂ ਦਾ ਦੇਹਾਂਤ

ਫਿਲਮ 'ਚੱਕ ਦੇ ! ਇੰਡੀਆ' ਦੀ ਕਹਾਣੀ ਨੂੰ ਪ੍ਰੇਰਿਤ ਕਰਨ ਵਾਲੀ ਜਿੱਤ ਦਿਵਾਈ



ਨਵੀਂ ਦਿੱਲੀ/ਏ.ਟੀ.ਨਿਊਜ਼:2002 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਭਾਰਤ ਨੂੰ ਇਤਿਹਾਸਕ ਮਹਿਲਾ ਹਾਕੀ ਸੋਨ ਤਗ਼ਮਾ ਦਿਵਾਉਣ ਵਾਲੇ ਮੁੱਖ ਕੋਚ ਗੁਰਦਿਆਲ ਸਿੰਘ ਭੰਗੂ ਦਾ ਕੈਨੇਡਾ ਦੇ ਸਰੀ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਦੀ ਉਮਰ 86 ਸਾਲ ਸੀ। ਇਹ ਸ਼ਾਨਦਾਰ ਜਿੱਤ ਬਾਅਦ ਵਿੱਚ ਪ੍ਰਸਿੱਧ ਖੇਡ ਸੱਭਿਆਚਾਰ ਦਾ ਹਿੱਸਾ ਬਣ ਗਈ, ਜਿਸ ਨੇ 2007 'ਚ ਰਿਲੀਜ਼ ਹੋਈ ਸ਼ਾਹਰੁਖ਼ ਖ਼ਾਨ ਦੀ ਫਿਲਮ 'ਚੱਕ ਦੇ! ਇੰਡੀਆ' ਦੀ ਕਹਾਣੀ ਨੂੰ ਪ੍ਰੇਰਿਤ ਕੀਤਾ। ਭਾਵੇਂ ਸ਼ਾਹਰੁਖ਼ ਖ਼ਾਨ ਵੱਲੋਂ ਨਿਭਾਇਆ ਗਿਆ ਕਾਲਪਨਿਕ ਕਿਰਦਾਰ ਕਬੀਰ ਖ਼ਾਨ, ਸਾਬਕਾ ਭਾਰਤੀ ਗੋਲਕੀਪਰ ਮੀਰ ਰੰਜਨ ਨੇਗੀ ਤੋਂ ਪ੍ਰੇਰਿਤ ਸੀ ਪਰ ਭੰਗੂ ਹੀ ਉਹ ਅਸਲ ਇਨਸਾਨ ਸਨ ਜਿਸ ਨੇ ਮਾਨਚੈਸਟਰ ਵਿੱਚ ਟੀਮ ਦੀ ਇਸ ਇਤਿਹਾਸਕ ਸਫਲਤਾ ਦੀ ਰੂਪਰੇਖਾ ਤਿਆਰ ਕੀਤੀ ਸੀ।ਫੈਡਰੇਸ਼ਨ ਨੇ 'ਐਕਸ' ਉੱਤੇ ਪੋਸਟ ਸਾਂਝੀ ਕਰਦਿਆਂ ਲਿਖਿਆ, "ਹਾਕੀ ਇੰਡੀਆ 2002 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਣ ਵਾਲੀ ਭਾਰਤੀ ਮਹਿਲਾ ਟੀਮ ਦੇ ਮੁੱਖ ਕੋਚ ਗੁਰਦਿਆਲ ਸਿੰਘ ਭੰਗੂ ਦੇ 86 ਸਾਲ ਦੀ ਉਮਰ ਵਿੱਚ ਹੋਏ ਦੇਹਾਂਤ 'ਤੇ ਦੁਖ ਪ੍ਰਗਟ ਕਰਦੀ ਹੈ। ਭਾਰਤੀ ਹਾਕੀ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਦੇ ਪਰਿਵਾਰ ਅਤੇ ਪਿਆਰਿਆਂ ਪ੍ਰਤੀ ਸਾਡੀ ਡੂੰਘੀ ਸੰਵੇਦਨਾ।"

ਭੰਗੂ ਦਾ ਨਾਮ ਭਾਰਤੀ ਮਹਿਲਾ ਹਾਕੀ ਦੀਆਂ ਸਭ ਤੋਂ ਯਾਦਗਾਰ ਜਿੱਤਾਂ ਵਿੱਚੋਂ ਇੱਕ ਨਾਲ ਹਮੇਸ਼ਾ ਲਈ ਜੁੜਿਆ ਰਹੇਗਾ। ਉਨ੍ਹਾਂ ਦੀ ਅਗਵਾਈ ਹੇਠ, ਭਾਰਤ ਨੇ ਮਾਨਚੈਸਟਰ ਵਿੱਚ ਖੇਡੇ ਗਏ ਫਾਈਨਲ 'ਚ ਇੰਗਲੈਂਡ ਨੂੰ 3-2 ਨਾਲ ਹਰਾਇਆ ਅਤੇ ਰਾਸ਼ਟਰਮੰਡਲ ਖੇਡਾਂ ਦਾ ਚੈਂਪੀਅਨ ਬਣਿਆ।

ਆਈ.ਓ.ਏ. ਦੀ ਕਮੇਟੀ ਨੇ ਸ਼ੁਰੂ ਨਹੀਂ ਕੀਤੀ ਲਾਕੜਾ ਦੇ ਦੋਸ਼ਾਂ ਦੀ ਜਾਂਚ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਓਲੰਪਿਕ ਐਸੋਸੀਏਸ਼ਨ (ਆਈ ਓ ਏ) ਦੀ ਆਜ਼ਾਦ ਜਾਂਚ ਕਮੇਟੀ, ਜਿਸ ਦਾ ਗਠਨ ਭਾਰਤੀ ਮਹਿਲਾ ਹਾਕੀ ਟੀਮ ਦੀ ਸਾਬਕਾ ਕਪਤਾਨ ਅਸੁੰਤਾ ਲਾਕੜਾ ਵੱਲੋਂ ਹਾਕੀ ਇੰਡੀਆ ਦੇ ਸਕੱਤਰ ਭੋਲਾਨਾਥ ਸਿੰਘ 'ਤੇ ਲਾਏ ਗਏ ਦੋਸ਼ਾਂ ਦੀ ਜਾਂਚ ਲਈ ਕੀਤਾ ਗਿਆ ਸੀ, ਨੇ ਆਪਣੀ ਪਹਿਲੀ ਮੀਟਿੰਗ ਵੀ ਹਾਲੇ ਨਹੀਂ ਕੀਤੀ। ਇਸ ਕਮੇਟੀ ਦੇ ਗਠਨ ਨੂੰ ਦੋ ਮਹੀਨੇ ਬੀਤ ਚੁੱਕੇ ਹਨ ਕਿਉਂਕਿ ਕਥਿਤ ਤੌਰ 'ਤੇ ਹਾਕੀ ਇੰਡੀਆ ਨੇ ਕਾਰਵਾਈ ਸ਼ੁਰੂ ਕਰਨ ਲਈ ਲੋੜੀਂਦੇ ਫੰਡ ਜਾਰੀ ਨਹੀਂ ਕੀਤੇ ਹਨ।

ਖੇਡ ਮੰਤਰਾਲੇ ਦੇ ਹੁਕਮਾਂ 'ਤੇ ਬਣਾਈ ਗਈ ਇਸ ਚਾਰ ਮੈਂਬਰੀ ਆਜ਼ਾਦ ਜਾਂਚ ਕਮੇਟੀ ਦੀ ਅਗਵਾਈ ਹਾਈ ਕੋਰਟ ਦੀ ਸੇਵਾਮੁਕਤ ਜੱਜ ਦੀਪਾ ਸ਼ਰਮਾ ਕਰ ਰਹੀ ਹੈ, ਜਦਕਿ ਇਸ ਕਮੇਟੀ ਵਿੱਚ ਸਾਬਕਾ ਟਰੈਕ-ਐਂਡ-ਫੀਲਡ ਐਥਲੀਟ ਵੰਦਨਾ ਰਾਓ, ਮਹਿਲਾ ਹਾਕੀ ਟੀਮ ਦੀ ਸਾਬਕਾ ਕਪਤਾਨ ਮਮਤਾ ਖਰਬ ਅਤੇ ਵਕੀਲ ਸਿਤਵਤ ਨਬੀ ਮੈਂਬਰਾਂ ਵਜੋਂ ਸ਼ਾਮਲ ਹਨ।

ਮੌਜੂਦਾ ਗਾਇਕੀ ਜਾਂ ਗੀਤਕਾਰੀ ਤਬਾਹੀ ਵੱਲ, ਕਿਉਂ ਗਵਾਚ ਰਹੀ ਕਲਾਤਮਕ ਗਾਇਕੀ ?

ਭੋਲਾ ਸਿੰਘ ਸ਼ਮੀਰੀਆ



ਅੱਜ ਤੋਂ ਅੱਠ-ਦਸ ਦਹਾਕੇ ਪਹਿਲਾਂ ਜਦੋਂ ਮੇਲਿਆਂ ਜਾਂ ਅਖਾੜਿਆਂ ਵਿੱਚ ਕਵੀਸ਼ਰ ਜਾਂ ਢਾਡੀ ਤੁਰ ਫਿਰ ਕੇ ਗੌਣ ਸੁਣਾਇਆ ਕਰਦੇ ਸਨ, ਉਦੋਂ ਢਾਡੀਆਂ ਜਾਂ ਕਵੀਸ਼ਰਾਂ ਦੀ ਆਵਾਜ਼ ਵੀ ਸਪੀਕਰ ਵਰਗੀ ਹੋਇਆ ਕਰਦੀ ਸੀ। ਲੋਕ ਗੋਲ ਚੱਕਰ ਬਣਾ ਕੇ ਉਨ੍ਹਾਂ ਢਾਡੀਆਂ ਨੂੰ ਸੁਣਦੇ ਸਨ। ਪਿੰਡਾਂ ਦੇ ਲੋਕ ਮੇਲਿਆਂ ’ਤੇ ਵਹੀਰਾਂ ਘੱਤ ਕੇ ਇਹ ਗੌਣ ਸੁਣਨ ਲਈ ਜਾਂਦੇ ਸਨ ਕਿਉਂਕਿ ਉਸ ਸਮੇਂ ਸਾਜ਼ਾਂ ਦਾ ਸ਼ੋਰ-ਸ਼ਰਾਬਾ ਨਹੀਂ ਸੀ।

ਕਿਤੇ ਦੂਰੋਂ ਆਉਂਦੀ ਗਮੰਤਰੀਆਂ ਦੀ ਆਵਾਜ਼ ਨੂੰ ਸੁਣ ਕੇ ਲੋਕ ਤੁਰੇ ਜਾਂਦੇ ਵੀ ਖੜ੍ਹ ਜਾਇਆ ਕਰਦੇ ਸਨ। ਖੇਤ ਹਲ਼ ਵਾਹੁੰਦੇ ਕਿਸਾਨ ਜਦੋਂ ਦੂਰ ਕਿਤੇ ਲਾਊਡ ਸਪੀਕਰ ’ਤੇ ਅਮਰ ਸਿੰਘ ਸ਼ੌਂਕੀ ਦੀ ‘ਸਾਹਿਬਾਂ ’ਵਾਜ਼ਾਂ ਮਾਰਦੀ’ ਜਾਂ ‘ਤਿੰਨ ਸੌ ਕਾਨੀ ਸਾਰਦੀ, ਮੇਰੇ ਲੱਕ ਲਟਕੇ ਸ਼ਮਸੀਰ। ਨੀਂ ਉਹ ਪੱਤਿਆਂ ਵਾਂਗਰ ਉੱਡਣਗੇ, ਜਦ ਮਾਰੇ ਜੱਟ ਨੇ ਤੀਰ’ ਸੁਣਦੇ ਤਾਂ ਹਰ ਸਤਰ ਦੇ ਆਖਰੀ ਤੋੜੇ ਦੇ ਨਾਲ ਉੱਚੀਂ-ਉੱਚੀਂ ਆਪ ਵੀ ਗਾਉਣ ਲੱਗ ਪੈਂਦੇ ਸਨ। ਢਾਡੀ ਬਚਨ ਸਿੰਘ ਗਾਉਂਦਾ, ‘ਇੱਕ ਤਾਂ ਆਂਹਦੀ ਸਾਧਾ ਵਿਆਹਤੀ ਕੰਤ ਨਿਆਣੇ ਨੂੰ’, ਕਵੀਸ਼ਰ ਕਰਨੈਲ ਸਿੰਘ ਪਾਰਸ ਗਾਉਂਦਾ ਹੁੰਦਾ ਸੀ, ‘ਦੁਨੀਆ ਚਹੁੰ ਕੁ ਦਿਨਾਂ ਦਾ ਮੇਲਾ’, ਮਿਲਖੀ ਰਾਮ ਜਦ ਗਾਉਂਦਾ, ‘ਤੋਤਾ ਢੋਲ ਦਾ ਰੋਵੇ ਤੇ ਕੁਰਲਾਵੇ’ ਤਾਂ ਅੱਖਾਂ ਬੰਦ ਕਰਕੇ ਸੁਣਨ ਵਾਲੇ ਦੀ ਰੂਹ ਕਹਾਣੀ ਦੇ ਪਾਤਰਾਂ ਦੇ ਅੰਗ-ਸੰਗ ਜਾ ਖੜ੍ਹਦੀ ਸੀ।

ਇਹ ਉਹ ਸਮਾਂ ਸੀ ਜਦੋਂ ਗਾਇਕਾਂ ਤੇ ਪਹਿਲਵਾਨਾਂ ਪ੍ਰਤੀ ਲੋਕਾਂ ਦਾ ਪਿਆਰ ਤੇ ਸਤਿਕਾਰ ਨਿਰਛੱਲ ਤੇ ਸ਼ਰਧਾ ਵਾਲਾ ਹੁੰਦਾ ਸੀ। ਆਵਾਜਾਈ ਦੇ ਸਾਧਨਾਂ ਦੀ ਘਾਟ ਹੋਣ ਕਰਕੇ ਲੋਕ ਅਖਾੜਾ ਲੱਗਣ ਤੋਂ ਬਾਅਦ ਇਨ੍ਹਾਂ ਪਹਿਲਵਾਨਾਂ ਤੇ ਗਮੰਤਰੀਆਂ ਨੂੰ ਆਪਣੇ ਘਰਾਂ ਵਿੱਚ ਨਿਵਾਸ ਦੇਣ ਨੂੰ ਵਡਿਆਈ ਵਾਲਾ ਕਾਰਜ ਸਮਝਦੇ ਸਨ। ਉੱਚੀ ਤੇ ਖੜਕਵੀਂ ਆਵਾਜ਼ ਵਿੱਚ ਅਮਰ ਸਿੰਘ ਸ਼ੌਂਕੀ ਅਤੇ ਬਾਅਦ ਵਿੱਚ ਰਣਜੀਤ ਸਿੰਘ ਸੰਧਵਾਂ ਦੀ ਝੰਡੀ ਰਹੀ। ਰਣਜੀਤ ਸਿੰਘ ਸੰਧਵਾਂ ਤੇ ਕਰਨੈਲ ਸਿੰਘ ਪਾਰਸ ਦੀ ਜੋੜੀ ਨੇ ਬਹੁਤ ਨਾਂ ਕਮਾਇਆ। ਅਲਗੋਜ਼ੇ ਦੀ ਟੌਹਰ ਸਥਾਪਿਤ ਕੀਤੀ ਮਿਲਖੀ ਰਾਮ ਤੇ ਬੇਲੀ ਰਾਮ ਨੇ। ਇਸ ਸਮੇਂ ਸਾਜ਼ਾਂ ਦਾ ਸ਼ੋਰ-ਸ਼ਰਾਬਾ ਨਹੀਂ ਸੀ ਹੁੰਦਾ। ਲੋਕ ਰੱਜ ਕੇ ਸ਼ਬਦੀ-ਰਸ ਮਾਣਦੇ। ਕਵੀਸ਼ਰ ਜਾਂ ਢਾਡੀ ਸਮੇਂ ਤੇ ਸਥਿਤੀ ਅਨੁਸਾਰ ਪਾਤਰਾਂ ਦੀ ਮਨੋਦਸ਼ਾ ਨੂੰ ਢੁੱਕਵੇਂ ਛੰਦ ਰਾਹੀਂ ਗਾ ਕੇ ਸਰੋਤਿਆਂ ਨੂੰ ਆਪਣੇ ਨਾਲ ਤੋਰ ਲੈਂਦੇ ਸਨ। ਗੱਡੀ ਛੰਦ ਰਾਹੀਂ ਪੂਰਨ ਤੇ ਰਾਣੀ ਸੁੰਦਰਾਂ ਵਿਚਲੇ ਸੰਵਾਦੀ ਰੂਪ ਨੂੰ ਅਮਰ ਸਿੰਘ ਸ਼ੌਂਕੀ ਇਉਂ ਪੇਸ਼ ਕਰਦਾ;

ਗੱਲ ਸੁਣ ਲੈ ਰਾਣੀਏ ਮੇਰੀ ਅਸੀਂ ਹਾਂ ਭਗਤ ਰੱਬ ਦੇ, ਸਾਡੀ ਸਤਿਗੁਰ,
ਸਾਡੀ ਸਤਿਗੁਰ ਨਾਲ ਪ੍ਰੀਤੀ ਲੋਕ ਭਾਵੇਂ ਲੱਖ ਵਸਦੇ, ਅਸੀਂ ਰੂਪ,
ਅਸੀਂ ਰੂਪ ਗੰਵਾ ਲਿਆ ਆਪਣਾ ਕੰਨ ਪੜਵਾ ਕੇ ਰਾਣੀਏ, ਸੁੰਦਰਾਂ,
ਸੁੰਦਰਾਂ...ਨੀਂ ਜੱਗ ਦਾ ਪਿਆਰ ਛੱਡ ਕੇ ਪਾਈਆਂ ਮੁੰਦਰਾਂ।

ਲਾਲ ਚੰਦ ਯਮਲਾ ਜੱਟ ਦੀ ਤੂੰਬੀ ਨੇ ਗੁਰੂ ਨਾਨਕ ਨੂੰ ਅਜਿਹਾ ਧਿਆਇਆ ਕਿ ਉਹ ਸਦਾ ਲਈ ਅਮਰ ਹੋ ਗਿਆ। ਜ਼ਿਆਦਾ ਕਰਕੇ ਢੋਲਕੀ ਤੇ ਤੂੰਬੀ ਹੀ ਉਸ ਦੀ ਗਾਇਕੀ ਦਾ ਧੁਰਾ ਰਹੇ। ਆਪਣੇ ਫੱਕਰਾਂ ਵਰਗੇ ਭੇਸ ਨਾਲ ਫੱਕਰਾਂ ਵਰਗੀ ਗਾਇਕੀ ਹੀ ਪ੍ਰਧਾਨ ਰਹੀ। ਸੰਸਾਰੀ ਤੇ ਅਧਿਆਤਮਿਕਤਾ ਦੇ ਸੰਵਾਦੀ ਰੂਪ ਨੂੰ ਲੋਕਾਈ ਦੇ ਪੱਧਰ ’ਤੇ ਆ ਕੇ ਲੋਕਾਂ ਦਾ ਮਨੋਰੰਜਨ ਕਰਦੀ ਰਹੀ ਯਮਲੇ ਜੱਟ ਦੀ ਗਾਇਕੀ। ਯਮਲੇ ਦੀ ਗਾਇਕੀ ਨੇ ਸਿੱਧ ਕਰ ਦਿੱਤਾ ਕਿ ਜੇ ਤੁਹਾਡੀ ਕਲਾ ਸੱਚਮੁੱਚ ਹੀ ‘ਸੱਚ’ ਦੀ ਗੱਲ ਕਰਦੀ ਹੈ ਤਾਂ ਲੋਕ ਜਾਤਾਂ, ਧਰਮਾਂ, ਮਜ਼ਹਬਾਂ ਤੋਂ ਉੱਪਰ ਉੱਠ ਕੇ ਤੁਹਾਨੂੰ ਪ੍ਰਵਾਨ ਕਰ ਲੈਂਦੇ ਹਨ। ਲਾਲ ਚੰਦ ਇੱਕ ਬਾਣੀਆਂ ਦਾ ਮੁੰਡਾ ਹੋਣ ਦੇ ਬਾਵਜੂਦ ਉਸ ਨੇ ਜੱਟ ਬਰਾਦਰੀ ਦਾ ਤਖੱਲਸ ‘ਯਮਲਾ ਜੱਟ’ ਅਪਣਾ ਲਿਆ, ਪਰ ਜੱਟ ਬਰਾਦਰੀ ਨੇ ਇਸ ਵਰਗ-ਅੰਤਰਾਲ ਨੂੰ ਸ਼ੁਭ ਸ਼ਗਨ ਮੰਨਦੇ ਹੋਏ ਚਾਵਾਂ ਨਾਲ ਸਵੀਕਾਰਿਆ। ਇਹ ਪ੍ਰਵਾਨਗੀ ਤੇ ਅਪਣੱਤ ਸਿਰਫ਼ ਯਮਲੇ ਦੇ ‘ਸ਼ਬਦ-ਰਸ’ ਕਰਕੇ ਹੀ ਸੰਭਵ ਹੈ। ਉਸ ਦੀ ਗਾਇਕੀ ਵਿੱਚੋਂ ਲੋਕ ਆਨੰਦ ਮਹਿਸੂਸ ਕਰਦੇ ਰਹੇ। ਉਸ ਦੀ ਗਾਇਕੀ ਵਿੱਚ ਮੌਜੂਦਾ ਸਮੇਂ ਵਰਗਾ ‘ਧੂਮ-ਧੜੱਕਾ’ ਨਹੀਂ ਸੀ। ਉਸ ਦੇ ਸੁੱਚੇ ਬੋਲਾਂ ਸਦਕੇ ਕਿਸੇ ਦੇ ਵੀ ਬੁੱਲ੍ਹਾਂ ’ਤੇ ਅੱਜ ਤੱਕ ਇਹ ਸ਼ਬਦ ਨਹੀਂ ਆਇਆ ਕਿ ਇੱਕ ਬਾਣੀਆ ਜੱਟ ਕਿਵੇਂ ਹੋਇਆ ?



ਪੁਰਾਤਨ ਗਾਇਕ ਜ਼ਿਆਦਾ ਕਰਕੇ ਆਪਣੀਆਂ ਲਿਖੀਆਂ ਰਚਨਾਵਾਂ ਹੀ ਪੇਸ਼ ਕਰਦੇ ਸਨ। ਆਪਣੀ ਲਿਖੀ ਰਚਨਾ ਵਿੱਚ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਕਿਹੜਾ ਪਹਿਰਾ ਜਾਂ ਕਿਹੜਾ ਬੰਦ ਐਕਸ਼ਨ ਭਰਭੂਰ ਹੈ। ਕਿਹੜੇ ਸ਼ਬਦਾਂ ਨੂੰ ‘ਚੱਬ ਕੇ’ ਬੋਲਣਾ ਹੈ ਤੇ ਕਿੱਥੇ ਸੁਰ ਨੀਵੀਂ ਰੱਖਣੀ ਹੈ। ਫਿਰ ਜੇਲ੍ਹ ’ਚੋਂ ਨਿਕਲ ਕੇ ਸਟੇਜ ’ਤੇ ਚੜ੍ਹੇ ਜਗਤ ਸਿੰਘ ਜੱਗੇ ਨੂੰ ਲੋਕ ਸੁਣਨ ਦੇ ਨਾਲ-ਨਾਲ ਉਸ ਦੀ ਬਾਹਰੀ ਦਿੱਖ ਨੂੰ ਵੀ ਨਿਹਾਰਨ ਲੱਗੇ। ਜਦੋਂ ਉਹ ਘੋੜੀ ’ਤੇ ਚੜ੍ਹ ਕੇ ਆਉਂਦਾ ਤੇ ਉਤਰਨ ਸਾਰ ਹੀ ਗਾਉਂਦਾ, ‘ਮੈਨੂੰ ਜੱਟ ਮਿਰਜ਼ਾ ਨੇ ਆਖਦੇ’ ਉਦੋਂ ਉਹ ਸੱਚਮੁੱਚ ਮਿਰਜ਼ਾ ਹੀ ਪ੍ਰਤੀਤ ਹੁੰਦਾ। ਉਸ ਦੇ ਨਾਲ ਨਰਿੰਦਰ ਬੀਬਾ ਦਾ ਸਾਥ ਸੋਨੇ ’ਤੇ ਸੁਹਾਗੇ ਵਰਗਾ ਸੀ। ਸੁਰਿੰਦਰ ਕੌਰ ਨੂੰ ‘ਪੰਜਾਬ ਦੀ ਕੋਇਲ’ ਹੋਣ ਦਾ ਮਾਣ ਹਾਸਲ ਸੀ। ਉਸ ਦੇ ਗਾਏ ਗੀਤ ‘ਮਾਵਾਂ ਧੀਆਂ ਮਿਲਣ ਲੱਗੀਆਂ ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ’, ‘ਨੀਂ ਇੱਕ ਮੇਰੀ ਅੱਖ ਕਾਸ਼ਨੀ’, ‘ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆਂ’ ਕਾਫ਼ੀ ਚਰਚਿਤ ਰਹੇ। ਪ੍ਰਕਾਸ਼ ਕੌਰ, ਜਗਜੀਤ ਜੀਰਵੀ ਤੇ ਆਸਾ ਸਿੰਘ ਮਸਤਾਨਾ ਦਾ ਆਪਣਾ ਰੰਗ ਸੀ। ਇਸ ਤੋਂ ਬਾਅਦ ਅਖਾੜਾ ਪ੍ਰਣਾਲੀ ਲੋਕਾਂ ਦੀ ਭਰਭੂਰ ਖਿੱਚ ਦਾ ਕੇਂਦਰ ਬਣੀ ਰਹੀ।

ਇਨ੍ਹਾਂ ਅਖਾੜਾ ਜੋੜੀਆਂ ਦੇ ਸਰਗਰਮ ਹੋਣ ’ਤੇ ਗੀਤਕਾਰਾਂ ਦੀ ਵੱਖਰੀ ਪਛਾਣ ਬਣਨੀ ਸ਼ੁਰੂ ਹੋਈ। ਅਖਾੜੇ ਪ੍ਰਤੀ ਲੋਕਾਂ ਦੀ ਦਿਲਚਸਪੀ ਔਰਤ ਦੇ ਮੂੰਹੋਂ ਬੇਬਾਕ ਪਰਿਵਾਰਕ ਨੋਕ-ਝੋਕ ਸੁਣਨ ਕਰਕੇ ਜ਼ਿਆਦਾ ਹੁੰਦੀ ਸੀ ਕਿਉਂਕਿ ਔਰਤ ਸਮਾਜਿਕ ਤੌਰ ’ਤੇ ਅਣ-ਐਲਾਨੀ ਐਮਰਜੈਂਸੀ ਤਹਿਤ ਬੰਦ ਹੁੰਦੀ ਸੀ। ਸ਼ੁਰੂ-ਸ਼ੁਰੂ ਵਿੱਚ ਸਿਰਫ਼ ਮਰਦ ਹੀ ਅਖਾੜਾ ਦੇਖਿਆ ਕਰਦੇ ਸਨ। ਇਹ ਵੀ ਇੱਕ ਸ਼ਰਮ ਦਾ ਦੌਰ ਸੀ ਜਦੋਂ ਘਰ ਦੇ ਜੁਆਨ ਪੁੱਤ ਵੀ ਆਪਣੇ ਬਾਪ ਤੋਂ ਚੋਰੀਉਂ ਅਖਾੜਾ ਦੇਖਦੇ ਸਨ। ਅਖਾੜੇ ਵਿੱਚ ਖੜ੍ਹਨ ਜਾਂ ਬੈਠਣ ਸਮੇਂ ਆਪਣੇ ਬਾਪ ਤੋਂ ਓਹਲੇ ਹੋ ਕੇ ਅਖਾੜਾ ਦੇਖਦੇ ਸਨ। ਔਰਤਾਂ ਲੁਕ-ਛਿਪ ਕੇ ਜਾਂ ਕੋਠਿਆਂ ਤੋਂ ਆਪਣੇ ਚਿਹਰੇ ਕੱਪੜੇ ਨਾਲ ਢੱਕ ਕੇ ਆਪਣੇ ਘਰਦਿਆਂ ਤੋਂ ਚੋਰੀਉਂ ਅਖਾੜੇ ਦੇਖਿਆ ਕਰਦੀਆਂ ਸਨ। ਸਮੇਂ ਦੇ ਵਹਿਣ ਨਾਲ ਜਦੋਂ ਇਹ ਅਖਾੜਾ ਕਲਚਰ ਸੱਥਾਂ ਤੋਂ ਹੁੰਦਾ ਹੋਇਆ ਪੈਲੇਸਾਂ ਤੱਕ ਪੁੱਜਿਆ ਤਾਂ ਔਰਤਾਂ ਵੀ ਇਸ ਅਖਾੜਾ ਕਲਚਰ ਦਾ ਹਿੱਸਾ ਬਣਨ ਲੱਗੀਆਂ।

ਇਸ ਅਖਾੜਾ ਵਿਧੀ ਵਿੱਚ ਜਦੋਂ ਗੀਤ ਦੇ ਆਖਰੀ ਬੰਦ ਵਿੱਚ ਗੀਤਕਾਰ ਦਾ ਨਾਂ ਨਸ਼ਰ ਹੁੰਦਾ ਤਾਂ ਲੋਕ ਗੀਤਕਾਰਾਂ ਦੀ ਵੀ ਪਛਾਣ ਕਰਨ ਲੱਗੇ। ਨੰਦ ਲਾਲ ਨੂਰਪੁਰੀ, ਚਮਨ ਲਾਲ ਸ਼ੁਗਲ, ਗੁਰਦੇਵ ਸਿੰਘ ਮਾਨ, ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ, ਹਰਦੇਵ ਦਿਲਗੀਰ ਥਰੀਕੇ ਵਾਲਾ, ਸੋਹਣ ਸਿੰਘ ਸੀਤਲ, ਗਾਮੀ ਸੰਗਤਪੁਰੀਆ ਆਦਿ ਗੀਤਕਾਰ ਵੱਖੋ-ਵੱਖਰੀਆਂ ਵਿਧਾਵਾਂ ਤੇ ਗੀਤ ਰਚ ਕੇ ਆਪੋ-ਆਪਣੇ ਵੱਖਰੇ ਮਾਰਕੇ ਦੀ ਗੱਲ ਕਰਦੇ ਰਹੇ। ਗੀਤਾਂ ਦੀਆਂ ਸ਼ੈਲੀਆਂ ਤੋਂ ਹੀ ਲੋਕ ਗੀਤਕਾਰਾਂ ਦੀ ਪਛਾਣ ਕਰਨ ਲੱਗੇ। ਅਖਾੜਿਆਂ ਵਿੱਚ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਜਾਂ ਪਰਿਵਾਰਕ ਮਸਲਿਆਂ ਨੂੰ ਨਾਟਕੀ ਢੰਗ ਨਾਲ ਦਰਸਾਇਆ ਜਾਣ ਲੱਗਿਆ। ਅਖਾੜਾ ਕਲਚਰ ਕਾਫ਼ੀ ਸਮਾਂ ਲੋਕਾਂ ਦੀ ਖਿੱਚ ਦਾ ਕੇਂਦਰ ਰਿਹਾ। ਇਸ ਸਮੇਂ ਤੱਕ ਸੰਗੀਤ ਕਲਾਕਾਰਾਂ ਦੀ ਮੁੱਠੀ ਵਿੱਚ ਰਿਹਾ ਭਾਵ ਸੰਗੀਤ ਕਦੇ ਸ਼ਬਦਾਂ ’ਤੇ ਭਾਰੂ ਨਹੀਂ ਸੀ ਪੈਂਦਾ। ਬੇਸ਼ੱਕ ਸਾਜ਼ਾਂ ਦੀ ਗਿਣਤੀ ਸਟੇਜ ’ਤੇ ਛੇ ਜਾਂ ਸੱਤ ਤੱਕ ਪੁੱਜ ਗਈ ਸੀ। ਲੋਕ ਸਰਵਣ ਵਿਧੀ ਰਾਹੀਂ ਗੀਤਾਂ ਦਾ ਸ਼ਬਦੀ ਰਸ ਮਾਣਦੇ।

ਅਖਾੜਿਆਂ ਵਿੱਚ ਮੋਹਰੀ ਰੋਲ ਅਦਾ ਕਰਨ ਵਾਲੇ ਕਲਾਕਾਰ ਸਨ ਪੰਮੀ-ਪੋਹਲੀ, ਮੁਹੰਮਦ ਸਦੀਕ-ਰਣਜੀਤ ਕੌਰ, ਹਰਚਰਨ ਗਰੇਵਾਲ-ਰਾਜਨ, ਚਾਂਦੀ ਰਾਮ, ਦੀਦਾਰ ਸੰਧੂ, ਕੁਲਦੀਪ ਮਾਣਕ, ਜਗਮੋਹਣ-ਕੇ ਦੀਪ, ਨਰਿੰਦਰ ਬੀਬਾ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਜਸਵੰਤ ਸੰਦੀਲਾ-ਪਰਮਿੰਦਰ ਸੰਧੂ, ਕਰਤਾਰ ਰਮਲਾ, ਹਾਕਮ ਬਖਤੜੀ ਵਲਾ, ਅਮਰ ਸਿੰਘ ਚਮਕੀਲਾ, ਮਦਨ ਰਾਹੀ ਆਦਿ ਕਲਾਕਾਰਾਂ ਦੀ ਕਤਾਰ ਕਾਫ਼ੀ ਲੰਬੀ ਹੈ। ਇਸ ਦੌਰ ਦਾ ਇੱਕ ਇਹ ਵੀ ਰੰਗ ਸੀ ਕਿ ਔਰਤ ਕਲਾਕਾਰ ਤੋਂ ਬਿਨਾਂ ਲੋਕ ਅਖਾੜੇ ਨੂੰ ਪ੍ਰਵਾਨ ਨਹੀਂ ਸਨ ਕਰਦੇ। ਕੁਲਦੀਪ ਮਾਣਕ ਦਾ ਇਸ ਦੌਰ ਵਿੱਚ ਇੱਕ ਵੱਖਰਾ ਰੰਗ ਸੀ। ਨਰਿੰਦਰ ਬੀਬਾ ਦਾ ਵੱਖਰਾ ਤੇ ਜਗਮੋਹਣ-ਕੇ.ਦੀਪ ਦਾ ਵੱਖਰਾ। ਦੀਦਾਰ ਸੰਧੂ ਖ਼ੁਦ ਹੀ ਗੀਤ ਲਿਖਦਾ ਤੇ ਖ਼ੁਦ ਹੀ ਗਾਉਂਦਾ ਸੀ। ਉਸ ਦੀ ਮੁਹਾਵਰਿਆਂ ਨਾਲ ਸ਼ਿੰਗਾਰੀ ਹੋਈ ਗੀਤ-ਸ਼ੈਲੀ ਲੋਕਾਂ ਨੇ ਬਹੁਤ ਪਸੰਦ ਕੀਤੀ।

ਅਖਾੜਾ ਵਿਧੀ ਵਿੱਚ ਮੁਹੰਮਦ ਸਦੀਕ-ਰਣਜੀਤ ਕੌਰ ਲੰਬੀ ਪਾਰੀ ਖੇਡਣ ਵਾਲੀ ਜੋੜੀ ਸੀ। ਬਹੁਤ ਘੱਟ ਲੋਕ ਜਾਣਦੇ ਹਨ ਕਿ ਮੁਹੰਮਦ ਸਦੀਕ ਸਿਰਫ਼ ਗਾਇਕ ਹੀ ਨਹੀਂ, ਸੰਗੀਤਕਾਰ ਦੇ ਤੌਰ ’ਤੇ ਉਸ ਤੋਂ ਵੀ ਜ਼ਿਆਦਾ ਮਾਹਿਰ ਹੈ। ਮੁਹੰਮਦ ਸਦੀਕ ਨੇ ਬਾਬੂ ਸਿੰਘ ਮਾਨ ਦੇ ਕੋਰੜਾ ਛੰਦ ਨੁਮਾ ਗੀਤਾਂ ਨੂੰ ਵੱਖੋ-ਵੱਖਰੀਆਂ ਤਰਜ਼ਾਂ ਵਿੱਚ ਪੇਸ਼ ਕਰਕੇ ਆਪਣੀ ਕਲਾ ਦਾ ਭਰਭੂਰ ਮੁਜ਼ਾਹਰਾ ਕੀਤਾ। ਜਦੋਂ ਕਲਾਕਾਰ ਤੇ ਸੁਰ ਇੱਕ-ਸੁਰ ਹੁੰਦੇ ਹਨ ਤਾਂ ਕਲਾ ਦਾ ਜਨਮ ਹੁੰਦਾ ਹੈ। ਕਲਾ ਜਦੋਂ ਸਿਰ ਚੜ੍ਹ ਕੇ ਬੋਲਦੀ ਹੈ ਤਾਂ ਕਲਾਕਾਰ ਨੂੰ ਵੀ ਵਹਿਣਾਂ ਵਿੱਚ ਡਬੋ ਜਾਂਦੀ ਹੈ। ਇੱਕ ਵਾਰ ਮੁਹੰਮਦ ਸਦੀਕ, ਬਾਬੂ ਸਿੰਘ ਮਾਨ ਦੇ ਗੀਤ ‘ਨਹੀਉਂ ਭੁੱਲਣਾ ਵਿਛੋੜਾ ਤੇਰਾ’ ਦਾ ਸੰਗੀਤ ਤਿਆਰ ਕਰ ਰਿਹਾ ਸੀ। ਜਦੋਂ ਗੀਤ ਨੂੰ ਪੂਰੀ ਤਰ੍ਹਾਂ ਸੰਗੀਤਬੱਧ ਕਰਕੇ ਮੁਹੰਮਦ ਸਦੀਕ ਗਾਉਣ ਲੱਗਿਆ ਤਾਂ ਮੁਹੰਮਦ ਸਦੀਕ ਖ਼ੁਦ ਵੀ ਰੋਣ ਲੱਗ ਪਿਆ। ਇਸ ਨੂੰ ਕਹਿੰਦੇ ਨੇ ਜਿਉਂਦੀ ਭਾਵਨਾ ਵਾਲਾ ਗੀਤ। ਸੋ ਇਸ ਤਰ੍ਹਾਂ ਗੀਤਕਾਰਾਂ ਦੀ ਸ਼ੈਲੀ ਵਿੱਚ ਵੀ ਨਿਖਾਰ ਆਉਂਦਾ ਗਿਆ। ਬਾਬੂ ਸਿੰਘ ਮਾਨ ਲੋਕ ਬੋਲੀ ਵਿੱਚ ਭਾਵਨਾਤਮਕ ਗੀਤ ਲਿਖਣ ਦੇ ਮਾਹਿਰ ਵਜੋਂ ਜਾਣਿਆ ਜਾਣ ਲੱਗਾ ਤੇ ਥਰੀਕੇ ਵਾਲਾ ਲੋਕ ਗਥਾਵਾਂ ਲਿਖਣ ਵਾਲਾ। ਲਹਿੰਦੇ ਪੰਜਾਬ ਦੇ ਕਲਾਕਾਰਾਂ ਨੇ ਸੰਗੀਤ ਨੂੰ ਵਿਕਾਊ ਨਹੀਂ ਹੋਣ ਦਿੱਤਾ। ਉਨ੍ਹਾਂ ਨੇ ਸ਼ਬਦਾਵਲੀ ਉੱਪਰ ਸੰਗੀਤ ਨੂੰ ਅਜੇ ਤੀਕ ਵੀ ਭਾਰੂ ਨਹੀਂ ਹੋਣ ਦਿੱਤਾ।

ਮੌਜੂਦਾ ਗਾਇਕੀ ਤੇ ਗੀਤਕਾਰੀ ਵਿੱਚੋਂ ਹੁਣ ਸੁਚੱਜਾ ਕਲਾਕਾਰ ਲੱਭਣਾ ਔਖਾ ਹੈ। ਪਹਿਲਾਂ ਗਾਉਣ ਵਾਲਾ ਸੰਗੀਤ ਨੂੰ ਆਪਣੇ ਮੁਤਾਬਿਕ ਢਾਲਦਾ ਸੀ, ਹੁਣ ਸੰਗੀਤ ਕਲਾਕਾਰ ਨੂੰ ਆਪਣੇ ਮੁਤਾਬਿਕ ਤੋਰਦਾ ਹੈ। ਸੰਗੀਤ ਦੇ ਸ਼ੋਰ ਨੇ ਗਾਇਕ ਤੇ ਗੀਤਕਾਰ ਦੋਵੇਂ ਹੀ ਗੁਣਾਤਮਕ ਪੱਖ ਤੋਂ ਹੀਣੇ ਕਰ ਦਿੱਤੇ ਹਨ। ਹੁਣ ਗੀਤ ਵਿਚਲਾ ਸਰੋਦੀ-ਰਸ ਅੱਖਾਂ ਰਾਹੀਂ ਦੇਖਣ ਵਾਲੀ ਵਸਤੂ ਬਣ ਕੇ ਰਹਿ ਗਿਆ ਹੈ। ਹੁਣ ਅਸੀਂ ਪਰਦੇ ’ਤੇ ਗੀਤ ਸੁਣਦੇ ਨਹੀਂ, ਦੇਖਦੇ ਹਾਂ। ਅੱਜਕੱਲ੍ਹ ਕਲਾਕਾਰ ਸਿੱਖਦੇ ਨਹੀਂ, ਕੰਪਿਊਟਰ ’ਤੇ ਵਜਦਾ ਸੰਗੀਤ ਹੀ ਉਨ੍ਹਾਂ ਨੂੰ ਆਪਣੇ ਮੁਤਾਬਿਕ ਮੋੜਦਾ ਹੈ। ਹੁਣ ਤਾਂ ਇਹ ਵੀ ਨਹੀਂ ਪਤਾ ਕਿ ਇੱਕ ਅਣਜਾਣ ਜਿਹਾ ਅਖੌਤੀ ਕਲਾਕਾਰ ਕਦੋਂ ਸੁਪਰ ਸਟਾਰ ਬਣ ਜਾਵੇ। ਅਜਿਹੇ ਕਲਾਕਾਰ ਸਟੇਜ ’ਤੇ ਗਾਉਂਦੇ ਘੱਟ ਤੇ ਨੱਚਦੇ ਜ਼ਿਆਦਾ ਹਨ। ਹੁਣ ਤਾਂ ਇਹ ਵੀ ਸਮਝ ਨਹੀਂ ਆਉਂਦੀ ਕਿ ਪਰਦੇ ਅੱਗੇ ਬੈਠੇ ਨੂੰ ਦਰਸ਼ਕ ਕਹੀਏ ਜਾਂ ਸਰੋਤਾ।

ਬਾਬੂ ਸਿੰਘ ਮਾਨ ਦੇ ਕਹਿਣ ਅਨੁਸਾਰ ਹੁਣ ਗੀਤਕਾਰੀ ਵਾਲੀ ਕਲਾਤਮਿਕਤਾ ਖ਼ਤਮ ਹੋ ਚੁੱਕੀ ਹੈ। ਗੀਤਕਾਰੀ ਤੇ ਗਾਇਕੀ ਨੂੰ ਕੰਪਿਊਟਰੀ ਸੰਗੀਤ ਨੇ ਆਪਣੇ ਕਲਾਵੇ ਵਿੱਚ ਲੈ ਲਿਆ ਹੈ, ਪ੍ਰੰਤੂ ਫਿਰ ਵੀ ਕੁਝ ਕਲਾਕਾਰ ਅਜੇ ਵੀ ਅਜਿਹੇ ਹਨ ਜਿਨ੍ਹਾਂ ਨੇ ਸਾਜ਼ਾਂ ਦੇ ਸੋਰ-ਸ਼ਰਾਬੇ ਵਿੱਚ ਵੀ ਆਪਣੀ ਆਵਾਜ਼ ਨੂੰ ਗੁਆਚਣ ਨਹੀਂ ਦਿੱਤਾ। ਜਿਵੇਂ ਗੁਰਦਾਸ ਮਾਨ, ਸਤਿੰਦਰ ਸਰਤਾਜ, ਹਰਭਜਨ ਮਾਨ, ਹੰਸ ਰਾਜ ਹੰਸ, ਸੁਖਵਿੰਦਰ ਆਦਿ ਕਲਾਕਾਰ ਵਰਣਨਯੋਗ ਹਨ। ਜਿਨ੍ਹਾਂ ਨੇ ਸਾਜ਼ਾਂ ਨੂੰ ਆਪਣੀ ਗਾਇਕੀ ’ਤੇ ਭਾਰੂ ਨਹੀਂ ਪੈਣ ਦਿੱਤਾ। ਜਿਨ੍ਹਾਂ ਸਾਜ਼ਾਂ ਦਾ ਸ਼ੋਰ ਸ਼ਰਾਬਾ ਹੋਵੇਗਾ ਸਮਝੋ ਗਾਇਕ ਓਨਾਂ ਹੀ ਕਮਜ਼ੋਰ ਪੱਧਰ ਦਾ ਹੋਵੇਗਾ। ਸੰਗੀਤਕ ਪੱਖ ਦੀ ਕਮਜ਼ੋਰੀ ਵਾਲਾ ਕਲਾਕਾਰ ਹੀ ਸਾਜ਼ਾਂ ਦੀ ‘ਢਊਂ-ਢਊਂ’ ਦਾ ਸਹਾਰਾ ਲਵੇਗਾ। ਕਈ ਨਵੇਂ ਗੀਤਕਾਰਾਂ ਨੇ ਅਜਿਹੇ ਗੀਤ ਸਿਰਜੇ ਹਨ ਜਿਨ੍ਹਾਂ ਦਾ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਦਾ ਕੀ ਮਤਲਬ ਹੈ।

ਹੁਣ ਗੀਤਕਾਰੀ ਸਾਡੀਆਂ ਭਾਵਨਾਵਾਂ ਨੂੰ ਹਲੂਣਾ ਦੇਣ ਵਾਲੀ ਨਹੀਂ ਰਚੀ ਜਾ ਰਹੀ, ਸਿਰਫ਼ ਪਰਦੇ ਨੂੰ ਮੁੱਖ ਰੱਖ ਕੇ ਰਚੀ ਜਾ ਰਹੀ ਹੈ। ਮੇਰੇ ਕਹਿਣ ਦਾ ਭਾਵ ਇਹ ਵੀ ਨਹੀਂ ਹੈ ਕਿ ਮੌਜੂਦਾ ਗਾਇਕੀ ਜਾਂ ਗੀਤਕਾਰੀ ਬਿਲਕੁਲ ਤਬਾਹ ਹੀ ਹੋ ਗਈ ਹੈ। ਕੁਝ ਨਵੇਂ ਕਲਾਕਾਰ ਅਜੇ ਵੀ ਬਹੁਤ ਵਧੀਆ ਲੀਹਾਂ ਪਾ ਰਹੇ ਹਨ, ਪਰ ਉਨ੍ਹਾਂ ਨਾਲੋਂ ਵਪਾਰੀ ਕਿਸਮ ਦੀ ਗਾਇਕੀ ਸਿਖਰਾਂ ਨੂੰ ਛੋਹ ਰਹੀ ਹੈ। ਜੇਕਰ ਇਹੀ ਰੁਝਾਨ ਜਾਰੀ ਰਿਹਾ ਤਾਂ ਸਾਡੀ ਅਗਲੀ ਪੀੜ੍ਹੀ ਵੀ ਇਸ ‘ਢਊਂ-ਢਊਂ’ ਦੀ ਆਦੀ ਹੋ ਜਾਵੇਗੀ। ਸੋ ਨਵੇਂ ਤੇ ਉੱਭਰਦੇ ਕਲਾਕਾਰਾਂ ਤੇ ਗੀਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਵਪਾਰੀ ਪੱਧਰ ਦੇ ਤਾਣੇ-ਬਾਣੇ ਦਾ ਸ਼ਿਕਾਰ ਨਾ ਬਣਨ, ਗਾਇਕੀ ਦਾ ਹੁਨਰ ਸਿੱਖਣ ਤੇ ਆਪਣੇ ਸ਼ਬਦੀ-ਰਸ ਨੂੰ ਗੁਆਚਣ ਨਾ ਦੇਣ।

ਦਿਲਜੀਤ ਦੋਸਾਂਝ ਲੈਟਿਨ ਗ੍ਰੈਮੀ ਐਵਾਰਡਜ਼ ਵਿੱਚ ਪਾਉਣਗੇ ਧਮਾਲ

ਨਵੀਂ ਦਿੱਲੀ : ਪੰਜਾਬੀ ਸੁਪਰਸਟਾਰ ਦਿਲਜੀਤ ਦੋਸਾਂਝ ਨੂੰ 2026 ਦੇ ਲੈਟਿਨ ਗ੍ਰੈਮੀ ਐਵਾਰਡਜ਼ ਵਿੱਚ ਪਰਫਾਰਮਰਾਂ ਵਿੱਚੋਂ ਇੱਕ ਵਜੋਂ ਐਲਾਨਿਆ ਗਿਆ ਹੈ, ਜੋ ਉਨ੍ਹਾਂ ਦੇ ਸ਼ਾਨਦਾਰ ਕਰੀਅਰ ਵਿੱਚ ਇੱਕ ਹੋਰ ਮੀਲ ਦਾ ਪੱਥਰ ਹੈ।



ਲੈਟਿਨ ਰਿਕਾਰਡਿੰਗ ਅਕੈਡਮੀ ਨੇ ਵੀਰਵਾਰ ਨੂੰ 12 ਨਵੰਬਰ ਨੂੰ ਲਾਸ ਵੇਗਾਸ ਦੇ ਐਮ.ਜੀ.ਐਮ. ਗ੍ਰੈਂਡ ਗਾਰਡਨ ਏਰੀਨਾ ਵਿੱਚ ਹੋਣ ਵਾਲੇ ਐਵਾਰਡਾਂ ਦੇ 27ਵੇਂ ਸੰਸਕਰਣ ਵਿੱਚ ’ਜੀ.ਓ.ਏ.ਟੀ.’ ਗਾਇਕ ਦੀ ਭਾਗੀਦਾਰੀ ਦੀ ਪੁਸ਼ਟੀ ਕੀਤੀ।

ਲਾਈਨਅੱਪ ਵਿੱਚ ਕੈਰੋਲ ਜੀ, ਬਿਜ਼ਾਰੈਪ, ਬੇਬੀ ਰੈਂਕਸ, ਬੈਡ ਗਿਆਲ, ਮਿਗੁਏਲ ਕੋਲਨ, ਦਿਵਿਨੋ, ਡੀਜੇ ਪ੍ਰੀਮੀਅਰ, ਗਰੂਪੋ ਨਿਚੇ, ਜੇ ਵ੍ਹੀਲਰ, ਲਿਲ ਸੁਪਾ, ਲੁਈਸ ਐਨਰਿਕ, ਨਾਥੀ ਪੇਲੂਸੋ ਅਤੇ ਐਂਜਲ ’ਕੁਕੋ’ ਪੇਨਾ ਵੀ ਸ਼ਾਮਲ ਹਨ।

ਖ਼ਬਰ ਦਾ ਐਲਾਨ ਕਰਨ ਵਾਲੀ ਲੈਟਿਨ ਰਿਕਾਰਡਿੰਗ ਅਕੈਡਮੀ ਦੀ ਇੰਸਟਾਗ੍ਰਾਮ ਪੋਸਟ ’ਤੇ ਦਿਲਜੀਤ ਦੀ ਟੀਮ ਨੇ ਕਮੈਂਟ ਕੀਤਾ, ’ਪੰਜਾਬੀ ਆ ਗਏ ਗ੍ਰੈਮੀ ਓਏ’। ਪਹਿਲਾਂ ਐਲਾਨੇ ਗਏ ਪਰਫਾਰਮਰਾਂ ਵਿੱਚ ਅਨੀਤਾ, ਬਾਂਡਾ ਲਾਸ ਰੇਕੋਡਿਟੋਸ, ਕੈਮਿਲਾ ਫਰਨਾਂਡੇਜ਼, ਡੈਡੀ ਯਾਂਕੀ, ਰੋਸਾਲੀਆ, ਸੋਫੀਆ ਰੇਅਸ, ਅਤੇ ਦ ਵਾਰਨਿੰਗ, ਹੋਰਨਾਂ ਤੋਂ ਇਲਾਵਾ ਸ਼ਾਮਲ ਹਨ।

’ਕਿੰਨੀ ਕਿੰਨੀ’, ’ਲਵਰ’, ’ਡੂ ਯੂ ਨੋ’, ’5 ਤਾਰਾ’ ਅਤੇ ’ਬੌਰਨ ਟੂ ਸ਼ਾਈਨ’ ਵਰਗੇ ਹਿੱਟ ਗਾਣਿਆਂ ਦੇ ਗਾਇਕ ਦਿਲਜੀਤ ਫਿਲਹਾਲ ਆਪਣੇ ਔਰਾ ਇੰਡੀਆ ਟੂਰ ’ਤੇ ਹਨ, ਜੋ 30 ਅਕਤੂਬਰ ਨੂੰ ਦਿੱਲੀ ਤੋਂ ਸ਼ੁਰੂ ਹੋਇਆ ਸੀ। ਉਨ੍ਹਾਂ ਦਾ ਅਗਲਾ ਕੰਸਰਟ 15 ਨਵੰਬਰ ਨੂੰ ਇੰਦੌਰ ਵਿੱਚ ਨਿਰਧਾਰਤ ਹੈ।

ਸੋਨੀਆ ਦੀ ਜੀਵਨੀ

ਇਹ ਜੀਵਨੀ ਜੂਨ 1985 ਵਿੱਚ ਏਅਰ ਇੰਡੀਆ ਦੀ ਫਲਾਈਟ ਏ.ਆਈ.182 ਵਿੱਚ ਹੋਏ ਬੰਬ ਧਮਾਕੇ ਨੂੰ ਵੀ ਮੁੜ ਯਾਦ ਕਰਦੀ ਹੈ, ਜੋ ਟੋਰਾਂਟੋ ਤੋਂ ਲੰਡਨ ਹੁੰਦੇ ਹੋਏ ਦਿੱਲੀ ਆ ਰਹੀ ਸੀ। ਬੋਇੰਗ ਜਹਾਜ਼ ਵਿੱਚ ਸਵਾਰ ਸਾਰੇ 329 ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚ 80 ਤੋਂ ਵੱਧ ਬੱਚੇ ਅਤੇ 29 ਪੂਰੇ ਪਰਿਵਾਰਾਂ ਦੇ ਮੈਂਬਰ ਸ਼ਾਮਲ ਸਨ। ਕਈ ਯਾਤਰੀ ਭਾਰਤੀ ਮੂਲ ਦੇ ਕੈਨੇਡੀਅਨ ਸਨ ਜਿਨ੍ਹਾਂ ਦੇ ਰਿਸ਼ਤੇਦਾਰ ਪੰਜਾਬ ਵਿੱਚ ਰਹਿੰਦੇ ਸਨ।

ਸੋਨੀਆ ਗਾਂਧੀ ਲਿਖਦੇ ਹਨ ਕਿ ਇਹ ਬੰਬ ਧਮਾਕਾ ਉਸ ਸਮੇਂ ਜਹਾਜ਼ ਨਾਲ ਸਬੰਧਿਤ ਸਭ ਤੋਂ ਘਾਤਕ ਅੱਤਵਾਦੀ ਹਮਲਾ ਸੀ ਅਤੇ 2001 ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ 11 ਸਤੰਬਰ ਦੇ ਹਮਲਿਆਂ ਤੱਕ ਅਜਿਹਾ ਹੀ ਰਿਹਾ। ਇੱਕ ਦੂਜਾ ਬੰਬ, ਜੋ ਇੱਕ ਹੋਰ ਏਅਰ ਇੰਡੀਆ ਦੀ ਉਡਾਣ ਵਿੱਚ ਫਟਣ ਲਈ ਰੱਖਿਆ ਗਿਆ ਸੀ, ਜਪਾਨ ਦੇ ਨਾਰੀਤਾ ਹਵਾਈ ਅੱਡੇ 'ਤੇ ਜ਼ਮੀਨ 'ਤੇ ਹੀ ਫਟ ਗਿਆ, ਜਿਸ ਨਾਲ ਹੋਰ ਨੁਕਸਾਨ ਹੋਇਆ।

ਉਹ ਬੱਬਰ ਖਾਲਸਾ, ਜੋ ਕਿ ਹਿੰਸਾ ਰਾਹੀਂ ਖਾਲਿਸਤਾਨ ਦੇ ਵੱਖਰੇ ਰਾਜ ਦੀ ਮੰਗ ਕਰਨ ਵਾਲੀ ਇੱਕ ਖ਼ਾਲਿਸਤਾਨੀ ਜਥੇਬੰਦੀ ਹੈ, ਨੂੰ ਫਲਾਈਟ 182 ਦੇ ਬੰਬ ਧਮਾਕੇ ਲਈ ਜ਼ਿੰਮੇਵਾਰ ਦੱਸਦੇ ਹਨ, ਜਦੋਂ ਕਿ ਯਾਦ ਕਰਦੇ ਹਨ ਕਿ ਕੈਨੇਡਾ ਵਿੱਚ ਜਾਂਚ ਅਤੇ ਕਾਨੂੰਨੀ ਕਾਰਵਾਈ ਸਾਲਾਂ ਤੱਕ ਚੱਲਦੀ ਰਹੀ।

ਇਹ ਜੀਵਨੀ ਮਈ 1985 ਵਿੱਚ ਦਿੱਲੀ ਅਤੇ ਨਾਲ ਲੱਗਦੇ ਰਾਜਾਂ ਵਿੱਚ ਹੋਏ ਟਰਾਂਜ਼ਿਸਟਰ ਬੰਬ ਧਮਾਕਿਆਂ ਦਾ ਵੀ ਜ਼ਿਕਰ ਕਰਦੀ ਹੈ, ਜਿਸ ਵਿੱਚ 50 ਲੋਕ ਮਾਰੇ ਗਏ ਸਨ ਅਤੇ ਕਈ ਹੋਰ ਜ਼ਖਮੀ ਹੋਏ ਸਨ।

ਕਈ ਸ਼ੱਕੀ ਖਾਲਿਸਤਾਨੀ ਸਮਰਥਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਪਰ 35 ਸਾਲਾਂ ਦੀ ਕਾਰਵਾਈ ਤੋਂ ਬਾਅਦ ਮੁਕੱਦਮਾ ਰੱਦ ਹੋ ਗਿਆ। ਸੋਨੀਆ ਗਾਂਧੀ ਨੇ ਨੋਟ ਕੀਤਾ ਕਿ ਅਦਾਲਤ ਨੇ ਜਾਂਚ ਦੀ ਆਲੋਚਨਾ ਕਰਦਿਆਂ ਇਸ ਨੂੰ 'ਨੁਕਸਦਾਰ, ਤਰਫਦਾਰ, ਅਨਿਆਂਪੂਰਨ, ਅਤੇ ਵੱਖ-ਵੱਖ ਕਮੀਆਂ ਤੋਂ ਪੀੜਤ' ਕਰਾਰ ਦਿੱਤਾ ਸੀ।

ਪੁਲਿਸ ਨੂੰ ਉਨ੍ਹਾਂ ਦੀ 'ਖਰਾਬ ਜਾਂਚ' ਲਈ ਵੀ ਤਾੜਨਾ ਕੀਤੀ ਗਈ ਸੀ। ਉਹ ਇਸ ਨਤੀਜੇ ਨੂੰ ਭਾਰਤ ਵਿੱਚ ਇਨਸਾਫ਼ ਦੀ ਦੇਰੀ ਅਤੇ ਅਸਫ਼ਲਤਾ ਦੀ ਵਿਆਪਕ ਸਮੱਸਿਆ ਨਾਲ ਜੋੜਦੇ ਹਨ।

ਇੱਕ ਹੋਰ ਵੱਡਾ ਝਟਕਾ ਅਗਸਤ 1986 ਵਿੱਚ ਲੱਗਾ ਜਦੋਂ ਸਾਬਕਾ ਫੌਜ ਮੁਖੀ ਜਨਰਲ ਏ.ਐਸ. ਵੈਦਿਆ, ਜਿਨ੍ਹਾਂ ਨੇ ਅਪਰੇਸ਼ਨ ਬਲੂ ਸਟਾਰ ਦੌਰਾਨ ਫੌਜ ਦੀ ਅਗਵਾਈ ਕੀਤੀ ਸੀ, ਦਾ ਸੇਵਾਮੁਕਤੀ ਤੋਂ ਬਾਅਦ ਪੁਣੇ ਵਿੱਚ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੀ ਪਤਨੀ, ਜੋ ਉਨ੍ਹਾਂ ਦੇ ਨਾਲ ਸੀ, ਜ਼ਖਮੀ ਹੋ ਗਈ ਸੀ।

ਸੋਨੀਆ ਲਿਖਦੇ ਹਨ ਕਿ ਖ਼ਾਲਿਸਤਾਨ ਕਮਾਂਡੋ ਫੋਰਸ ਨੇ ਇਸ ਕਤਲ ਨੂੰ ਅੰਜਾਮ ਦਿੱਤਾ ਸੀ। ਉਹ ਯਾਦ ਕਰਦੇ ਹਨ ਕਿ ਵੈਦਿਆ ਦਾ ਮੰਨਣਾ ਸੀ ਕਿ ਵਿਦੇਸ਼ੀ ਦੁਸ਼ਮਣ ਨਾਲ ਲੜਨ ਅਤੇ ਆਪਣੇ ਹੀ ਦੇਸ਼ ਅਤੇ ਇਸ ਦੇ ਸੰਵਿਧਾਨ ਵਿਰੁੱਧ ਹਥਿਆਰ ਚੁੱਕਣ ਵਾਲਿਆਂ ਨਾਲ ਲੜਨ ਵਿੱਚ ਕੋਈ ਫਰਕ ਨਹੀਂ ਹੈ।

ਉਹ ਲਿਖਦੇ ਹਨ ਕਿ ਇਸ ਕਤਲ ਨੇ ਉਨ੍ਹਾਂ ਦੀ ਪਤਨੀ ਅਤੇ ਤਿੰਨ ਧੀਆਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਇਸ ਤੋਂ ਬਾਅਦ ਜੀਵਨੀ ਅਪਰੇਸ਼ਨ ਬਲੈਕ ਥੰਡਰ 1 ਅਤੇ 2 ਵੱਲ ਮੁੜਦੀ ਹੈ, ਜੋ 1986 ਅਤੇ 1988 ਵਿੱਚ ਹਥਿਆਰਬੰਦ ਖਾਲਿਸਤਾਨੀਆਂ ਵੱਲੋਂ ਮੁੜ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਕਬਜ਼ਾ ਕਰਨ ਤੋਂ ਬਾਅਦ ਚਲਾਏ ਗਏ ਸਨ। ਸੋਨੀਆ ਲਿਖਦੇ ਹਨ ਕਿ ਰਾਜੀਵ ਅਪਰੇਸ਼ਨ ਬਲੂ ਸਟਾਰ ਨੂੰ ਦੁਹਰਾਉਣ ਤੋਂ ਬਚਣ ਲਈ ਦ੍ਰਿੜ੍ਹ ਸਨ, ਜਦੋਂ ਲੰਮੇ ਟਕਰਾਅ ਤੋਂ ਬਾਅਦ ਫੌਜ ਨੇ ਦਖਲ ਦਿੱਤਾ ਸੀ।

ਉਨ੍ਹਾਂ ਨੇ ਸੁਰੱਖਿਆ ਅਪਰੇਸ਼ਨਾਂ ਨੂੰ ਮਨਜ਼ੂਰੀ ਦਿੱਤੀ ਪਰ ਦੋ ਸਖ਼ਤ ਸ਼ਰਤਾਂ ਰੱਖੀਆਂ: ਸੁਰੱਖਿਆ ਬਲਾਂ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਅੰਦਰ ਦਾਖਲ ਨਹੀਂ ਹੋਣਾ ਸੀ, ਅਤੇ ਜਾਨੀ ਨੁਕਸਾਨ ਤੋਂ ਬਚਣ ਲਈ ਹਰ ਸੰਭਵ ਯਤਨ ਕੀਤਾ ਜਾਣਾ ਚਾਹੀਦਾ ਸੀ। ਪਹਿਲਾ ਅਪਰੇਸ਼ਨ 1986 ਵਿੱਚ ਇੱਕ ਰਾਤ ਵਿੱਚ ਪੂਰਾ ਹੋ ਗਿਆ ਸੀ, ਜਦੋਂ ਕਿ ਦੂਜਾ 1988 ਵਿੱਚ ਨੌਂ ਦਿਨਾਂ ਤੱਕ ਚੱਲਿਆ।

ਸੋਨੀਆ ਦੇ ਅਨੁਸਾਰ, ਉਦੋਂ ਤੱਕ ਹਾਲਾਤ ਬਦਲ ਚੁੱਕੇ ਸਨ। ਖ਼ਾਲਿਸਤਾਨ ਲਹਿਰ ਲਈ ਜਨਤਕ ਸਮਰਥਨ ਘਟਣਾ ਸ਼ੁਰੂ ਹੋ ਗਿਆ ਸੀ ਅਤੇ ਸੁਰੱਖਿਆ ਬਲ ਮੈਂਬਰਾਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਹੇ ਸਨ।

ਰਾਜੀਵ ਅਪਰੇਸ਼ਨ ਦੀ ਨਿਗਰਾਨੀ ਵਿੱਚ ਵਿਅਕਤੀਗਤ ਤੌਰ 'ਤੇ ਸ਼ਾਮਲ ਰਹੇ ਅਤੇ ਅਧਿਕਾਰੀਆਂ ਨਾਲ ਮੁਲਾਕਾਤਾਂ ਅਤੇ ਟੈਲੀਫੋਨ ਵਾਰਤਾਵਾਂ ਵਿੱਚ ਲਗਾਤਾਰ ਵਿਅਸਤ ਰਹੇ। ਸੋਨੀਆ ਯਾਦ ਕਰਦੇ ਹਨ ਕਿ 1988 ਦੀ ਘੇਰਾਬੰਦੀ ਨੂੰ ਦੂਰਦਰਸ਼ਨ 'ਤੇ ਲਾਈਵ ਦਿਖਾਇਆ ਗਿਆ ਸੀ ਤਾਂ ਜੋ ਅਫਵਾਹਾਂ ਅਤੇ ਗੁੰਮਰਾਹਕੁੰਨ ਰਿਪੋਰਟਾਂ ਨੂੰ ਰੋਕਿਆ ਜਾ ਸਕੇ।

ਸੁਰੱਖਿਆ ਬਲਾਂ ਨੇ ਲੰਮੇ ਸਮੇਂ ਤੱਕ ਘੇਰਾਬੰਦੀ ਬਣਾਏ ਰੱਖੀ, ਜਿਸ ਨਾਲ ਕੰਪਲੈਕਸ ਦੇ ਅੰਦਰ ਅਤੇ ਬਾਹਰ ਆਵਾਜਾਈ ਨੂੰ ਰੋਕਿਆ ਗਿਆ। ਜਿਵੇਂ ਹੀ ਰਸਦ ਖਤਮ ਹੋ ਗਈ, ਖਾੜਕੂਆਂ 'ਤੇ ਦਬਾਅ ਵਧਦਾ ਗਿਆ। ਅੰਦਰ ਬੰਦੀ ਬਣਾਏ ਗਏ ਸ਼ਰਧਾਲੂ ਹੌਲੀ-ਹੌਲੀ ਬਾਹਰ ਆਉਣ ਲੱਗੇ।

ਆਖਰਕਾਰ, ਖਾੜਕੂਆਂ ਨੇ ਆਪਣੇ ਹੱਥ ਚੁੱਕ ਕੇ ਆਤਮਸਮਰਪਣ ਕਰ ਦਿੱਤਾ ਕਿਉਂਕਿ ਪੂਰੇ ਦੇਸ਼ ਨੇ ਟੈਲੀਵਿਜ਼ਨ 'ਤੇ ਇਹ ਕਾਰਵਾਈ ਵੇਖੀ। ਸੋਨੀਆ ਲਿਖਦੇ ਹਨ ਕਿ ਪਹਿਲੇ ਅਪਰੇਸ਼ਨ ਦੌਰਾਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ, ਜਦੋਂ ਕਿ ਦੂਜੇ ਵਿੱਚ 41 ਖਾੜਕੂ ਮਾਰੇ ਗਏ ਸਨ।

ਉਹ ਰਾਹੁਲ ਅਤੇ ਪ੍ਰਿਯੰਕਾ ਨਾਲ 1988 ਦੀ ਘੇਰਾਬੰਦੀ ਦੇ ਆਖਰੀ ਘੰਟੇ ਦੇਖਣ ਨੂੰ ਯਾਦ ਕਰਦੇ ਹਨ ਅਤੇ ਰਾਹਤ ਮਹਿਸੂਸ ਕਰਦੇ ਹਨ ਕਿ ਅਪਰੇਸ਼ਨ ਖਤਮ ਹੋ ਗਿਆ ਸੀ। ਇਹ ਜੀਵਨੀ ਪੰਜਾਬ ਅਮਨ ਪ੍ਰਕਿਰਿਆ ਨੂੰ ਗੱਲਬਾਤ, ਸਿਆਸੀ ਸਮਝੌਤਿਆਂ ਅਤੇ ਸੁਰੱਖਿਆ ਉਪਾਵਾਂ ਰਾਹੀਂ ਖੇਤਰੀ ਵਿਵਾਦਾਂ ਨੂੰ ਸੁਲਝਾਉਣ ਦੇ ਰਾਜੀਵ ਦੇ ਵਿਆਪਕ ਯਤਨਾਂ ਦੇ ਹਿੱਸੇ ਵਜੋਂ ਪੇਸ਼ ਕਰਦੀ ਹੈ।

ਸੋਨੀਆ ਇਹ ਵੀ ਪ੍ਰਵਾਨ ਕਰਦੇ ਹਨ ਕਿ ਪ੍ਰਧਾਨ ਮੰਤਰੀ ਵਜੋਂ ਆਪਣੇ ਪੰਜ ਸਾਲਾਂ ਦੌਰਾਨ ਰਾਜੀਵ ਤੋਂ ਫ਼ੈਸਲੇ ਜਾਂ ਕਾਰਵਾਈ ਵਿੱਚ ਗਲਤੀਆਂ ਹੋ ਸਕਦੀਆਂ ਹਨ, ਜਦੋਂ ਕਿ ਉਹ ਦੇਸ਼ ਪ੍ਰਤੀ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਵਚਨਬੱਧਤਾ ਦਾ ਬਚਾਅ ਕਰਦੇ ਹਨ। ਉਹ ਪੂਰਬ-ਉੱਤਰ ਦੇ ਦੂਰ-ਦੁਰਾਡੇ ਖੇਤਰਾਂ, ਮੱਧ ਪ੍ਰਦੇਸ਼, ਬਿਹਾਰ ਅਤੇ ਉੜੀਸਾ ਦੇ ਆਦਿਵਾਸੀ ਖੇਤਰਾਂ ਅਤੇ ਲਕਸ਼ਦੀਪ ਤੇ ਅੰਡੇਮਾਨ ਨਿਕੋਬਾਰ ਟਾਪੂਆਂ ਵਿੱਚ ਉਨ੍ਹਾਂ ਨਾਲ ਜਾਣ ਨੂੰ ਯਾਦ ਕਰਦੇ ਹਨ, ਜਿੱਥੇ ਵਸਨੀਕ ਅਕਸਰ ਮਾੜੇ ਪ੍ਰਸ਼ਾਸਨ ਅਤੇ ਰੋਜ਼ਾਨਾ ਦੀਆਂ ਮੁਸ਼ਕਿਲਾਂ ਨੂੰ ਲੈ ਕੇ ਉਨ੍ਹਾਂ ਦਾ ਸਾਹਮਣਾ ਕਰਦੇ ਸਨ। ਸੋਨੀਆ ਲਿਖਦੇ ਹਨ ਕਿ ਰਾਜੀਵ ਧੀਰਜ ਨਾਲ ਸੁਣਦੇ ਸਨ ਅਤੇ ਕਦੇ-ਕਦੇ ਅਧਿਕਾਰੀਆਂ ਨੂੰ ਕਹਿੰਦੇ ਸਨ ਕਿ ਜਦੋਂ ਲੋਕ ਸ਼ਿਕਾਇਤ ਕਰਦੇ ਹਨ ਤਾਂ ਉਹ ਵਿੱਚ ਨਾ ਬੋਲਣ।

***

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਜਗਜੀਤ ਸਿੰਘ ਬਬੀਹਾ

ਸਿੱਖ ਰਹਿਤ ਮਰਿਯਾਦਾ, ਸੰਗਤ ਵਿਚ ਵਿਚਰਨ ਅਤੇ ਗੁਰਮਤਿ ਸੰਗੀਤ ਦੀ ਸੋਝੀ ਪ੍ਰਾਪਤ ਕਰਨ ਲਈ ਭਾਈ ਜਗਜੀਤ ਸਿੰਘ ਬਬੀਹਾ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਗੁਰਮਤਿ ਸੰਗੀਤ ਅਕੈਡਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਮਹੀਨੇ ਲਈ ਗੁਰਮਤਿ ਦੀ ਜਾਣਕਾਰੀ ਪ੍ਰਾਪਤ ਕਰਨਗੇ।

ਮਨ ਵਿਚ ਨਿਮਰਤਾ ਲਿਆਉਣ ਲਈ ਲੰਗਰ ਹਾਲ ਵਿਚ ਸਵੇਰੇ-ਸ਼ਾਮ ਸੇਵਾ ਕਰਨ ਉਪਰੰਤ ਇੱਕ ਮਹੀਨੇ ਬਾਅਦ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਬੰਧਤ ਸੰਸਥਾਵਾਂ ਤੋਂ ਪ੍ਰਮਾਣ ਪੱਤਰ ਲੈ ਕੇ ਨਿੱਜੀ ਰੂਪ ਵਿਚ ਪੇਸ਼ ਹੋਣਗੇ।

ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਗੁਰਬਾਣੀ ਕੀਰਤਨ ਗੁਰ ਪਾਤਸ਼ਾਹ ਵੱਲੋਂ ਬਖਸ਼ੀ ਦਾਤ ਅਤੇ ਰੂਹ ਦੀ ਖੁਰਾਕ ਹੈ। ਗੁਰਬਾਣੀ ਕੀਰਤਨ ਕਰਨ ਵਾਲੇ ਇਨਸਾਨ ਵਿਚ ਗੁਰੂ ਦੀ ਭੈਅ ਭਾਵਨੀ, ਨਿਮਰਤਾ, ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਅਤੇ ਗੁਰਬਾਣੀ ਸੰਗੀਤ ਪ੍ਰਣਾਲੀ ਦਾ ਗਿਆਨ ਹੋਣਾ ਜ਼ਰੂਰੀ ਹੈ।

ਪਿਛਲੇ ਕੁਝ ਸਮੇਂ ਤੋਂ ਭਾਈ ਜਗਜੀਤ ਸਿੰਘ ਬਬੀਹਾ ਅਤੇ ਭਾਈ ਕੁਲਵਿੰਦਰ ਸਿੰਘ ਖਰੜ ਵੱਲੋਂ ਜਿਥੇ ਗੁਰਬਾਣੀ ਕੀਰਤਨ ਦੀ ਮਰਿਯਾਦਾ ਦੀ ਉਲੰਘਣਾ ਕੀਤੀ ਗਈ ਹੈ, ਉੱਥੇ ਹੀ ਇੱਕ ਦੂਜੇ ਵਿਰੁੱਧ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਖੇ ਸੋਸ਼ਲ ਮੀਡੀਆ ਰਾਹੀਂ ਹਲਕੇ ਪੱਧਰ ਦੀ ਦੂਸ਼ਣਬਾਜੀ ਵੀ ਕੀਤੀ ਜਾ ਰਹੀ ਹੈ। ਇਸ ਨਾਲ ਪੁਰਾਤਨ ਕੀਰਤਨੀਏ ਅਤੇ ਸੰਗਤ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ।

***

21 ਵੱਡੇ ਅਖ਼ਬਾਰੀ ਸਮੂਹਾਂ ਨੇ ਕਾਨੂੰਨ

ਹਾਲਾਂਕਿ ਅਗਸਤ ਮਹੀਨੇ ਦੀ ਬੈਠਕ ਵਿੱਚ ਸਰਕਾਰ ਨੇ ਪ੍ਰੈੱਸ ਦੀ ਅਜ਼ਾਦੀ ਬਰਕਰਾਰ ਰੱਖਣ ਦਾ ਜ਼ੁਬਾਨੀ ਭਰੋਸਾ ਦਿੱਤਾ ਸੀ, ਪਰ ਅਖ਼ਬਾਰੀ ਅਦਾਰਿਆਂ ਨੇ ਅਦਾਲਤ ਵਿੱਚ ਸਾਫ਼ ਕਿਹਾ ਕਿ ਜ਼ੁਬਾਨੀ ਗੱਲਾਂ ਦਾ ਕਾਨੂੰਨ ਅੱਗੇ ਕੋਈ ਵਜੂਦ ਨਹੀਂ ਹੁੰਦਾ ਅਤੇ ਲਿਖਤੀ ਛੋਟ ਤੋਂ ਬਿਨਾਂ ਇਹ ਭਰੋਸਾ ਕੋਈ ਅਰਥ ਨਹੀਂ ਰਖਦਾ।

ਮੀਡੀਆ ਅਦਾਰਿਆਂ ਨੇ ਸੰਸਾਰ ਭਰ ਦੇ ਕਾਨੂੰਨਾਂ ਦੀਆਂ ਮਿਸਾਲਾਂ ਅਦਾਲਤ ਸਾਹਮਣੇ ਰੱਖੀਆਂ ਹਨ। ਯੂਰੋਪੀ ਸੰਘ, ਬਰਤਾਨੀਆ ਅਤੇ ਸਿੰਗਾਪੁਰ ਵਰਗੇ ਮੁਲਕਾਂ ਵਿੱਚ ਨਿੱਜਤਾ ਕਾਨੂੰਨਾਂ ਅੰਦਰ ਪੱਤਰਕਾਰਾਂ ਲਈ ਸਪੱਸ਼ਟ ਲਿਖਤੀ ਛੋਟਾਂ ਦਿੱਤੀਆਂ ਗਈਆਂ ਹਨ। ਉੱਥੋਂ ਦੇ ਕਾਨੂੰਨ ਨਾਗਰਿਕਾਂ ਦੀ ਨਿੱਜੀ ਜ਼ਿੰਦਗੀ ਨੂੰ ਵੀ ਬਚਾਉਂਦੇ ਹਨ ਅਤੇ ਲੋਕ ਹਿੱਤ ਵਾਲੀ ਪੱਤਰਕਾਰੀ ਨੂੰ ਵੀ ਰੋਕਦੇ ਨਹੀਂ। ਪਰ ਭਾਰਤ ਦੇ ਨਵੇਂ ਕਾਨੂੰਨ ਵਿੱਚੋਂ ਪੱਤਰਕਾਰੀ ਦੀ ਰੱਖਿਆ ਕਰਨ ਵਾਲੇ ਸ਼ਬਦ ਹੀ ਗਾਇਬ ਕਰ ਦਿੱਤੇ ਗਏ ਹਨ। ਕਾਨੂੰਨੀ ਮਾਹਿਰਾਂ ਮੁਤਾਬਕ ਪੱਤਰਕਾਰੀ ਨੂੰ ਲਿਖਤੀ ਛੋਟ ਨਾ ਦੇਣਾ ਸੰਸਾਰ ਪੱਧਰ 'ਤੇ ਮੰਨੇ-ਪ੍ਰਮੰਨੇ ਲੋਕਤੰਤਰੀ ਨੇਮਾਂ ਦੀ ਸਿੱਧੀ ਉਲੰਘਣਾ ਹੈ, ਜਿੱਥੇ ਨਿੱਜਤਾ ਦੀ ਰਾਖੀ ਦੇ ਨਾਲ-ਨਾਲ ਪ੍ਰੈੱਸ ਦੀ ਅਜ਼ਾਦੀ ਨੂੰ ਵੀ ਕਾਨੂੰਨੀ ਸੁਰੱਖਿਆ ਦਿੱਤੀ ਜਾਂਦੀ ਹੈ।

ਇਹ ਪੂਰਾ ਵਿਵਾਦ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ ਦੇਸ਼ ਵਿੱਚ ਪ੍ਰੈੱਸ ਦੀ ਅਜ਼ਾਦੀ ਉੱਤੇ ਪਹਿਲਾਂ ਹੀ ਕਈ ਸਵਾਲ ਉੱਠ ਰਹੇ ਹਨ। ਆਲੋਚਕਾਂ ਦਾ ਦੋਸ਼ ਹੈ ਕਿ ਦੋ ਹਜ਼ਾਰ ਚੌਦਾਂ ਵਿੱਚ ਮੋਦੀ ਸਰਕਾਰ ਬਣਨ ਤੋਂ ਬਾਅਦ ਅਖ਼ਬਾਰੀ ਅਜ਼ਾਦੀ ਦਾ ਮਿਆਰ ਹੇਠਾਂ ਡਿੱਗਿਆ ਹੈ। ਕਈ ਵੱਡੇ ਮੀਡੀਆ ਅਦਾਰਿਆਂ ਉੱਤੇ ਸਰਕਾਰੀ ਨੀਤੀਆਂ ਦੀ ਸਹੀ ਪੜਤਾਲ ਨਾ ਕਰਨ ਦੇ ਇਲਜ਼ਾਮ ਲੱਗਦੇ ਰਹੇ ਹਨ। ਹਾਲਾਂਕਿ ਕੇਂਦਰ ਸਰਕਾਰ ਅਜਿਹੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰਦੀ ਆਈ ਹੈ। ਸਰਕਾਰ ਦਾ ਦਾਅਵਾ ਹੈ ਕਿ ਉਹ ਪ੍ਰੈੱਸ ਦੀ ਅਜ਼ਾਦੀ ਦਾ ਪੂਰਾ ਸਤਿਕਾਰ ਕਰਦੀ ਹੈ। ਪਰ ਨਵੇਂ ਕਾਨੂੰਨ ਦੀਆਂ ਸਖ਼ਤ ਧਾਰਾਵਾਂ ਨੇ ਮੁੱਖ ਧਾਰਾ ਦੇ ਮੀਡੀਆ ਵਿੱਚ ਵੀ ਵੱਡੀ ਬੇਚੈਨੀ ਪੈਦਾ ਕਰ ਦਿੱਤੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਲੋਕਤੰਤਰ ਦੀ ਮਜ਼ਬੂਤੀ ਜਨਤਾ ਦੇ ਜਾਣਨ ਦੇ ਹੱਕ ਅਤੇ ਨਿਰਪੱਖ ਪੱਤਰਕਾਰੀ ਉੱਤੇ ਨਿਰਭਰ ਕਰਦੀ ਹੈ। ਜੇਕਰ ਸੱਚ ਲਿਖਣ 'ਤੇ ਸਰਕਾਰੀ ਪਾਬੰਦੀਆਂ ਦਾ ਡਰ ਰਹੇਗਾ, ਤਾਂ ਪੱਤਰਕਾਰ ਕਲਮ ਰੋਕਣ ਲਈ ਮਜਬੂਰ ਹੋਣਗੇ ਅਤੇ ਲੋਕਤੰਤਰੀ ਢਾਂਚਾ ਖੁਰ ਜਾਵੇਗਾ। ਇਸੇ ਲਈ ਮੀਡੀਆ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਪ੍ਰੈੱਸ ਨੂੰ ਇਸ ਕਾਨੂੰਨ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਵੇ। ਹੁਣ ਸੁਪਰੀਮ ਕੋਰਟ ਦੀ ਸੁਣਵਾਈ ਇਹ ਤੈਅ ਕਰੇਗੀ ਕਿ ਦੇਸ਼ ਵਿੱਚ ਪ੍ਰੈੱਸ ਦੀ ਅਜ਼ਾਦੀ ਬਚੇਗੀ ਜਾਂ ਖ਼ਬਰਾਂ ਸਰਕਾਰੀ ਨਿਗਰਾਨੀ ਹੇਠ ਦੱਬ ਜਾਣਗੀਆਂ।



ਆਸਟ੍ਰੇਲੀਆ ਦੀ ਆਰਥਿਕ ਅਤੇ ਸਮਾਜਿਕ

ਇਨ੍ਹਾਂ ਸਾਰੀਆਂ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਦੇ ਬਾਵਜੂਦ ਆਸਟ੍ਰੇਲੀਆ ਦੇ ਕੁਝ ਅਜਿਹੇ ਸਕਾਰਾਤਮਕ ਪੱਖ ਹਨ ਜੋ ਅਜੇ ਵੀ ਪੰਜਾਬੀ ਨੌਜਵਾਨਾਂ ਲਈ ਇਸ ਦੇਸ਼ ਨੂੰ ਇੱਕ ਉੱਤਮ ਵਿਕਲਪ ਬਣਾਉਂਦੇ ਹਨ। ਆਸਟ੍ਰੇਲੀਆ ਦਾ ਕਾਨੂੰਨ ਵਿਵਸਥਾ ਸਿਸਟਮ ਬਹੁਤ ਮਜ਼ਬੂਤ ਅਤੇ ਨਿਰਪੱਖ ਹੈ। ਉੱਥੇ ਦੀਆਂ ਸਿਹਤ ਸਹੂਲਤਾਂ ਜਿਵੇਂ ਕਿ ਮੈਡੀਕੇਅਰ ਅਤੇ ਸਮਾਜਿਕ ਸੁਰੱਖਿਆ ਢਾਂਚਾ ਪੱਕੇ ਨਾਗਰਿਕਾਂ ਲਈ ਬਹੁਤ ਸਾਜ਼ਗਾਰ ਹਨ। ਇਸ ਤੋਂ ਇਲਾਵਾ ਉੱਥੋਂ ਦਾ ਵਾਤਾਵਰਨ, ਪ੍ਰਦੂਸ਼ਣ-ਮੁਕਤ ਹਵਾ ਅਤੇ ਜੀਵਨ ਦਾ ਉੱਚ ਮਿਆਰ ਨੌਜਵਾਨਾਂ ਨੂੰ ਇੱਕ ਵਧੀਆ ਜੀਵਨ ਸ਼ੈਲੀ ਪ੍ਰਦਾਨ ਕਰਦਾ ਹੈ। ਆਸਟ੍ਰੇਲੀਆਈ ਸਮਾਜ ਵਿੱਚ ਕੰਮ ਦਾ ਸੱਭਿਆਚਾਰ ਬਹੁਤ ਸਤਿਕਾਰਯੋਗ ਹੈ। ਉੱਥੇ ਕਿਸੇ ਵੀ ਕੰਮ ਨੂੰ ਛੋਟਾ ਜਾਂ ਵੱਡਾ ਨਹੀਂ ਸਮਝਿਆ ਜਾਂਦਾ ਜਿਸ ਨਾਲ ਨੌਜਵਾਨਾਂ ਵਿੱਚ ਆਤਮ-ਵਿਸ਼ਵਾਸ ਅਤੇ ਸਵੈ-ਮਾਣ ਦੀ ਭਾਵਨਾ ਪੈਦਾ ਹੁੰਦੀ ਹੈ। ਪੰਜਾਬੀ ਭਾਈਚਾਰੇ ਦਾ ਆਸਟ੍ਰੇਲੀਆ ਵਿੱਚ ਵੱਡਾ ਆਧਾਰ ਹੋਣ ਕਾਰਨ ਉੱਥੇ ਗੁਰਦੁਆਰਾ ਸਾਹਿਬਾਨ, ਭਾਈਚਾਰਕ ਸੰਸਥਾਵਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਦੀ ਕੋਈ ਘਾਟ ਨਹੀਂ ਹੈ, ਜਿਸ ਨਾਲ ਨੌਜਵਾਨਾਂ ਨੂੰ ਆਪਣੀ ਮਾਂ-ਬੋਲੀ ਅਤੇ ਵਿਰਸੇ ਨਾਲ ਜੁੜੇ ਰਹਿਣ ਦਾ ਮੌਕਾ ਮਿਲਦਾ ਹੈ।

ਪੰਜਾਬੀ ਨੌਜਵਾਨਾਂ ਲਈ ਕੰਮ, ਰਿਹਾਇਸ਼, ਗਰੌਸਰੀ ਅਤੇ ਘਰ ਖ਼ਰੀਦਣ ਦੇ ਮਾਮਲੇ ਵਿੱਚ ਆਸਟ੍ਰੇਲੀਆ ਹੁਣ ਪਹਿਲਾਂ ਵਰਗਾ ਸਹਿਜ ਅਤੇ ਆਸਾਨ ਦੇਸ਼ ਨਹੀਂ ਰਿਹਾ। ਇਹ ਇੱਕ ਬਹੁਤ ਹੀ ਸੰਘਰਸ਼ਪੂਰਨ ਅਤੇ ਮਹਿੰਗਾ ਦੌਰ ਹੈ, ਜਿੱਥੇ ਸਫਲਤਾ ਪ੍ਰਾਪਤ ਕਰਨ ਲਈ ਕੇਵਲ ਸੁਫ਼ਨੇ ਹੀ ਨਹੀਂ, ਸਗੋਂ ਠੋਸ ਯੋਜਨਾਬੰਦੀ, ਅਣਥੱਕ ਮਿਹਨਤ ਅਤੇ ਉੱਚ ਹੁਨਰ ਦੀ ਲੋੜ ਹੈ। ਜਿਹੜੇ ਨੌਜਵਾਨ ਬਿਨਾਂ ਕਿਸੇ ਤਿਆਰੀ, ਬਿਨਾਂ ਭਾਸ਼ਾਈ ਮੁਹਾਰਤ ਅਤੇ ਬਿਨਾਂ ਕਿਸੇ ਤਕਨੀਕੀ ਹੁਨਰ ਦੇ ਆਸਟ੍ਰੇਲੀਆ ਜਾਣ ਦਾ ਫ਼ੈਸਲਾ ਕਰਦੇ ਹਨ, ਉਨ੍ਹਾਂ ਨੂੰ ਉੱਥੇ ਜਾ ਕੇ ਮਾਨਸਿਕ ਤਣਾਅ ਅਤੇ ਆਰਥਿਕ ਤੰਗੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੇ ਉਲਟ ਜਿਹੜੇ ਨੌਜਵਾਨ ਭਾਰਤ ਤੋਂ ਹੀ ਕਿਸੇ ਮੰਗ ਵਾਲੇ ਖੇਤਰ ਵਿੱਚ ਚੰਗੀ ਸਿਖਲਾਈ ਲੈ ਕੇ ਜਾਂਦੇ ਹਨ, ਆਰਥਿਕ ਅਨੁਸ਼ਾਸਨ ਬਣਾ ਕੇ ਰੱਖਦੇ ਹਨ ਅਤੇ ਧੀਰਜ ਨਾਲ ਆਪਣੇ ਰਾਹ 'ਤੇ ਚੱਲਦੇ ਹਨ, ਉਹ ਅੱਜ ਵੀ ਆਸਟ੍ਰੇਲੀਆ ਵਿੱਚ ਇੱਕ ਬਿਹਤਰ, ਸੁਰੱਖਿਅਤ ਅਤੇ ਖ਼ੁਸ਼ਹਾਲ ਜੀਵਨ ਸਥਾਪਤ ਕਰਨ ਵਿੱਚ ਸਫਲ ਹੋ ਰਹੇ ਹਨ। ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਮੰਗ ਇਹ ਹੈ ਕਿ ਨੌਜਵਾਨ ਆਸਟ੍ਰੇਲੀਆ ਜਾਣ ਤੋਂ ਪਹਿਲਾਂ ਉੱਥੋਂ ਦੀ ਅਸਲ ਆਰਥਿਕ ਸਥਿਤੀ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਪੂਰੀ ਜਾਣਕਾਰੀ ਪ੍ਰਾਪਤ ਕਰਨ ਅਤੇ ਵਾਸਤਵਿਕਤਾ ਦੇ ਆਧਾਰ 'ਤੇ ਹੀ ਆਪਣੇ ਸੁਫ਼ਨਿਆਂ ਦੀ ਉਡਾਣ ਭਰਨ।

***

ਕੈਨੇਡਾ ਦੀ ਪੱਤਝੜ ਤੇ

ਸੂਰਜ ਦੀਆਂ ਧੁਪੀਲੀਆਂ ਕਿਰਨਾਂ ਨਾਲ ਬਨਸਪਤੀ ਦੇ ਰੰਗ ਫਿਰ ਜਗ ਪਏ। ਪੌਣਾਂ 'ਚ ਵੀ ਜਿਵੇਂ ਮਹਿਕਾਂ ਘੁਲ ਗਈਆਂ ਹੋਣ। ਲੱਗਾ ਜਿਵੇਂ ਹਵਾ ਬਾਰੀਆਂ 'ਚੋਂ ਬਣ ਠਣ ਕੇ ਲੰਘਦੀ ਹੋਵੇ। ਮੈਨੂੰ ਬਾਰੀ 'ਚੋਂ ਅੰਬਰ ਦੇ ਅਸਮਾਨੀ ਰੰਗਾਂ ਹੇਠਾਂ ਬਨਸਪਤੀ ਦੇ ਕਿਧਰੇ ਜੋਗੀਆ, ਅੰਬਰਸੀਆ, ਗਾਜਰੀ, ਲਸੂੜੀਆ, ਨਾਸ਼ਪਾਤੀ ਤੇ ਕਿਧਰੇ ਕਾਸ਼ਨੀ ਰੰਗਾਂ ਦੇ ਦਰਸ਼ਨ ਹੋਏ। ਸੁੱਕੀ ਭੋਇੰ ਦਾਖੀ ਤੇ ਖਾਕੀ ਜਿਹੀ ਸੀ। ਛੱਭ ਦਾ ਪਾਣੀ ਭਾਵੇਂ ਸਾਂਵਲਾ ਸੀ ਪਰ ਝੀਲ ਦਾ ਪਾਣੀ ਨੀਲਾ ਤੇ ਨਿਰਮਲ ਸੀ। ਫੁਹਾਰਿਆਂ 'ਚੋਂ ਚਾਂਦੀਰੰਗੇ, ਤਾਂਬੇਰੰਗੇ ਤੇ ਸੋਨਰੰਗੇ ਪਾਣੀ ਦੀਆਂ ਬੁਛਾੜਾਂ ਪੈ ਰਹੀਆਂ ਸਨ। ਧੁੱਪ ਗੋਰੀ ਸੀ ਤੇ ਛਾਂ ਸਾਂਵਲੀ। ਲੰਮ-ਸਲੰਮੀਆਂ ਝਾੜੀਆਂ ਹਰੀਆਂ ਚੁੰਨੀਆਂ ਲਈ ਘੁੰਡ ਕੱਢੀ ਖੜ੍ਹੀਆਂ ਸਨ। ਪੱਤਿਆਂ 'ਚ ਟਹਿਕ ਸੀ ਤੇ ਫੁੱਲਾਂ 'ਚ ਮਹਿਕ।

ਕੈਨੇਡਾ ਦੀਆਂ ਚਾਰ ਰੁੱਤਾਂ 'ਚੋਂ ਸਭ ਤੋਂ ਸਖ਼ਤ ਰੁੱਤ ਸਰਦੀ ਦੀ ਗਿਣੀ ਜਾਂਦੀ ਹੈ। ਬਾਹਰ ਨਿਕਲਦਿਆਂ ਹੱਡ ਪੈਰ ਠਰਨ ਲੱਗਦੇ ਨੇ। ਉਦੋਂ ਬਾਰੀਆਂ 'ਚੋਂ ਬਾਹਰ ਬਰਫ਼ਾਂ ਦਾ ਸਫ਼ੈਦ ਰੰਗ ਦਿਸਦੈ ਜਾਂ ਸੁੱਕੇ ਰੁੱਖਾਂ ਤੇ ਨੰਗੀਆਂ ਟਾਹਣੀਆਂ ਦਾ ਭੂਰਾ ਭੂਸਲਾ। ਰੰਗ ਬਹਾਰ 'ਚ ਉਗਮਦੇ ਨੇ ਤੇ ਗਰਮੀਆਂ 'ਚ ਪੱਕਦੇ ਨੇ। ਬਹਾਰ ਸੋਹਣੀ ਹੈ ਤੇ ਗਰਮੀ ਸੁਖਾਵੀਂ, ਪਰ ਪੱਤਝੜ ਵੀ ਕਿਸੇ ਤੋਂ ਘੱਟ ਨਹੀਂ। ਤਦੇ ਤਾਂ ਸ਼ੁਰੂ 'ਚ ਕਿਹਾ ਸੀ ਕਿ ਕੈਨੇਡਾ ਦੀ ਪੱਤਝੜ ਦੇ ਨਜ਼ਾਰੇ ਵੀ ਹੁਸੀਨ ਹੁੰਦੇ ਹਨ। ਕਹਿਣ ਵਾਲਾ ਤਾਂ ਇਹ ਵੀ ਹੈ ਕਿ ਸਾਡੀ ਮਾਂ ਬੋਲੀ ਪੰਜਾਬੀ 'ਚ ਰੰਗਾਂ ਦੇ ਨਾਂਅ ਰੱਖਣ ਵਾਲਿਆਂ ਦੇ ਵੀ ਕਿਆ ਕਹਿਣੇ! ਰੰਗਾਂ ਦੇ ਸੌ ਕੁ ਨਾਂਅ ਤਾਂ ਰੱਖੇ ਹੀ ਗਏ ਨੇ ਤੇ ਹੋਰ ਵੀ ਰੱਖੇ ਜਾ ਰਹੇ ਨੇ। ਮੈਂ ਕੈਨੇਡਾ ਦੀ ਪੱਤਝੜ ਨੂੰ ਸਿਰ ਨਿਵਾਉਂਦਾ ਹਾਂ, ਜਿਸ ਨੇ ਮੈਨੂੰ ਮੇਰੀ ਮਾਂ-ਬੋਲੀ ਪੰਜਾਬੀ ਦੇ ਭੁੱਲ ਰਹੇ ਰੰਗ ਮੁੜ ਚੇਤੇ ਕਰਾ ਦਿੱਤੇ ਨੇ।

***

ਕਿਤੇ ਅਜਾਇਬ ਘਰਾਂ ਜੋਗੀ ਨਾ ਰਹਿ ਜਾਵੇ

ਜਦੋਂ ਦਾ ਪੈਲੇਸ ਕਲਚਰ ਸ਼ੁਰੂ ਹੋਇਆ ਉਦੋਂ ਦੀ ਇਨ੍ਹਾਂ ਦੀ ਜ਼ਰੂਰਤ ਵੀ ਘਟ ਗਈ। ਇਨ੍ਹਾਂ ਦੀ ਥਾਂ 'ਤੇ ਆਧੁਨਿਕ ਭਾਂਡਿਆਂ ਜਾਂ ਮਸ਼ੀਨਾਂ ਨੇ ਲੈ ਲਈ।

ਮੁੱਕਦੀ ਗੱਲ ਤਾਂ ਇਹ ਹੈ ਕਿ ਕਿਸੇ ਸਮੇਂ ਜਿਹੜੀਆਂ ਚੀਜ਼ਾਂ ਜਾਨ ਤੋਂ ਵੱਧ ਪਿਆਰੀਆਂ ਜਾਪਦੀਆਂ ਸਨ, ਅੱਜ ਉਹ ਬੇਲੋੜੀਆਂ ਬਣ ਕੇ ਰਹਿ ਗਈਆਂ। ਹੁਣ ਇਨ੍ਹਾਂ ਨੂੰ ਕੌਣ ਪੁੱਛਦੈ ਜਾਂ ਹੁਣ ਇਨ੍ਹਾਂ ਨੂੰ ਕੌਣ ਸਿਆਣਦੈ ... ਆਖ-ਆਖ ਕੇ ਇਨ੍ਹਾਂ ਨੂੰ ਅਹਿਮੀਅਤ ਦੇਣ ਵਾਲਿਆਂ ਨੂੰ ਵੀ ਹੀਣ ਭਾਵਨਾ ਦਾ ਸ਼ਿਕਾਰ ਬਣਾ ਦਿੱਤਾ ਹੈ। ਪੁਰਾਣੇ ਵੇਲੇ ਦੀਆਂ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਜਾਂ ਹੱਥੀਂ ਤਿਆਰ ਕੀਤਾ ਸਿਲਾਈ ਕਢਾਈ ਬੁਣਾਈ ਦਾ ਸਾਮਾਨ ਹੁਣ ਦਾਦੀਆਂ-ਨਾਨੀਆਂ ਦੀਆਂ ਪੇਟੀਆਂ ਵਿੱਚੋਂ ਉਦੋਂ ਹੀ ਬਾਹਰ ਆਉਂਦਾ ਹੈ ਜਦੋਂ ਕਿਸੇ ਸਟੇਜ 'ਤੇ ਵਿਖਾਇਆ ਜਾਣਾ ਹੋਵੇ ਤਾਂ ਕਿ ਇਹ ਭੁਲੇਖਾ ਪੈਂਦਾ ਰਹੇ ਕਿ ਅਸੀਂ ਆਪਣੇ ਸੱਭਿਆਚਾਰ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ।

ਕਹਿੰਦੇ ਨੇ ਕੁਦਰਤ ਦੀ ਬਣਾਈ ਹਰੇਕ ਚੀਜ਼ ਗੋਲ ਦਾਇਰੇ ਵਿੱਚ ਘੁੰਮਦੀ ਹੈ। ਇਸੇ ਤਰ੍ਹਾਂ ਸਮੇਂ ਦਾ ਚੱਕਰ ਚੱਲਦਾ ਹੈ। ਕੁਝ ਕੁ ਵਰ੍ਹਿਆਂ ਬਾਅਦ ਕਈ ਰਿਵਾਜ ਫਿਰ ਪਰਤ ਆਉਂਦੇ ਹਨ ਜਿਨ੍ਹਾਂ ਨੂੰ ਅਸੀਂ ਖ਼ਤਮ ਹੋਇਆ ਸਮਝ ਲੈਂਦੇ ਹਾਂ। ਬਾਗ਼ ਫੁਲਕਾਰੀਆਂ ਦੀ ਫਿਰ ਪੁੱਛ ਹੋਣ ਲੱਗੀ ਹੈ, ਪਰ ਹੁਣ ਇਹ ਕੰਮ ਹਰ ਘਰ ਵਿੱਚ ਨਹੀਂ ਹੁੰਦਾ ਸਗੋਂ ਬਾਜ਼ਾਰ ਦੀਆਂ ਵਸਤਾਂ ਬਣ ਕੇ ਰਹਿ ਗਿਆ ਹੈ। ਪੇਟੀਆਂ ਦਾ ਰਿਵਾਜ ਵੀ ਖ਼ਤਮ ਹੁੰਦਾ ਜਾ ਰਿਹਾ ਹੈ। ਜਿਨ੍ਹਾਂ ਦੇ ਘਰਾਂ ਵਿੱਚ ਹਨ, ਉਹ ਵੀ ਸੋਚਦੇ ਹਨ ਕਿ ਇਹ ਘਰਾਂ ਵਿੱਚ ਵੱਧ ਥਾਂ ਘੇਰਦੀਆਂ ਹਨ। ਹੁਣ ਕੁੜੀਆਂ ਕੋਲ ਹੱਥੀਂ ਸਾਮਾਨ ਤਿਆਰ ਕਰਨ ਦਾ ਸਮਾਂ ਨਹੀਂ, ਫਿਰ ਪੇਟੀਆਂ ਦੀ ਵੀ ਕੀ ਲੋੜ ਹੈ।

ਧੁੱਪ ਲਵਾਉਂਦਿਆਂ ਹੱਥੀਂ ਬਣਾਈਆਂ ਸਾਰੀਆਂ ਚੀਜ਼ਾਂ ਨਾਲ ਜੁੜੀਆਂ ਗੱਲਾਂ ਵੀ ਚੇਤਿਆਂ ਦੀ ਚੰਗੇਰ ਵਿੱਚੋਂ ਭੁੜਕ-ਭੁੜਕ ਅੱਖਾਂ ਸਾਹਮਣਿਉਂ ਲੰਘਦੀਆਂ ਰਹੀਆਂ। ਇਨ੍ਹਾਂ ਖ਼ਿਆਲਾਂ ਦੀਆਂ ਰੌਣਕਾਂ ਵਿੱਚ ਘੁੰਮਦੇ-ਘੁੰਮਾਉਂਦੇ ਪੇਟੀ ਦਾ ਢੱਕਣ ਬੰਦ ਕਰਨ ਤੋਂ ਬਾਅਦ ਵੀ ਮਨ ਪਿਛਲੀਆਂ ਯਾਦਾਂ ਵਿੱਚ ਉਡਾਰੀਆਂ ਭਰਦਾ ਰਿਹਾ।

***

ਟਰੰਪ ਪ੍ਰਸ਼ਾਸਨ ਤੋਂ ਬਾਹਰ ਆਉਂਦਿਆਂ ਹੀ

ਹਰਮੀਤ ਕੌਰ ਢਿੱਲੋਂ ਅਤੇ ਪਰਿਵਾਰ ਬਾਰੇ

ਚੰਡੀਗੜ੍ਹ ਵਿੱਚ 2 ਅਪ੍ਰੈਲ 1969 ਨੂੰ ਜਨਮੀ ਹਰਮੀਤ ਕੌਰ ਢਿੱਲੋਂ ਬਚਪਨ ਵਿੱਚ ਹੀ ਆਪਣੇ ਪਰਿਵਾਰ ਨਾਲ ਅਮਰੀਕਾ ਚਲੇ ਗਏ ਸਨ। ਉਨ੍ਹਾਂ ਨੇ ਡਾਰਟਮਾਊਥ ਕਾਲਜ ਅਤੇ ਵਰਜੀਨੀਆ ਯੂਨੀਵਰਸਿਟੀ ਦੇ ਲਾਅ ਸਕੂਲ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ ਅਤੇ ਬਾਅਦ ਵਿੱਚ ਅਮਰੀਕਾ ਦੀ ਇੱਕ ਚੋਟੀ ਦੀ ਵਕੀਲ ਬਣੀ।

ਉਨ੍ਹਾਂ ਦੇ ਮਰਹੂਮ ਪਤੀ ਸਰਵਜੀਤ ਸਿੰਘ ਰੰਧਾਵਾ ਇੱਕ ਸੇਵਾਮੁਕਤ ਪ੍ਰਮਾਣੂ ਇੰਜੀਨੀਅਰ ਸਨ। ਦੋਵਾਂ ਦਾ ਵਿਆਹ ਫਰਵਰੀ 2011 ਵਿੱਚ ਹੋਇਆ ਸੀ ਅਤੇ ਇਹ ਸਾਥ 13 ਸਾਲ ਤੋਂ ਵੱਧ ਸਮਾਂ ਰਿਹਾ। ਰੰਧਾਵਾ ਤੋਂ ਪਹਿਲਾਂ ਹਰਮੀਤ ਦੇ ਦੋ ਹੋਰ ਵਿਆਹ ਹੋਏ ਸਨ, ਜੋ ਕ੍ਰਮਵਾਰ 1991 ਅਤੇ 2004 ਵਿੱਚ ਤਲਾਕ ਨਾਲ ਖ਼ਤਮ ਹੋਏ ਸਨ। ਹਰਮੀਤ ਢਿੱਲੋਂ ਨੇ ਸਾਫ਼ ਕਰ ਦਿੱਤਾ ਹੈ ਕਿ ਮੁਸ਼ਕਿਲਾਂ ਅਤੇ ਸਿਆਸੀ ਵਿਰੋਧ ਦੇ ਬਾਵਜੂਦ ਉਹ ਆਪਣੇ ਧਰਮ ਅਤੇ ਸੱਚ ਦੇ ਰਾਹ ਤੋਂ ਪਿੱਛੇ ਨਹੀਂ ਹਟੇਗੀ।

***

ਮਾਨਵਤਾ ਦੀ ਨਿਸਵਾਰਥ ਸੇਵਾ

ਕੌਵੈਂਟਰੀ ਦੇ ਲਾਰਡ ਮੇਅਰ ਵੱਲੋਂ ਵਿਸ਼ੇਸ਼ ਸਨਮਾਨ

ਇਸ ਮਹਾਨ ਸੇਵਾ ਨੂੰ ਮਾਨਤਾ ਦਿੰਦਿਆਂ ਕੌਵੈਂਟਰੀ ਦੇ ਲਾਰਡ ਮੇਅਰ, ਰੋਜ਼ਰ ਬੇਲੀ ਨੇ ਆਪਣੇ ਹੱਥੀਂ ਇੰਦਰਜੀਤ ਜੁਗਦੀ ਅਤੇ ਅਵਤਾਰ ਕੌਰ ਨੂੰ 'ਗੁੱਡ ਸਿਟੀਜ਼ਨ ਐਵਾਰਡ' ਨਾਲ ਸਨਮਾਨਿਤ ਕੀਤਾ। ਇਸ ਮੌਕੇ ਬੋਲਦਿਆਂ ਲਾਰਡ ਮੇਅਰ ਨੇ ਕਿਹਾ ਕਿ ਪਿਛਲੇ ਇੱਕ ਦਹਾਕੇ ਤੋਂ ਇਨ੍ਹਾਂ ਦੋਵਾਂ ਨੇ ਆਪਣਾ ਕੀਮਤੀ ਸਮਾਂ, ਆਪਣੀ ਸਰੀਰਕ ਊਰਜਾ ਅਤੇ ਅਥਾਹ ਹਮਦਰਦੀ ਉਨ੍ਹਾਂ ਲੋਕਾਂ ਲਈ ਸਮਰਪਿਤ ਕੀਤੀ ਹੈ ਜੋ ਮੁਸ਼ਕਲ ਦੌਰ ਵਿੱਚੋਂ ਗੁਜ਼ਰ ਰਹੇ ਹਨ। ਇਨ੍ਹਾਂ ਦੀ ਬਦੌਲਤ ਕੌਵੈਂਟਰੀ ਸ਼ਹਿਰ ਦੇ ਹਜ਼ਾਰਾਂ ਨਾਗਰਿਕਾਂ ਨੂੰ ਨਾ ਸਿਰਫ਼ ਸਮੇਂ ਸਿਰ ਭੋਜਨ ਮਿਲਿਆ ਹੈ, ਸਗੋਂ ਉਨ੍ਹਾਂ ਨੂੰ ਇਹ ਅਹਿਸਾਸ ਵੀ ਹੋਇਆ ਹੈ ਕਿ ਸਮਾਜ ਵਿੱਚ ਕੋਈ ਹੈ ਜੋ ਉਨ੍ਹਾਂ ਦੀ ਪਰਵਾਹ ਕਰਦਾ ਹੈ।

ਪੂਰੀ ਦੁਨੀਆ ਲਈ ਪ੍ਰੇਰਣਾ ਸਰੋਤ

ਇੰਦਰਜੀਤ ਜੁਗਦੀ ਅਤੇ ਅਵਤਾਰ ਕੌਰ ਦੀ ਇਹ ਦਾਸਤਾਂ ਸਾਨੂੰ ਸਾਰਿਆਂ ਨੂੰ ਇਹ ਸਿਖਾਉਂਦੀ ਹੈ ਕਿ ਜੇਕਰ ਮਨ ਵਿੱਚ ਲੋਕਾਂ ਦੀ ਭਲਾਈ ਦਾ ਜਜ਼ਬਾ ਹੋਵੇ, ਤਾਂ ਇੱਕ ਛੋਟਾ ਜਿਹਾ ਕਦਮ ਵੀ ਸਮਾਜ ਵਿੱਚ ਬਹੁਤ ਵੱਡਾ ਬਦਲਾਅ ਲਿਆ ਸਕਦਾ ਹੈ। ਵਿਦੇਸ਼ਾਂ ਦੀ ਧਰਤੀ 'ਤੇ ਬੈਠ ਕੇ ਆਪਣੇ ਸੱਭਿਆਚਾਰ, ਆਪਣੇ ਧਰਮ ਦੇ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਹੋਇਆ ਮਾਨਵਤਾ ਦੀ ਸੇਵਾ ਕਰਨਾ ਪੂਰੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

***

ਗੁਰਦੁਆਰਿਆਂ 'ਤੇ ਹਮਲੇ ਰੋਕਣ ਵਿੱਚ

ਪੁਲਿਸ ਨੇ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਮੁੱਖ ਸੇਵਾਦਾਰ ਖ਼ਿਲਾਫ਼ ਅਪਰਾਧਿਕ ਮਾਮਲਾ ਦਰਜ ਕਰ ਲਿਆ ਗਿਆ ਹੈ। ਰਾਜੋਆਣਾ ਕਲਾਂ ਵਾਲੇ ਮਾਮਲੇ ਵਿੱਚ ਪੁਲਿਸ ਨੇ ਰਾਜ ਸਿੰਘ ਉਰਫ਼ ਰਾਜੂ ਨਾਂ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਮੁਤਾਬਕ ਇਹ ਹਮਲਾ ਡਰਾ-ਧਮਕਾ ਕੇ ਪੈਸੇ ਵਸੂਲਣ ਦੀ ਮਨਸ਼ਾ ਨਾਲ ਕੀਤਾ ਗਿਆ ਸੀ।

ਹਾਲਾਂਕਿ, ਇਹ ਮਾਮਲਾ ਉਦੋਂ ਹੋਰ ਪੇਚੀਦਾ ਹੋ ਗਿਆ ਜਦੋਂ ਗ੍ਰਿਫ਼ਤਾਰੀ ਦੇ ਕੁਝ ਹੀ ਘੰਟਿਆਂ ਬਾਅਦ ਰਾਜ ਸਿੰਘ ਦੀ ਪੁਲਿਸ ਹਿਰਾਸਤ ਵਿੱਚ ਮੌਤ ਹੋ ਗਈ। ਪਰਿਵਾਰ ਨੇ ਪੁਲਿਸ 'ਤੇ ਤਸ਼ੱਦਦ ਦੇ ਗੰਭੀਰ ਦੋਸ਼ ਲਾਏ ਸਨ, ਜਦੋਂ ਕਿ ਪੁਲਿਸ ਨੇ ਦਾਅਵਾ ਕੀਤਾ ਕਿ ਮੌਤ ਪਹਿਲਾਂ ਤੋਂ ਮੌਜੂਦ ਬਿਮਾਰੀ ਕਾਰਨ ਹੋਈ ਹੈ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਨਿਆਂਇਕ ਮੈਜਿਸਟ੍ਰੇਟ ਵੱਲੋਂ ਜਾਂਚ ਦੇ ਹੁਕਮ ਦਿੱਤੇ ਗਏ ਸਨ। ਅੰਤਰਰਾਸ਼ਟਰੀ ਪੱਧਰ 'ਤੇ ਇਨ੍ਹਾਂ ਘਟਨਾਵਾਂ ਨੂੰ ਧਾਰਮਿਕ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਵਜੋਂ ਪੇਸ਼ ਕੀਤਾ ਗਿਆ।

ਭਾਰਤ ਸਰਕਾਰ ਦਾ ਪ੍ਰਤੀਕਰਮ

ਭਾਰਤ ਸਰਕਾਰ ਨੇ ਅਮਰੀਕੀ ਕਮਿਸ਼ਨ ਦੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਕਹਿਣਾ ਹੈ ਕਿ ਇਹ ਸੰਸਥਾ ਅਕਸਰ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਬੇਲੋੜੀ ਦਖਲਅੰਦਾਜ਼ੀ ਕਰਦੀ ਹੈ ਅਤੇ ਜ਼ਮੀਨੀ ਹਕੀਕਤਾਂ ਨੂੰ ਜਾਣੇ ਬਿਨਾਂ ਮਨਘੜਤ ਏਜੰਡੇ ਤਹਿਤ ਬਿਆਨਬਾਜ਼ੀ ਕਰਦੀ ਹੈ। ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ, ਜਿੱਥੇ ਸੰਵਿਧਾਨ ਹਰ ਨਾਗਰਿਕ ਨੂੰ ਆਪਣੀ ਪਸੰਦ ਦੇ ਧਰਮ ਦੀ ਪਾਲਣਾ ਕਰਨ ਅਤੇ ਪ੍ਰਚਾਰ ਕਰਨ ਦੀ ਪੂਰੀ ਅਜ਼ਾਦੀ ਦਿੰਦਾ ਹੈ। ਕਿਸੇ ਬਾਹਰੀ ਦੇਸ਼ ਜਾਂ ਵਿਦੇਸ਼ੀ ਏਜੰਸੀ ਨੂੰ ਭਾਰਤ ਦੇ ਧਾਰਮਿਕ ਮਾਮਲਿਆਂ 'ਤੇ ਉਪਦੇਸ਼ ਦੇਣ ਦਾ ਕੋਈ ਹੱਕ ਨਹੀਂ ਹੈ। ਪੰਜਾਬ ਵਿੱਚ ਵਾਪਰੀਆਂ ਘਟਨਾਵਾਂ ਨਿਰੋਲ ਅਪਰਾਧਿਕ ਜਾਂ ਨਿੱਜੀ ਹਿੱਤਾਂ ਨਾਲ ਜੁੜੀਆਂ ਸਨ, ਜਿਨ੍ਹਾਂ ਵਿੱਚ ਕਾਨੂੰਨ ਅਨੁਸਾਰ ਤੁਰੰਤ ਕਾਰਵਾਈ ਕੀਤੀ ਗਈ ਅਤੇ ਦੋਸ਼ੀਆਂ ਨੂੰ ਫੜਿਆ ਗਿਆ ਸੀ।

ਦੂਜੇ ਪਾਸੇ ਅਮਰੀਕੀ ਕਮਿਸ਼ਨ ਵੱਲੋਂ ਲਗਾਤਾਰ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਪਾਉਣ ਦੀਆਂ ਸਿਫਾਰਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਭਾਰਤ ਨੇ ਇਨ੍ਹਾਂ ਸਾਲਾਨਾ ਰਿਪੋਰਟਾਂ ਨੂੰ ਹਮੇਸ਼ਾ ਰੱਦ ਕੀਤਾ ਹੈ ਅਤੇ ਇਨ੍ਹਾਂ ਨੂੰ ਇੱਕ ਖ਼ਾਸ ਸਿਆਸੀ ਨਜ਼ਰੀਏ ਤੋਂ ਪ੍ਰੇਰਿਤ ਦੱਸਿਆ ਹੈ। ਇਸ ਤੋਂ ਇਲਾਵਾ, ਇਸ ਕਮਿਸ਼ਨ ਦੀਆਂ ਸਿਫਾਰਸ਼ਾਂ ਖ਼ੁਦ ਅਮਰੀਕੀ ਵਿਦੇਸ਼ ਮੰਤਰਾਲੇ ਲਈ ਵੀ ਕਾਨੂੰਨੀ ਤੌਰ 'ਤੇ ਲਾਜ਼ਮੀ ਨਹੀਂ ਹੁੰਦੀਆਂ।

ਸਿੱਖ ਜਥੇਬੰਦੀਆਂ ਅਤੇ ਆਗੂਆਂ ਦਾ ਕੀ ਕਹਿਣਾ ਹੈ?

ਸਿੱਖ ਜਥੇਬੰਦੀਆਂ, ਧਾਰਮਿਕ ਆਗੂ ਅਤੇ ਸੰਗਤ ਇਸ ਪੂਰੇ ਘਟਨਾਕ੍ਰਮ ਨੂੰ ਬੇਹੱਦ ਸੰਵੇਦਨਸ਼ੀਲ ਨਜ਼ਰੀਏ ਨਾਲ ਦੇਖ ਰਹੇ ਹਨ। ਪੰਥਕ ਧਿਰਾਂ ਦਾ ਮੰਨਣਾ ਹੈ ਕਿ ਸਿੱਖ ਪੰਥ ਲਈ ਗੁਰੂ ਘਰ ਸਰਬੱਤ ਦੇ ਭਲੇ ਅਤੇ ਸ਼ਾਂਤੀ ਦੇ ਕੇਂਦਰ ਹਨ। ਕਿਸੇ ਵੀ ਗੁਰਦੁਆਰਾ ਸਾਹਿਬ ਅੰਦਰ ਗੋਲੀਬਾਰੀ ਹੋਣੀ ਜਾਂ ਸ਼ਰਾਰਤੀ ਅਨਸਰਾਂ ਵੱਲੋਂ ਦਾਖਲ ਹੋ ਕੇ ਦਹਿਸ਼ਤ ਫੈਲਾਉਣੀ ਸਿੱਖ ਮਾਨਸਿਕਤਾ ਨੂੰ ਗਹਿਰੀ ਸੱਟ ਮਾਰਦੀ ਹੈ। ਅਜਿਹੀਆਂ ਹਰਕਤਾਂ ਪੰਜਾਬ ਦਾ ਅਮਨ-ਕਾਨੂੰਨ ਭੰਗ ਕਰਨ ਦੀ ਸਾਜ਼ਿਸ਼ ਹਨ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਸ ਪਿੱਛੇ ਛੁਪੀਆਂ ਏਜੰਸੀਆਂ ਜਾਂ ਗਰੁੱਪਾਂ ਦਾ ਪਰਦਾਫਾਸ਼ ਹੋਣਾ ਚਾਹੀਦਾ ਹੈ ਜੋ ਪੰਜਾਬ ਅੰਦਰ ਮੁੜ ਅਸਥਿਰਤਾ ਪੈਦਾ ਕਰਨਾ ਚਾਹੁੰਦੇ ਹਨ। ਮੁਲਜ਼ਮ ਦੀ ਪੁਲਿਸ ਹਿਰਾਸਤ ਵਿੱਚ ਮੌਤ ਹੋਣ ਤੋਂ ਬਾਅਦ ਉਸ ਦੇ ਪਰਿਵਾਰ ਨੇ ਵੀ ਪੁਲਿਸ ਤਸ਼ੱਦਦ ਦੇ ਗੰਭੀਰ ਦੋਸ਼ ਲਾਉਂਦਿਆਂ ਨਿਆਂ ਦੀ ਮੰਗ ਕੀਤੀ ਸੀ। ਹੁਣ ਮੈਜਿਸਟ੍ਰੇਟ ਵੱਲੋਂ ਜਾਂਚ ਦੇ ਹੁਕਮ ਦਿੱਤੇ ਗਏ ਸਨ।

***

ਆਸਟ੍ਰੇਲੀਆ ਦੀ ਸੰਸਦ 'ਚ ਗੂੰਜਿਆ ਸਿੱਖ

ਯੂਨਾਈਟਿਡ ਸਿੱਖਸ ਸੰਸਥਾ ਨੇ ਸੰਸਦ ਮੈਂਬਰ ਵੱਲੋਂ ਆਵਾਜ਼ ਉਠਾਉਣ ਦਾ ਸਵਾਗਤ ਕੀਤਾ ਹੈ। ਸੰਸਥਾ ਨੇ ਇਸ ਨਸਲਵਾਦੀ ਹਮਲੇ ਨੂੰ ਸਿੱਖ ਵਿਅਕਤੀ ਦੇ ਸਤਿਕਾਰ ਅਤੇ ਧਾਰਮਿਕ ਪਛਾਣ ਉੱਤੇ ਸਿੱਧਾ ਹਮਲਾ ਕਰਾਰ ਦਿੱਤਾ।

ਇਸ ਘਟਨਾ ਦੀ ਸ਼ਿਕਾਇਤ ਪੱਛਮੀ ਆਸਟ੍ਰੇਲੀਆ ਪੁਲਿਸ ਕੋਲ ਦਰਜ ਕਰਵਾ ਦਿੱਤੀ ਗਈ ਹੈ ਅਤੇ ਪੁਲਿਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਸੰਸਥਾ ਨੇ ਮੰਗ ਕੀਤੀ ਹੈ ਕਿ ਨਫ਼ਰਤੀ ਹਮਲੇ ਦੇ ਪੱਖ ਨੂੰ ਧਿਆਨ ਵਿੱਚ ਰੱਖ ਕੇ ਦੋਸ਼ੀ ਦੀ ਪਛਾਣ ਕੀਤੀ ਜਾਵੇ ਅਤੇ ਸਖ਼ਤ ਕਾਰਵਾਈ ਹੋਵੇ।

***

ਯੂ.ਕੇ. ਵਿੱਚ ਨੌਕਰੀ ਛੁੱਟਣ 'ਤੇ

ਇਸ ਤੋਂ ਇਲਾਵਾ, ਸਰਕਾਰ ਨੇ 'ਹਾਈ ਪੋਟੈਂਸ਼ੀਅਲ ਇੰਡੀਵਿਜੁਅਲ' ਸਕੀਮ ਦਾ ਦਾਇਰਾ ਵਧਾ ਦਿੱਤਾ ਹੈ। ਇਸ ਨਾਲ ਦੁਨੀਆ ਦੀਆਂ ਚੋਟੀ ਦੀਆਂ ਵਿਦੇਸ਼ੀ ਯੂਨੀਵਰਸਿਟੀਆਂ ਤੋਂ ਪੜ੍ਹੇ ਹੁਨਰਮੰਦ ਨੌਜਵਾਨਾਂ ਲਈ ਬਿਨਾਂ ਕਿਸੇ ਸਪਾਂਸਰਸ਼ਿਪ ਦੇ ਯੂਕੇ ਵਿੱਚ ਆ ਕੇ ਕੰਮ ਕਰਨ ਦੇ ਹੋਰ ਰਾਹ ਖੁੱਲ੍ਹਣਗੇ। ਇਮੀਗ੍ਰੇਸ਼ਨ ਮਾਹਿਰ ਸ਼ਾਰਾ ਪਲੇਜ਼ਰ ਅਨੁਸਾਰ, ਇਸ ਫ਼ੈਸਲੇ ਤੋਂ ਸਾਫ਼ ਹੈ ਕਿ ਸਰਕਾਰ ਗਲੋਬਲ ਦੌੜ ਵਿੱਚ ਟਿਕੇ ਰਹਿਣ ਲਈ ਵਿਦੇਸ਼ੀ ਪ੍ਰਤਿਭਾ ਨੂੰ ਜ਼ਰੂਰੀ ਮੰਨਦੀ ਹੈ। ਬਾਹਰੋਂ ਕਾਮੇ ਸੱਦਣ ਵਾਲੀਆਂ ਕੰਪਨੀਆਂ ਨੂੰ ਵੀ ਸਰਕਾਰ ਨੇ ਕੁਝ ਰਾਹਤ ਦਿੱਤੀ ਹੈ। ਕਾਮਿਆਂ ਦੀ ਘਾਟ ਵਾਲੇ ਖੇਤਰਾਂ ਲਈ ਬਸੰਤ 2027 ਤੋਂ ਕਿੱਤੇ ਮੁਤਾਬਕ ਤਨਖ਼ਾਹ ਦੀ ਸ਼ਰਤ ਘਟਾਈ ਜਾਵੇਗੀ। ਹਾਲਾਂਕਿ, ਸਪਾਂਸਰਸ਼ਿਪ ਲਈ ਘੱਟੋ-ਘੱਟ ਆਮ ਤਨਖ਼ਾਹ ਦੀ ਹੱਦ (॥41,700) 2026 ਦੇ ਔਸਤ ਵਾਧੇ ਅਨੁਸਾਰ ਹੋਰ ਵਧੇਗੀ। ਜੇਕਰ ਕਿਸੇ ਹੁਨਰਮੰਦ ਸਪਾਂਸਰਡ ਕਾਮੇ ਦੀ ਨੌਕਰੀ ਚਲੀ ਜਾਂਦੀ ਹੈ, ਤਾਂ ਉਸ ਨੂੰ ਨਵਾਂ ਸਪਾਂਸਰ ਜਾਂ ਵੀਜ਼ਾ ਲੱਭਣ ਲਈ ਪਹਿਲਾਂ ਮਿਲਦੇ 60 ਦਿਨਾਂ ਦੀ ਬਜਾਏ ਹੁਣ ਪੂਰੇ 6 ਮਹੀਨਿਆਂ ਦਾ ਸਮਾਂ ਮਿਲੇਗਾ। ਇਸ ਨਾਲ ਕਾਮਿਆਂ ਨੂੰ ਤੁਰੰਤ ਦੇਸ਼ ਛੱਡਣ ਦੀ ਲੋੜ ਨਹੀਂ ਪਵੇਗੀ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਕੰਪਨੀਆਂ ਵੱਲੋਂ ਅਦਾ ਕੀਤੀ ਜਾਂਦੀ ਇਮੀਗ੍ਰੇਸ਼ਨ ਸਕਿੱਲਜ਼ ਚਾਰਜ ਅਤੇ ਸਰਟੀਫਿਕੇਟ ਆਫ਼ ਸਪਾਂਸਰਸ਼ਿਪ ਫ਼ੀਸ ਨੂੰ ਕਰਮਚਾਰੀ ਦੇ ਟੈਕਸਯੋਗ ਲਾਭ ਵਜੋਂ ਨਹੀਂ ਗਿਣਿਆ ਜਾਵੇਗਾ।

***

ਦੁਨੀਆ ਦੀਆਂ ਸਭ ਤੋਂ ਖ਼ੂਬਸੂਰਤ ਔਰਤਾਂ

ਨਾਲ ਭਰਪੂਰ ਆਕਰਸ਼ਣ ਪੈਦਾ ਕਰਦੀਆਂ ਹਨ। ਉੱਤਰ-ਪੂਰਬੀ ਰਾਜਾਂ ਦੀਆਂ ਔਰਤਾਂ ਆਪਣੇ ਮਾਸੂਮ ਚਿਹਰੇ, ਨਿੱਖਰੀ ਚਮੜੀ ਅਤੇ ਸਾਦਗੀ ਲਈ ਜਾਣੀਆਂ ਜਾਂਦੀਆਂ ਹਨ। ਦੱਖਣੀ ਭਾਰਤ (ਕੇਰਲ ਤੇ ਤਾਮਿਲਨਾਡੂ) ਵਿੱਚ ਸੰਘਣੇ ਕਾਲੇ ਵਾਲ, ਡੂੰਘੀਆਂ ਅੱਖਾਂ ਅਤੇ ਕਾਂਜੀਵਰਮ ਸਾੜ੍ਹੀਆਂ ਵਾਲਾ ਰਵਾਇਤੀ ਰੂਪ ਖਿੱਚ ਦਾ ਕੇਂਦਰ ਬਣਦਾ ਹੈ। ਬੰਗਾਲੀ ਔਰਤਾਂ ਦੀਆਂ ਵੱਡੀਆਂ ਭਾਵਪੂਰਤ ਅੱਖਾਂ ਅਤੇ ਕਲਾਤਮਕ ਅੰਦਾਜ਼ ਉਨ੍ਹਾਂ ਨੂੰ ਬਾਕੀਆਂ ਨਾਲੋਂ ਬਿਲਕੁਲ ਵੱਖਰੀ ਪਛਾਣ ਦਿੰਦਾ ਹੈ।

ਖ਼ੂਬਸੂਰਤ ਔਰਤਾਂ ਦੀ ਚੋਣ ਦਾ ਪੈਮਾਨਾ ਕੀ ਹੈ?

ਸੁੰਦਰਤਾ ਦਾ ਕੋਈ ਇੱਕ ਪੱਕਾ ਪੈਮਾਨਾ ਨਹੀਂ ਹੁੰਦਾ, ਇਹ ਕਈ ਪਹਿਲੂਆਂ 'ਤੇ ਨਿਰਭਰ ਕਰਦੀ ਹੈ। ਜਿੱਥੇ ਵਿਗਿਆਨ ਚਿਹਰੇ ਦੇ ਸੰਤੁਲਨ (ਗੋਲਡਨ ਰੇਸ਼ੋ) ਨੂੰ ਪਰਖਦਾ ਹੈ, ਉੱਥੇ ਹੀ ਕੌਮਾਂਤਰੀ ਸੁੰਦਰਤਾ ਮੁਕਾਬਲਿਆਂ ਵਿੱਚ ਜਿੱਤਾਂ ਦਾ ਰਿਕਾਰਡ ਵੀ ਦੇਸ਼ਾਂ ਦੀ ਰੈਂਕਿੰਗ ਤੈਅ ਕਰਦਾ ਹੈ। ਅੱਜ ਖ਼ੂਬਸੂਰਤੀ ਸਿਰਫ਼ ਚਮੜੀ ਦੇ ਰੰਗ ਤੱਕ ਸੀਮਤ ਨਹੀਂ, ਸਗੋਂ ਬੁੱਧੀ, ਆਤਮ-ਵਿਸ਼ਵਾਸ ਅਤੇ ਸਮਾਜਿਕ ਪ੍ਰਭਾਵ ਇਸ ਦਾ ਅਹਿਮ ਹਿੱਸਾ ਹਨ। ਇਸ ਤੋਂ ਇਲਾਵਾ, ਹਰ ਸੱਭਿਆਚਾਰ ਦੀ ਆਪਣੀ ਪਸੰਦ ਹੁੰਦੀ ਹੈ—ਪੱਛਮ ਵਿੱਚ ਐਥਲੈਟਿਕ ਦਿੱਖ ਨੂੰ ਅਤੇ ਏਸ਼ੀਆ ਵਿੱਚ ਕੋਮਲਤਾ ਤੇ ਸਾਫ਼ ਰੰਗਤ ਨੂੰ ਤਰਜੀਹ ਮਿਲਦੀ ਹੈ।

ਸਮਾਜ ਸ਼ਾਸਤਰੀਆਂ ਅਤੇ ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੀਆਂ ਸੂਚੀਆਂ ਨੂੰ ਪੂਰਨ ਵਿਗਿਆਨਕ ਸੱਚਾਈ ਨਹੀਂ ਮੰਨਿਆ ਜਾ ਸਕਦਾ। ਮਾਈਟੂਰ ਦੀ ਰਿਪੋਰਟ ਵਿੱਚ ਵੀ ਕੋਈ ਵਿਸ਼ਾਲ ਗਲੋਬਲ ਸਰਵੇਖਣ ਡੈਟਾ ਜਾਂ ਸਪੱਸ਼ਟ ਸਕੋਰਿੰਗ ਫਾਰਮੂਲਾ ਨਹੀਂ ਦੱਸਿਆ ਗਿਆ। ਉਦਾਹਰਣ ਵਜੋਂ, ਜਿੱਥੇ ਮਾਈਟੂਰ ਨੇ ਰੂਸ ਨੂੰ ਪਹਿਲਾ ਦਰਜਾ ਦਿੱਤਾ, ਉੱਥੇ ਹੀ ਵਰਲਡ ਪਾਪੂਲੇਸ਼ਨ ਰਿਵਿਊ ਦੇ ਇੱਕ ਸਰਵੇਖਣ ਵਿੱਚ ਕੋਲੰਬੀਆ ਨੂੰ ਸਿਖਰ 'ਤੇ ਅਤੇ ਰੂਸ ਨੂੰ ਚੌਥੇ ਨੰਬਰ 'ਤੇ ਰੱਖਿਆ ਗਿਆ ਸੀ।

***

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਮੇਟੀ ਨੇ ਗੱਲਬਾਤ ਤੋਂ

ਪਰ ਇਹ ਰਣਨੀਤੀ ਲੰਮੇ ਸਮੇਂ ਲਈ ਸੂਬੇ ਲਈ ਘਾਤਕ ਹੈ। ਜਿਵੇਂ ਕਿ ਇਤਿਹਾਸ ਗਵਾਹ ਹੈ, ਪੰਜਾਬ ਨੇ ਹਮੇਸ਼ਾ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸਿਰਦਾਰ ਕਪੂਰ ਸਿੰਘ ਵਰਗੇ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੇ ਆਗੂ ਪੈਦਾ ਕੀਤੇ ਹਨ। ਅੱਜ ਅਜਿਹੇ ਆਗੂਆਂ ਦਾ ਕਾਲ ਪੈ ਗਿਆ ਹੈ ਜੋ ਕੁਰਸੀ ਗੁਆ ਕੇ ਵੀ ਸੱਚ ਦੇ ਨਾਲ ਖੜ੍ਹੇ ਰਹਿਣ ਦੀ ਜੁਰਅਤ ਰੱਖਦੇ ਹੋਣ।

ਸਰਦਾਰ ਗੁਰਤੇਜ ਸਿੰਘ ਆਈ.ਏ.ਐਸ. ਦਾ ਕਹਿਣਾ ਹੈ ਕਿ ਮੌਜੂਦਾ ਦਲ-ਬਦਲੂ ਅਤੇ ਸੱਤਾ ਦੇ ਭੁੱਖੇ ਲੀਡਰਾਂ ਦੇ ਦੌਰ ਵਿੱਚ ਪੰਥਕ ਸਿਆਸਤ ਦਾ ਭਵਿੱਖ ਗੰਭੀਰ ਸੰਕਟ ਅਤੇ ਵਿਚਾਰਧਾਰਕ ਦੀਵਾਲੀਆਪਨ ਵਿੱਚੋਂ ਲੰਘ ਰਿਹਾ ਹੈ। ਜਿਹੜੇ ਆਗੂ ਕੱਲ੍ਹ ਤੱਕ ਬਾਦਲ ਪਰਿਵਾਰ ਨੂੰ ਪੰਥ ਦਾ ਦੋਸ਼ੀ ਦੱਸ ਕੇ ਸੁਧਾਰ ਦੇ ਦਾਅਵੇ ਕਰ ਰਹੇ ਸਨ, ਉਹ ਅੱਜ ਕੁਰਸੀ ਅਤੇ ਟਿਕਟਾਂ ਦੀ ਲਾਲਸਾ ਵਿੱਚ ਮੁੜ ਪੁਰਾਣੇ ਰਾਹਾਂ ਜਾਂ ਭਾਜਪਾ-ਕਾਂਗਰਸ ਵਰਗੀਆਂ ਦਿੱਲੀ ਦੀਆਂ ਪਾਰਟੀਆਂ ਵੱਲ ਭੱਜ ਰਹੇ ਹਨ। ਇਸ ਬੇਅਸੂਲੀ ਸਿਆਸਤ ਨੇ ਸਿੱਖਾਂ ਦੀ ਸਿਰਮੌਰ ਖੇਤਰੀ ਤਾਕਤ ਅਤੇ ਸਰਵਉੱਚ ਸੰਸਥਾਵਾਂ ਦੀ ਸਾਖ਼ ਨੂੰ ਵੱਡੀ ਸੱਟ ਮਾਰੀ ਹੈ, ਜਿਸ ਕਾਰਨ ਬੰਦੀ ਸਿੰਘਾਂ, ਪੰਜਾਬ ਦੇ ਪਾਣੀਆਂ, ਕਿਸਾਨੀ ਅਤੇ ਸੰਘੀ ਢਾਂਚੇ ਵਰਗੇ ਗੰਭੀਰ ਪੰਥਕ ਮੁੱਦੇ ਹਾਸ਼ੀਏ 'ਤੇ ਧੱਕੇ ਗਏ ਹਨ। ਰਵਾਇਤੀ ਲੀਡਰਸ਼ਿਪ ਪੂਰੀ ਤਰ੍ਹਾਂ ਬੇਭਰੋਸਗੀ ਦੀ ਸ਼ਿਕਾਰ ਹੋ ਚੁੱਕੀ ਹੈ ਅਤੇ ਲੋਕਾਂ ਦੀਆਂ ਨਜ਼ਰਾਂ ਵਿੱਚ ਆਪਣਾ ਵਜੂਦ ਗੁਆ ਰਹੀ ਹੈ। ਪਰ ਇਹ ਦੌਰ ਇੱਕ ਵੱਡੀ ਸਿਆਸੀ ਛਾਂਟੀ ਦਾ ਵੀ ਹੈ; ਪੰਥ ਦਾ ਸਿਆਸੀ ਵਜੂਦ ਉਦੋਂ ਹੀ ਬਚੇਗਾ ਜਦੋਂ ਸੰਗਤ ਇਨ੍ਹਾਂ ਮੌਕਾਪ੍ਰਸਤ ਚਿਹਰਿਆਂ ਨੂੰ ਸਿਰੇ ਤੋਂ ਨਕਾਰ ਕੇ ਨਵੀਂ, ਪੜ੍ਹੀ-ਲਿਖੀ, ਨਿਰਸਵਾਰਥ ਅਤੇ 'ਮੀਰੀ-ਪੀਰੀ' ਦੇ ਅਸਲ ਸਿਧਾਂਤਾਂ 'ਤੇ ਪਹਿਰਾ ਦੇਣ ਵਾਲੀ ਨੌਜਵਾਨ ਲੀਡਰਸ਼ਿਪ ਨੂੰ ਅੱਗੇ ਲਿਆਵੇਗੀ, ਨਹੀਂ ਤਾਂ ਪੰਥਕ ਰਾਜਨੀਤੀ ਕੇਵਲ ਦਿੱਲੀ ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਕੇ ਰਹਿ ਜਾਵੇਗੀ।

ਸਿਆਸੀ ਮਾਹਿਰ ਡਾਕਟਰ ਪਰਮਜੀਤ ਸਿੰਘ ਮਾਨਸਾ ਕਹਿਣਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਸਿਰਫ਼ ਸਰਕਾਰ ਬਦਲਣ ਦੀਆਂ ਚੋਣਾਂ ਨਹੀਂ ਹੋਣਗੀਆਂ, ਸਗੋਂ ਇਹ ਦਲ-ਬਦਲੂਆਂ ਅਤੇ ਮੌਕਾਪ੍ਰਸਤ ਸਿਆਸਤ ਲਈ ਪੰਜਾਬ ਦੇ ਲੋਕਾਂ ਵੱਲੋਂ ਦਿੱਤਾ ਜਾਣ ਵਾਲਾ ਇੱਕ ਵੱਡਾ ਫ਼ਤਵਾ ਹੋਣਗੀਆਂ। ਜੇਕਰ ਪੰਜਾਬ ਨੇ ਆਪਣੇ ਬੁਨਿਆਦੀ ਹੱਕਾਂ ਦੀ ਰਾਖੀ ਕਰਨੀ ਹੈ, ਤਾਂ ਵੋਟਰਾਂ ਨੂੰ ਦਲ-ਬਦਲੂ ਨੇਤਾਵਾਂ ਤੋਂ ਇਹ ਸਵਾਲ ਪੁੱਛਣਾ ਹੀ ਪਵੇਗਾ ਕਿ ਪਾਰਟੀ ਦਾ ਝੰਡਾ ਬਦਲਣ ਨਾਲ ਉਨ੍ਹਾਂ ਦੇ ਪੰਜਾਬ ਪ੍ਰਤੀ ਵਾਅਦੇ ਅਤੇ ਨੀਤੀਆਂ ਕਿਵੇਂ ਬਦਲ ਗਈਆਂ।

RAISING VOICE FOR TRUTH
ਹੋਕਾ TV
HOKA TV
(ਹੋਕਾ ਟੀ.ਵੀ.)

ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store
GET IT ON Google Play

ਹੋਰ ਜਾਣਕਾਰੀ ਲਈ ਵੇਖੋ
https://hokatv.com/guest/home